SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 31
November 9, 2022
Postal Address Desh Doaba 5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ 13 ਨਵੰਬਰ 2022 ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਮਨਾਉਣ ਜਾ ਰਹੀ ਹੈ। ਇਸ ਦਰਮਿਆਨ ਦਿਨ ਸ਼ਨਿਚਰਵਾਰ 12 ਨਵੰਬਰ ਨੂੰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ ਸਵੇਰੇ 6 ਵਜੇ ਪ੍ਰਭਾਤ ਫੇਰੀ ਆਰੰਭ ਹੋਵੇਗੀ। **ਹੋਰ ਜਾਣਕਾਰੀ ਅੰਦਰ ਦੇਖੋ ਜੀ।**

# ਯੂਬਾ ਸਿਟੀ, (ਕੈਲੀਫੋਰਨੀਆ) ਵਿਚ ਵਿਸ਼ਾਲ ਨਗਰ ਕੀਰਤਨ ਤੇ ਧਾਰਮਿਕ ਸਮਾਗਮਾਂ 'ਚ ਸਵਾ ਲੱਖ ਤੋਂ ਵੱਧ ਸੰਗਤਾਂ ਨੇ ਦੂਰੋਂ ਨੇੜਿਓਂ ਸ਼ਮੂਲੀਅਤ ਕੀਤੀ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸੈਕਰਾਮੈਂਟੋ ਲਾਗੇ ਯੂਬਾ ਸਿਟੀ ਵਿਚ ਕੱਢੇ ਗਏ 43 ਵੇਂ ਨਗਰ ਕੀਰਤਨ ਤੇ ਕਈ ਹਫਤਿਆਂ ਤੋਂ ਚੱਲ ਰਹੇ ਧਾਰਮਿਕ ਸਮਾਗਮਾਂ ਦੌਰਾਨ ਕਰੀਬ ਸਵਾ ਲੱਖ ਤੋਂ ਵੱਧ ਸੰਗਤਾਂ ਨੇ ਸਮੂਲੀਅਤ ਕੀਤੀ। ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿਚ ਹੋਣ ਵਾਲੇ ਇਸ ਨਗਰ ਕੀਰਤਨ ਦੀਆਂ ਤਿਆਰੀਆਂ ਕਰੀਬ ਇੱਕ ਮਹੀਨੇ ਸ਼ੁਰੂ ਸਨ ਤੇ ਇਸ ਦੌਰਾਨ ਧਾਰਮਿਕ ਕਾਰਜ ਦੌਰਾਨ ਹਰ ਰੋਜ ਕੀਰਤਨ ਦਰਬਾਰ ਹੁੰਦਾ ਸੀ ਤੇ ਇਨਾਂ ਧਾਰਮਿਕ ਕਾਰਜਾਂ ਨੂੰ ਨੇਪਰੇ ਚਾੜਨ ਲਈ ਸੰਗਤ ਨੇ ਭਾਰੀ ਉਤਸ਼ਾਹ ਨਾਲ ਵੱਖ ਵੱਖ ਤਰਾਂ ਦੀ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਅਖ਼ੀਰਲੇ ਦਿਨ ਨਗਰ ਕੀਰਤਨ ਸਜਾਏ ਗਏ ਇਸ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਇਨਾਂ ਧਾਰਮਿਕ ਦਿਵਾਨਾਂ ਤੇ ਨਗਰ ਕੀਰਤਨ ਵਿਚ ਵਿਸ਼ਾਲ ਸੰਗਤਾਂ ਨੇ ਹਾਜਰੀ ਭਰੀ। ਪਿਛਲੇ ਹਫਤੋਂ ਤੋਂ ਵੱਖ ਵੱਖ ਪ੍ਰੋਗਰਾਮਾਂ ਚ ਆਤਿਸ਼ਬਾਜੀ ਹੋਈ, ਸ੍ਰੀ ਨਿਸ਼ਾਨ **(ਬਾਕੀ ਸਫਾ 12 'ਤੇ)**

## ਬੌਬੀ ਸਿੰਘ ਐਲਨ ਐਲਕ ਗਰੋਵ ਸਿਟੀ ਦੇ ਦੁਬਾਰਾ ਮੇਅਰ ਚੁਣੇ ਗਏ



## ਕੈਲੀਫੋਰਨੀਆ 'ਚ ਜਸਮੀਤ ਕੌਰ ਬੈਂਸ ਬਣੀ ਪਹਿਲੀ ਪੰਜਾਬੀ ਅਸੈਂਬਲੀ ਮੈਂਬਰ



(ਸਬੰਧਿਤ ਖਬਰਾਂ ਦੇਖੋ ਸਫਾ 16 'ਤੇ)

# ਰੂਸ-ਯੂਕਰੇਨ ਯੁੱਧ ਰੁਕਣ ਦੇ ਆਸਾਰ ਵਧੇ, ਗੱਲਬਾਤ ਲਈ ਸਹਿਮਤੀ



**ਮਾਸਕੋ (ਬਿਊਰੋ)**- ਕ੍ਰੇਮਲਿਨ ਨੇ ਸੋਮਵਾਰ ਨੂੰ ਵਾਲ ਸਟਰੀਟ ਜਰਨਲ ਦੀ ਇਕ ਰਿਪੋਰਟ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਕ ਅਮਰੀਕੀ ਅਧਿਕਾਰੀ ਨੇ ਰੂਸ-ਯੂਕਰੇਨ ਯੁੱਧ ਅਤੇ ਇਸ ਨੂੰ ਵਧਣ ਤੋਂ ਰੋਕਣ ਲਈ ਚੋਟੀ ਦੇ ਰੂਸੀ ਅਧਿਕਾਰੀਆਂ ਨਾਲ ਗੁਪਤ ਤੌਰ 'ਤੇ ਗੱਲਬਾਤ ਕੀਤੀ ਸੀ। ਵਾਲ ਸਟਰੀਟ ਜਰਨਲ ਦੀ ਰਿਪੋਰਟ ਮੁਤਾਬਕ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਸਹਿਯੋਗੀਆਂ ਨਾਲ ਗੱਲਬਾਤ ਕੀਤੀ ਹੈ। ਯੂਕਰੇਨ ਵਿੱਚ ਯੁੱਧ ਦੇ ਵਧਣ ਅਤੇ ਪ੍ਰਮਾਣੂ ਹਥਿਆਰਾਂ ਵੱਲ ਜਾਣ ਦੇ ਜੋਖਮ ਨੂੰ ਘਟਾਉਣ ਲਈ।

**ਕ੍ਰੇਮਲਿਨ ਨੇ ਰਿਪੋਰਟ 'ਤੇ ਟਿੱਪਣੀ ਕਰਨ ਤੋਂ ਇਨਕਾਰ ਕੀਤਾ**

ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਮੀਡੀਆ ਨੂੰ ਕਿਹਾ, 'ਅਸੀਂ ਇਸ ਰਿਪੋਰਟ ਬਾਰੇ ਕੁਝ ਨਹੀਂ ਕਹਾਂਗੇ।' ਉਸ ਨੇ ਕਿਹਾ, 'ਮੈਂ ਇਕ ਵਾਰ ਫਿਰ ਦੁਹਰਾਉਂਦਾ ਹਾਂ ਕਿ ਕੁਝ ਰਿਪੋਰਟਾਂ ਵਿਚ ਸੱਚਾਈ ਹੈ, ਪਰ ਜ਼ਿਆਦਾਤਰ ਖ਼ਬਰਾਂ ਸਿਰਫ ਅਟਕਲਾਂ ਹਨ। ਉਸ ਨੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਜਾਂ ਪ੍ਰਕਾਸ਼ਨ ਨਾਲ ਸੰਪਰਕ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਰੂਸ ਹਮੇਸ਼ਾ ਗੱਲਬਾਤ ਲਈ ਤਿਆਰ ਰਹਿੰਦਾ ਹੈ ਪਰ ਕੀਵ ਵੱਲੋਂ ਰੂਸ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਨ ਕਾਰਨ ਅਸੀਂ ਗੱਲਬਾਤ ਕਰਨ ਤੋਂ ਅਸਮਰੱਥ ਹਾਂ। ਦਮਿਤਰੀ ਪੇਸਕੋਵ ਨੇ ਕਿਹਾ ਕਿ ਹਾਲ ਹੀ ਦੇ ਮਹੀਨਿਆਂ ਵਿੱਚ ਅਮਰੀਕਾ ਅਤੇ ਰੂਸੀ ਅਧਿਕਾਰੀਆਂ ਵਿਚਕਾਰ ਕੁਝ ਉੱਚ-ਪੱਧਰੀ ਗੱਲਬਾਤ ਨੂੰ ਜਨਤਕ ਕੀਤਾ ਗਿਆ ਹੈ, ਕਿਉਂਕਿ ਵਾਸ਼ਿੰਗਟਨ ਜ਼ੋਰ ਦੇ ਰਿਹਾ ਹੈ ਕਿ ਯੂਕਰੇਨ ਵਿੱਚ ਜੰਗ ਨੂੰ ਖਤਮ ਕਰਨ ਲਈ ਮਾਸਕੋ ਅਤੇ ਕੀਵ ਵਿਚਕਾਰ ਗੱਲਬਾਤ ਹੋਣੀ ਚਾਹੀਦੀ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN Broker Realtor RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।





ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja SWEETS & CATERING





AUTHORIZED CATERER FOR
MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders





CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੈਂਗੜ


Super Eyebrow Threading Now Open
Eyebrow Threading & Henna Tattoo
7 times, Get 8th one free!





Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਐਲਨ ਮਸਕ ਵੱਲੋਂ ਖਰੀਦਿਆ ਟਵਿੱਟਰ ਪੂਰੀ ਦੁਨੀਆ 'ਚ ਕਰਦਾ ਝੂਠ ਦਾ ਪ੍ਰਚਾਰ-ਬਿਡੇਨ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਐਲੋਨ ਮਸਕ ਵੱਲੋਂ ਟਵਿਟਰ ਨੂੰ ਖਰੀਦਣ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਚਿੰਤਤ ਹਾਂ ਕਿ ਐਲੋਨ ਮਸਕ ਨੇ ਦੁਨੀਆ ਭਰ ਵਿੱਚ ਝੂਠ ਬੋਲਣ ਵਾਲੀ ਸੰਸਥਾ (ਟਵਿਟਰ) ਨੂੰ ਖਰੀਦ ਲਿਆ ਹੈ। ਅਮਰੀਕਾ ਵਿੱਚ ਹੁਣ ਕੋਈ ਸੰਪਾਦਕ ਨਹੀਂ ਹੈ। ਅਸੀਂ ਬੱਚਿਆਂ ਤੋਂ ਇਹ ਸਮਝਣ ਦੇ ਯੋਗ ਕਿਵੇਂ ਹੋ ਸਕਦੇ ਹਾਂ ਕਿ ਕੀ ਦਾਅ 'ਤੇ ਹੈ?

ਨਿਊਜ਼ ਏਜੰਸੀ ਰਾਇਟਰਜ਼ ਮੁਤਾਬਕ ਅਰਬਪਤੀ ਕਾਰੋਬਾਰੀ ਐਲਨ ਮਸਕ ਨੇ ਟਵਿਟਰ ਨੂੰ ਪੂਰੀ ਤਰ੍ਹਾਂ ਖਰੀਦ ਲਿਆ ਹੈ ਅਤੇ ਹੁਣ ਉਨ੍ਹਾਂ ਨੇ ਕਰਮਚਾਰੀਆਂ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਐਲੋਨ ਮਸਕ ਵੱਲੋਂ ਟਵਿੱਟਰ ਨੂੰ ਖਰੀਦਣ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਰਾਸ਼ਟਰਪਤੀ ਜੋ ਬਿਡੇਨ ਨੇ ਕਿਹਾ ਕਿ ਐਲੋਨ ਮਸਕ ਨੇ ਟਵਿੱਟਰ ਨੂੰ ਖਰੀਦ ਲਿਆ ਹੈ, ਸੋਸ਼ਲ ਮੀਡੀਆ ਪਲੇਟਫਾਰਮ ਜੋ ਦੁਨੀਆ ਭਰ ਵਿੱਚ ਝੂਠ ਫੈਲਾਉਂਦਾ ਹੈ।



**ਐਲਨ ਮਸਕ ਵੱਲੋਂ ਟਵਿੱਟਰ 'ਚ ਸਟਾਫ ਦੀ ਛਾਂਟੀ ਸ਼ੁਰੂ**

ਇਸ ਦੌਰਾਨ, ਐਲੋਨ ਮਸਕ ਨੇ ਟਵਿੱਟਰ ਤੋਂ ਸਟਾਫ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ। ਟਵਿੱਟਰ ਨੇ ਵਿਸ਼ਵ ਪੱਧਰ 'ਤੇ ਕਰਮਚਾਰੀਆਂ ਨੂੰ ਘਟਾਉਣ ਦੀ ਯੋਜਨਾ ਦੇ ਹਿੱਸੇ ਵਜੋਂ ਭਾਰਤ ਵਿੱਚ ਆਪਣੇ ਜ਼ਿਆਦਾਤਰ ਕਰਮਚਾਰੀਆਂ ਨੂੰ ਬਰਖਾਸਤ ਕਰ ਦਿੱਤਾ ਹੈ। ਇਸ ਛਾਂਟੀ ਤੋਂ ਪਹਿਲਾਂ, ਕੰਪਨੀ ਦੇ ਭਾਰਤ ਵਿੱਚ 200 ਤੋਂ ਵੱਧ ਕਰਮਚਾਰੀ ਕੰਮ ਕਰਦੇ ਸਨ। ਟਵਿੱਟਰ 'ਤੇ ਚੱਲ ਰਹੀ ਛਾਂਟੀ ਬਾਰੇ ਕੰਪਨੀ ਦੇ ਮੁਖੀ ਐਲੋਨ ਮਸਕ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਹੋਰ ਕੋਈ ਵਿਕਲਪ ਨਹੀਂ ਸੀ। ਉਨ੍ਹਾਂ ਨੇ ਟਵਿੱਟਰ 'ਤੇ ਛਾਂਟੀ ਦੀਆਂ ਖਬਰਾਂ 'ਤੇ ਮੋਹਰ ਲਗਾਈ ਹੈ।ਕੰਪਨੀ ਵੱਲੋਂ ਉਨ੍ਹਾਂ ਨੂੰ 3 ਮਹੀਨਿਆਂ ਦੀ ਤਨਖਾਹ ਦਿੱਤੀ ਗਈ ਹੈ ਜੋ ਕਿ ਕਾਨੂੰਨੀ ਲੋੜਾਂ ਤੋਂ 50 ਫੀਸਦੀ ਵੱਧ ਹੈ।

**ਐਲੋਨ ਮਸਕ 44 ਬਿਲੀਅਨ ਡਾਲਰ ਵਿੱਚ ਟਵਿੱਟਰ ਦੇ ਬੌਸ ਬਣੇ**

ਦਰਅਸਲ, ਐਲੋਨ ਮਸਕ ਨੇ 44 ਬਿਲੀਅਨ ਡਾਲਰ ਦਾ ਸੌਦਾ ਪੂਰਾ ਕਰਨ ਤੋਂ ਬਾਅਦ ਟਵਿਟਰ ਨੂੰ ਖਰੀਦ ਲਿਆ ਹੈ। ਦੁਨੀਆ ਦੇ ਮਸ਼ਹੂਰ ਅਰਬਪਤੀ ਅਤੇ ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਐਲੋਨ ਮਸਕ ਕੋਲ ਹੁਣ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਸੋਸ਼ਲ ਮੀਡੀਆ ਪਲੇਟਫਾਰਮ ਯਾਨੀ ਟਵਿੱਟਰ ਦੀ ਕਮਾਨ ਹੈ। ਅਤੀਤ ਵਿੱਚ, ਐਲੋਨ ਮਸਕ ਨੇ ਐਕਵਾਇਰ ਲਈ $ 44 ਬਿਲੀਅਨ ਸੌਦੇ ਨੂੰ ਪੂਰਾ ਕਰਨ ਤੋਂ ਤੁਰੰਤ ਬਾਅਦ ਆਪਣੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਪਰਾਗ ਅਗਰਵਾਲ, ਮੁੱਖ ਵਿੱਤੀ ਅਧਿਕਾਰੀ (ਸੀਐਫਓ) ਨੇਡ ਸੇਗਲ ਅਤੇ ਚੋਟੀ ਦੇ ਕਾਨੂੰਨੀ ਮਾਮਲਿਆਂ ਦੇ ਅਧਿਕਾਰੀ ਵਿਜੇ ਗਾਡੇ ਨੂੰ ਬਰਖਾਸਤ ਕਰ ਦਿੱਤਾ।

# ਅਰੁਣਾ ਮਿੱਲਰ ਬਣੀ ਪਹਿਲੀ ਭਾਰਤੀ ਅਮਰੀਕੀ ਲੈਫਟੀਨੈਂਟ ਗਵਰਨਰ

**ਵਾਸ਼ਿੰਗਟਨ–** ਭਾਰਤੀ-ਅਮਰੀਕੀ ਅਰੁਣਾ ਮਿੱਲਰ ਅਮਰੀਕਾ ਦੀ ਰਾਜਧਾਨੀ ਨਾਲ ਲੱਗਦੇ ਮੈਰੀਲੈਂਡ ਵਿੱਚ ਲੈਫਟੀਨੈਂਟ ਗਵਰਨਰ ਦਾ ਅਹੁਦਾ ਸੰਭਾਲਣ ਵਾਲੀ ਪਹਿਲੀ ਭਾਰਤੀ-ਅਮਰੀਕੀ ਸਿਆਸਤਦਾਨ ਬਣ ਗਈ ਹੈ। ਲੱਖਾਂ ਅਮਰੀਕੀ ਵੋਟਰਾਂ ਨੇ ਮੰਗਲਵਾਰ ਨੂੰ ਗਵਰਨਰ, ਰਾਜ ਦੇ ਸਕੱਤਰ ਅਤੇ ਹੋਰ ਦਫਤਰਾਂ ਦੇ ਮੁਖੀ ਦੀ ਚੋਣ ਕਰਨ ਲਈ ਵੋਟ ਦਿੱਤੀ ਸੀ।



# ਸਿੰਗਾਪੁਰ 'ਚ ਸਿੱਖਾਂ ਦੇ ਮੁੱਦੇ 'ਤੇ ਖੋਜ ਕਰਨ ਵਾਲੇ ਅਮਰਦੀਪ ਸਿੰਘ ਮਿਲਿਆ ਗੁਰੂ ਨਾਨਕ ਇੰਟਰਫੇਥ ਪੁਰਸਕਾਰ

**ਨਿਊਯਾਰਕ–** ਸਿੰਗਾਪੁਰ 'ਚ ਸਿੱਖਾਂ ਦੇ ਮੁੱਦੇ 'ਤੇ ਖੋਜ ਕਰਨ ਵਾਲੇ ਤੇ ਡਾਕੂਮੈਂਟਰੀ ਨਿਰਮਾਤਾ ਅਮਰਦੀਪ ਸਿੰਘ ਨੂੰ ਸਾਲ 2022 ਲਈ 'ਗੁਰੂ ਨਾਨਕ ਇੰਟਰਫੇਥ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਦੇ ਗੋਰਖਪੁਰ 'ਚ ਪੈਦਾ ਹੋਏ ਅਮਰਦੀਪ ਸਿੰਘ ਤੇ ਉਨ੍ਹਾਂ ਦੀ ਪਤਨੀ ਵਿਨਿੰਦਰ ਕੌਰ ਸਿੰਗਾਪੁਰ 'ਚ ਵਿਜ਼ੁਅਲ ਮੀਡੀਆ ਪ੍ਰੋਡਕਸ਼ਨ ਹਾਊਸ ਲਾਸਟ ਹੈਰੀਟੇਜ ਪ੍ਰੋਡਕਸ਼ਨਜ਼ ਚਲਾ ਰਹੇ ਹਨ।



ਨਿਊਯਾਰਕ ਦੀ ਹਾਫਸਟ੍ਰਾ ਯੂਨੀਵਰਸਿਟੀ ਵੱਲੋਂ ਦਿੱਤਾ ਜਾਂਦਾ 50 ਹਜ਼ਾਰ ਡਾਲਰ ਦਾ ਪੁਰਸਕਾਰ ਹਰ ਦੋ ਸਾਲਾਂ ਬਾਅਦ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਅੰਤਰ ਧਾਰਮਿਕ ਵਿਸ਼ਵਾਸ ਨੂੰ ਉਤਸ਼ਾਹਤ ਕਰਨ 'ਚ ਅਹਿਮ ਕਾਰਜਾਂ ਨੂੰ ਮਾਨਤਾ ਦਿੰਦਾ ਹੈ। ਨਿਊਯਾਰਕ ਦੇ ਬਰੁਕਵਿਲੇ 'ਚ ਈਸ਼ਰ ਬਿੰਦਰਾ ਪਰਿਵਾਰ ਵੱਲੋਂ 2006 'ਚ ਇਸ ਪੁਰਕਸਾਰ ਦੀ ਸਥਾਪਨਾ ਕੀਤੀ ਗਈ ਸੀ। ਅਮਰਦੀਪ ਦਾ ਪ੍ਰੋਡਕਸ਼ਨ ਹਾਊਸ ਭੁੱਲੀਆਂ ਵਿਸਰੀਆਂ ਵਿਰਾਸਤਾਂ ਦੇ ਖੋਜ ਤੇ ਰਿਕਾਰਡ ਤਿਆਰ ਕਰਨ 'ਤੇ ਕੇਂਦਰਤ ਹੈ। ਉਨ੍ਹਾਂ ਨੇ ਦੋ ਪੁਸਤਕਾਂ 'ਲਾਸਟ ਹੈਰੀਟੇਜ', 'ਦਿ ਸਿੱਖ ਲਿਗੈਸੀ ਇਨ ਪਾਕਿਸਤਾਨ' ਤੇ 'ਦਿ ਕੁਐਸਟ ਕੰਟੀਨਿਊ : ਲਾਸਟ ਹੈਰੀਟੇਜ', 'ਦਿ ਸਿੱਖ ਲਿਗੈਸੀ ਇਨ ਪਾਕਿਸਤਾਨ' ਲਿਖੀਆਂ ਹਨ।

# ਭਾਰਤ ਦੇ 50ਵੇਂ ਚੀਫ ਜਸਟਿਸ ਬਣੇ ਜਸਟਿਸ ਡੀਵਾਈ ਚੰਦਰਚੂੜ



**ਨਵੀਂ ਦਿੱਲੀ–** ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਜਸਟਿਸ ਡੀਵਾਈ ਚੰਦਰਚੂੜ ਭਾਰਤ ਦੇ 50ਵੇਂ ਚੀਫ ਜਸਟਿਸ ਬਣ ਗਏ ਹਨ। ਉਨ੍ਹਾਂ ਨੂੰ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਅਹੁਦੇ ਦੀ ਸਹੁੰ ਚੁਕਾਈ। ਜਸਟਿਸ ਡੀਵਾਈ ਚੰਦਰਚੂੜ 10 ਨਵੰਬਰ 2024 ਤਕ ਇਸ ਅਹੁਦੇ 'ਤੇ ਰਹਿਣਗੇ। ਉਨ੍ਹਾਂ ਨੇ ਜਸਟਿਸ ਉਦੈ ਉਮੇਸ਼ ਲਲਿਤ ਦੀ ਥਾਂ ਲਈ ਹੈ। ਜਸਟਿਸ ਡੀਵਾਈ ਚੰਦਰਚੂੜ ਨੂੰ 39 ਸਾਲ ਦੀ ਉਮਰ ਵਿਚ ਹੀ ਸੀਨੀਅਰ ਐਡਵੋਕੇਟ ਦਾ ਤਗਮਾ ਮਿਲ ਗਿਆ ਸੀ। ਆਮ ਤੌਰ 'ਤੇ 40 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਬੰਬੇ ਹਾਈ ਕੋਰਟ 'ਚ ਇਹ ਦਰਜਾ ਨਹੀਂ ਮਿਲਦਾ। ਅਮਰੀਕਾ ਤੋਂ ਭਾਰਤ ਵਾਪਸ ਆ ਕੇ ਉਨ੍ਹਾਂ ਨੇ ਬੰਬੇ ਹਾਈ ਕੋਰਟ ਵਿਚ ਵਕਾਲਤ ਕਰਨੀ ਸ਼ੁਰੂ ਕੀਤੀ।

# ਆਨੰਦ ਮੈਰਿਜ ਐਕਟ ਇੰਨ-ਬਿੰਨ ਲਾਗੂ ਕਰਾਂਗੇ: ਭਗਵੰਤ ਮਾਨ

**ਚੰਡੀਗੜ੍ਹ–** ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਆਨੰਦ ਮੈਰਿਜ ਐਕਟ ਨੂੰ ਬਿਨਾਂ ਕਿਸੇ ਦੇਰੀ ਤੋਂ ਇੰਨ-ਬਿੰਨ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਆਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਵਿੱਚ ਪੰਜਾਬ ਪੱਛੜਿਆ ਹੈ। ਇਸ ਦਾ ਨੋਟੀਫ਼ਿਕੇਸ਼ਨ ਕਈ ਵਰ੍ਹੇ ਪਹਿਲਾਂ ਹੋ ਗਿਆ ਸੀ ਪਰ ਇਸ ਨੂੰ ਪੰਜਾਬ ਵਿੱਚ ਪੂਰਨ ਰੂਪ ਵਿੱਚ ਅਮਲ 'ਚ ਨਹੀਂ ਲਿਆਂਦਾ ਗਿਆ। ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਮਗਰੋਂ ਟਵੀਟ ਕਰ ਕੇ ਇਸ ਫ਼ੈਸਲੇ ਨੂੰ ਜਨਤਕ ਕੀਤਾ।




SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਤ ਹੋਇਆ 43 ਵਾਂ ਮਹਾਨ ਨਗਰ ਕੀਰਤਨ


















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਅੰਦਰ ਪੰਜਾਬੀਅਤ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸ਼ਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਤ 43 ਵਾਂ ਨਗਰ ਕੀਰਤਨ ਬਹੁਤ ਹੀ ਚੜਦੀ ਕਲਾ ਵਿੱਚ ਸੰਪਨ ਹੋਇਆ। ਕੈਲੀਫੋਰਨੀਆਂ ਅੰਦਰ ਨਗਰ ਕੀਰਤਨ ਦੀ ਸੁਰੂਆਤ ਇਸੇ 'ਸਿੱਖ ਟੈਂਪਲ' ਤੋਂ ਹੋਈ ਸੀ। ਜਿਸ ਵਿੱਚ ਹਰ ਸਾਲ ਸੰਗਤਾਂ ਬਹੁ ਗਿਣਤੀ ਵਿੱਚ ਸਮੁੱਚੇ ਅਮਰੀਕਾ ਤੋਂ ਇਲਾਵਾ ਕਨੇਡਾ ਅਤੇ ਹੋਰ ਦੇਸ਼ਾਂ ਤੋਂ ਵੀ ਸਾਮਲ ਹੋਈਆ। ਇਹ ਨਗਰ ਕੀਰਤਨ ਹੁਣ ਅਨੰਦਪੁਰ ਸਾਹਿਬ ਦੇ ਹੌਲੇ-ਮੁਹ-ਾਲੇ ਵਾਲੇ ਸੰਗਤਾਂ ਦੇ ਭਾਰੀ ਇਕੱਠ ਦਾ ਰੂਪ ਧਾਰਨ ਕਰ ਚੁੱਕਾ ਹੈ। ਨਗਰ ਕੀਰਤਨ ਨਾਲ ਸੰਬੰਧਤ ਸਮਾਗਮ ਇੱਥੇ ਹਫਤਾ ਪਹਿਲਾ ਚਲ ਪੈਂਦੇ ਹਨ। ਜਿੰਨ੍ਹਾਂ ਵਿੱਚ ਰੋਜਾਨਾ ਧਰਮ ਪ੍ਰਚਾਰਕ ਅਤੇ ਕੀਰਤਨੀ ਜੱਥੇ ਹਾਜ਼ਰੀਆਂ ਭਰਦੇ ਹਨ। ਸੰਗਤਾਂ ਵੀ ਪਹਿਲਾ ਹੀ ਆ ਸਮਾਗਮਾ ਵਿੱਚ ਹਾਜ਼ਰੀਆ ਭਰਦੀਆਂ ਹਨ। ਨਗਰ ਕੀਰਤਨ ਦੀ ਸੁਰੂਆਤ ਰਿਵਾਇਤ ਅਨੁਸਾਰ ਅਮਰੀਕਾ ਅਤੇ ਕੈਲੀਫੋਰਨੀਆਂ ਦੇ ਝੰਡੇ ਨੂੰ ਸਨਮਾਨ ਦਿੰਦੇ ਹੋਏ ਅੱਗੇ ਸਥਾਨ ਦਿੱਤਾ ਗਿਆ। ਇਸ ਉਪਰੰਤ ਪੰਜ ਕੇਸ਼ਰੀ ਨਿਸ਼ਾਨ ਸਾਹਿਬ ਲੈ ਕੇ ਚਲਦੇ ਹੋਏ ਸਿੰਘ ਅਤੇ ਉਪਰੰਤ ਪੰਜ ਪਿਆਰੇ ਅਗਵਾਈ ਕਰ ਰਹੇ ਸਨ। ਇਸ ਬਾਅਦ ਬਹੁਤ ਹੀ ਖੂਬਸੂਰਤ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਸਨ। ਇਸ ਬਾਅਦ ਗੁਰਸਿੱਖੀ, ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਦੀਆਂ ਝਾਕੀਆਂ ਪੇਸ਼ ਕਰਦੇ ਫਲੋਟ ਵੀ ਚਲ ਰਹੇ ਸਨ। ਨਗਰ ਕੀਰਤਨ ਸਮੇਂ ਹੈਲੀਕਪਟਰ ਦੁਆਰਾ ਫੁੱਲਾਂ ਦੀ ਵਰਖਾ ਹੋ ਰਹੀ ਸੀ। ਸਮੁੱਚਾ ਵਾਤਾਵਰਨ ਕੇਸ਼ਰੀ, ਪੀਲੀਆਂ, ਨੀਲੀਆਂ ਅਤੇ ਹੋਰ ਰੰਗ ਬਰੰਗੀਆਂ ਚੁੰਨੀਆਂ ਅਤੇ ਦਸ਼ਤਾਰਾ ਨਾਲ ਸਜ਼ਿਆ ਨਵੇਂ ਪੰਜਾਬ ਦੀ ਤਸਵੀਰ ਪੇਸ਼ ਕਰ ਰਿਹਾ ਸੀ। ਥਾਂ-ਥਾਂ ਲੱਗੇ ਲੰਗਰ ਸੰਗਤਾਂ ਲਈ ਵੰਨ ਸਵੰਨੇ ਖਾਣੇ ਸੇਵਾ ਕਰ ਰਹੇ ਸਨ।

ਇਸ ਸਾਲ ਨਗਰ ਕੀਰਤਨ ਵਿੱਚ ਸੰਗਤਾਂ ਦੀ ਗਿਣਤੀ ਡੇਢ ਲੱਖ ਤੋਂ ਵਧੀਕ ਜਾਪ ਰਹੀ ਸੀ। ਪੂਰਾ ਯੂਬਾ ਸਿਟੀ ਖਾਲਸਾਈ ਰੰਗ ਵਿੱਚ ਰੰਗਿਆ ਪਿਆ ਸੀ। ਇੱਥੋਂ ਦੇ ਗੋਰੇ ਅਤੇ ਮੈਕਸ਼ੀਕਨ ਮੂਲ ਦੇ ਲੋਕ ਵੀ ਪੰਜਾਬੀ ਪਹਿਰਾਵੇ ਵਿੱਚ ਇਸ ਨਗਰ ਕੀਰਤਨ ਦਾ ਅਨੰਦ ਮਾਣ ਰਹੇ ਸਨ।

ਇਸੇ ਤਰਾਂ ਨਗਰ ਕੀਰਤਨ ਦੌਰਾਨ ਸਿੱਖ ਨੌਜਵਾਨਾਂ ਵਿੱਚ ਪੰਜਾਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਦੁਆਰਾ ਚਲਾਈ ਮੁਹਿੰਮ ਦਾ ਕਾਫੀ ਅਸਰ ਦੇਖਣ ਨੂੰ ਮਿਲਿਆ। ਦੂਰ-ਦੁਰਾਡੇ ਤੋਂ ਪਹੁੰਚੀਆਂ ਸੰਗਤਾਂ ਦੀ ਰਿਹਾਇਸ, ਸੁਰੱਖਿਆਂ, ਗੱਡੀਆਂ ਦੀ ਪਾਰਕਿੰਗ ਅਤੇ ਲੰਗਰਾਂ ਦੇ ਪ੍ਰਬੰਧ ਵਧੀਆਂ ਕੀਤੇ ਹੋਏ ਸਨ। ਨਗਰ ਕੀਰਤਨ ਦੌਰਾਨ ਰਸਤੇ ਦੇ ਦੋਨੋ ਪਾਸੇ ਖਾਣਿਆ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਸਟਾਲ ਵੀ ਲੱਗੇ ਹੋਏ ਸਨ। ਅੰਤ ਯੂਬਾ ਸ਼ਿਟੀ ਸ਼ਹਿਰ ਦੇ ਮਿੱਥੇ ਪੈਡੇ ਦੀ ਪ੍ਰਕਰਮਾ ਕਰਦਾ ਹੋਇਆ ਨਗਰ ਕੀਰਤਨ ਗੁਰੂਘਰ ਪਹੁੰਚ ਸਮਾਪਤ ਹੋਣ 'ਤੇ ਯਾਦਗਾਰੀ ਹੋ ਨਿਬੜਿਆਂ।

# ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਜ਼ੂਰੀ ਰਾਗੀ ਭਾਈ ਗੁਰਨਾਮ ਸਿੰਘ ਜੀ, ਭਾਈ ਓਮਪਾਲ ਸਿੰਘ ਜੀ ਨੂੰ ਨਿੱਘੀ ਨੂੰ ਵਿਦਾਇਗੀ ਦਿੱਤੀ

ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਜ਼ੂਰੀ ਰਾਗੀ ਭਾਈ ਗੁਰਨਾਮ ਸਿੰਘ ਜੀ, ਬੀਤੇ 8 ਸਾਲਾਂ ਤੋਂ ਬਾਖੂਬੀ ਸੇਵਾ ਨਿਭਾਅ ਰਹੇ ਸਨ। ਮਿਤੀ 6 ਨਵੰਬਰ 2022 ਨੂੰ ਆਖਰੀ ਵਾਰ ਭਾਈ ਓਮਪਾਲ ਸਿੰਘ ਜੀ ਅਤੇ ਭਾਈ ਗੁਰਨਾਮ ਸਿੰਘ ਜੀ ਦਾ ਗੁਰੂ ਰਵਿਦਾਸ ਟੈਂਪਲ ਵਿਖੇ ਆਖਰੀ ਕੀਰਤਨ ਦੀ ਸੇਵਾ ਨਿਭਾਉਣ ਉਪਰੰਤ ਉਹਨਾਂ ਨੂੰ ਅਤੇ ਜਥੇ ਨੂੰ ਵਿਦਾਇਗੀ ਦੇਣ ਲਈ ਸੰਗਤਾਂ ਹੁੰਮ-ਹੁੰਮਾ ਕੇ ਪਹੁੰਚੀਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀਮਾਨ ਵਿਨੋਦ ਕੁਮਾਰ, ਸਕੱਤਰ ਧਰਮਪਾਲ, ਰਮੇਸ਼ ਸੁੰਮਨ, ਜਗਤਾਰ ਸਿੰਘ ਭਾਟੀਆ, ਓ. ਪੀ. ਬਾਲੀ, ਚੇਅਰਪਰਸਨ ਕੁਲਵੰਤ ਕੌਰ ਬੰਗਾ, ਸੁਨੀਤਾ ਬੰਗੜ, ਅਭਿਸ਼ੇਕ ਪਾਲ ਜੀ, ਨਿਰੰਜਨ ਸਿੰਘ, ਸੁਰਿੰਦਰ ਰੱਤੂ, ਨਰੇਸ਼ ਕੁਮਾਰ, ਕਸ਼ਮੀਰੀ ਭਾਟੀਆ, ਬੀਬੀ ਗਿਆਨ ਕੌਰ ਸੁੰਮਨ, ਸੱਤਿਆਮਤੀ ਰੱਤੂ, ਬੀਬੀ ਗਿਆਨ ਕੌਰ ਰੱਤੂ ਅਤੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਭਾਈ ਸਾਹਿਬ ਜੀ ਦੇ ਜਥੇ ਨੂੰ ਵਿਦਾਇਗੀ ਦਿੱਤੀ ਗਈ। ਹੁਣ ਇਸ ਜਥੇ ਦੀ ਥਾਂ ਨਵਾਂ ਕੀਰਤਨੀ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ, ਭਾਈ ਸਤਿੰਦਰ ਸਿੰਘ ਜੀ, ਭਾਈ ਕਰ-ਮਜੀਤ ਸਿੰਘ ਜੀ ਜੋ ਕਿ ਗੁਰੂ ਰਵਿਦਾਸ ਟੈਂਪਲ ਵਿਖੇ ਕੀਰਤਨੀ ਅਤੇ ਗ੍ਰੰਥੀ ਦੀ ਸੇਵਾ ਨਿਭਾਉਣਗੇ। ਭਾਈ ਸਾਹਿਬ ਬਲਵਿੰਦਰ ਸਿੰਘ ਜੀ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਹੈਡ ਗ੍ਰੰਥੀ ਅਤੇ ਹੈਡ ਕੀਰਤਨੀ ਦੀ ਸੇਵਾ ਨਿਭਾਉਣਗੇ।

ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਦੇ ਸਮੂਹ ਜਥੇ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ ਜੋ ਕਿ ਸਮੂਹ ਪ੍ਰਬੰਧਕ ਕਮੇਟੀ ਨੇ ਬਹੁਤ ਜ਼ਿਆਦਾ ਮਿਹਨਤ ਕਰਕੇ, ਭਾਈ ਸਾਹਿਬ ਜੀ ਦੇ ਜਥੇ ਨੂੰ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਬਖਸ਼ਿਸ਼ ਕੀਤੀ ਹੈ।

ਇਸ ਸਮੇਂ ਜੁੜੀ ਹੋਈ ਸਮੂਹ ਸਾਧ ਸੰਗਤ ਦਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸੈਕਟਰੀ ਧਰਮਪਾਲ ਜੀ ਵੱਲੋਂ ਧੰਨਵਾਦ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ਼ਨਿਚਰਵਾਰ ਨੂੰ ਸਵੇਰੇ ਪ੍ਰਭਾਤ ਫੇਰੀ ਵੀ ਕੱਢੀ ਜਾਵੇਗੀ।

ਗੁਰੂ ਘਰ ਦੇ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਵੱਲੋਂ ਪ੍ਰਬੰਧਕ ਕਮੇਟੀ ਵੱਲੋਂ ਸਿੰਘ ਸਾਹਿਬਾਨਾਂ ਦਾ ਗੁਰੂ ਘਰ ਦੀ ਬਿਹਤਰੀਨ ਸੇਵਾ ਕਰਨ ਲਈ ਅਤੀ ਧੰਨਵਾਦ ਕੀਤਾ ਗਿਆ।









## ਜ਼ਿਮਨੀ ਚੋਣਾਂ- ਭਾਜਪਾ ਨੇ ਜਿੱਤੀਆਂ 4 ਸੀਟਾਂ

ਨਵੀਂ ਦਿੱਲੀ- ਭਾਰਤ ਦੇ 6 ਰਾਜਾਂ ਦੀਆਂ 7 ਵਿਧਾਨ ਸਭਾ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਭਾਰਤੀ ਜਨਤਾ ਪਾਰਟੀ ਲਈ ਖੁਸ਼ੀ ਲੈ ਕੇ ਆਏ ਹਨ। ਐਤਵਾਰ ਨੂੰ ਹੋਈ ਇਸ ਜ਼ਿਮਨੀ ਚੋਣ 'ਚ ਵੋਟਾਂ ਦੀ ਗਿਣਤੀ 'ਚ ਭਾਜਪਾ ਨੇ ਉੱਤਰ ਪ੍ਰਦੇਸ਼ ਦੀ ਗੋਲਾ ਗੋਕਰਨਾਥ ਵਿਧਾਨ ਸਭਾ ਸੀਟ, ਹਰਿਆਣਾ ਦੀ ਆਦਮਪੁਰ ਸੀਟ ਅਤੇ ਬਿਹਾਰ ਦੀ ਇਕ ਗੋਪਾਲਗੰਜ ਸੀਟ 'ਤੇ ਜਿੱਤ ਹਾਸਲ ਕੀਤੀ। ਓਡੀਸ਼ਾ ਦੇ ਭਦਰਕ



ਜ਼ਿਲ੍ਹੇ ਵਿੱਚ, ਭਗਵਾ ਪਾਰਟੀ ਨੇ ਧਾਮਨਗਰ ਉਪ-ਚੋਣਾਂ ਵਿੱਚ ਆਪਣਾ ਦਬਦਬਾ ਜਾਰੀ ਰੱਖਿਆ, ਸੱਤਾਧਾਰੀ ਤੇਲੰਗਾਨਾ ਰਾਸ਼ਟਰ ਸਮਿਤੀ (ਨੂੰ ਸਖ਼ਤ ਟੱਕਰ ਦੇਣ ਤੋਂ ਬਾਅਦ ਤੇਲੰਗਾਨਾ ਵਿੱਚ ਮੁਨੁਗੋਡੇ ਸੀਟ ਹਾਰ ਗਈ।

**ਓਡੀਸ਼ਾ ਦੀ ਧਾਮਨਗਰ ਸੀਟ 'ਤੇ ਭਾਜਪਾ ਦੀ ਸਰਦਾਰੀ ਕਾਇਮ**

ਓਡੀਸ਼ਾ ਦੀ ਧਾਮਨਗਰ ਵਿਧਾਨ ਸਭਾ ਸੀਟ ਭਾਜਪਾ ਨੇ ਆਪਣੇ ਕੋਲ ਬਰਕਰਾਰ ਰੱਖੀ ਹੈ। ਚੋਣ ਕਮਿਸ਼ਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਭਾਜਪਾ ਉਮੀਦਵਾਰ ਨੇ ਆਪਣੇ ਨੇੜਲੇ ਬੀਜੇਡੀ ਵਿਰੋਧੀ ਨੂੰ 9881 ਵੋਟਾਂ ਦੇ ਫਰਕ ਨਾਲ ਹਰਾਇਆ।

**ਤੇਲੰਗਾਨਾ ਦੀ ਮੁਨੁਗੋਡੇ ਸੀਟ ਤੋਂ ਭਾਜਪਾ ਉਮੀਦਵਾਰ ਨੇ ਕਬੂਲੀ ਹਾਰ**

ਬੀਜੇਪੀ ਉਮੀਦਵਾਰ ਰਾਜਗੋਪਾਲ ਰੈੱਡੀ ਨੇ ਤੇਲੰਗਾਨਾ ਦੀ ਮੁਨੁਗੋਡੇ ਸੀਟ ਦੀ ਉਪ ਚੋਣ ਵਿੱਚ ਆਪਣੀ ਹਾਰ ਸਵੀਕਾਰ ਕਰ ਲਈ ਹੈ। ਹਾਲਾਂਕਿ ਉਨ੍ਹਾਂ ਨੇ ਟੀਆਰਐਸ ਦੀ ਜਿੱਤ ਨੂੰ ਅਧਰਮੀ ਕਰਾਰ ਦਿੱਤਾ। ਇੱਥੇ 12 ਗੇੜਾਂ ਦੀ ਗਿਣਤੀ ਪੂਰੀ ਹੋਣ 'ਤੇ ਟੀਆਰਐਸ ਨੂੰ 81825 ਵੋਟਾਂ ਮਿਲੀਆਂ, ਜਦਕਿ ਭਾਜਪਾ ਨੂੰ 74225 ਵੋਟਾਂ ਮਿਲੀਆਂ, ਜਦਕਿ ਕਾਂਗਰਸ 21218 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੀ।

**ਡੀਸ਼ਾ ਉਪ-ਚੋਣਾਂ: ਧਾਮਨਗਰ ਸੀਟ 'ਤੇ ਭਾਜਪਾ ਦੀ ਮਜ਼ਬੂਤ ਪਕੜ**

ਐਤਵਾਰ ਨੂੰ ਧਾਮਨਗਰ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਵੋਟਾਂ ਦੀ ਗਿਣਤੀ ਜਾਰੀ ਰਹਿਣ ਦੌਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਸੂਰਿਆਵੰਸ਼ੀ ਸੂਰਜ ਨੇ ਓਡੀਸ਼ਾ ਦੇ ਭਦਰਕ ਜ਼ਿਲ੍ਹੇ 'ਚ ਬੀਜੂ ਜਨਤਾ ਦਲ (ਬੀਜੇਡੀ) ਦੇ ਉਮੀਦਵਾਰ ਅਤੇ ਉਨ੍ਹਾਂ ਦੇ ਨਜ਼ਦੀਕੀ ਵਿਰੋਧੀ ਅੰਬਾਤੀ ਦਾਸ ਨੂੰ 6,755 ਵੋਟਾਂ ਨਾਲ ਹਰਾਇਆ ਹੈ। ਲਿਆ। ਚੋਣ ਕਮਿਸ਼ਨ ਮੁਤਾਬਕ 13ਵੇਂ ਗੇੜ ਦੀ ਗਿਣਤੀ ਤੋਂ ਬਾਅਦ ਸੂਰਜ ਨੂੰ 58,332 ਅਤੇ ਦਾਸ ਨੂੰ 51,577 ਵੋਟਾਂ ਮਿਲੀਆਂ ਹਨ। ਦੂਜੇ ਪਾਸੇ ਕਾਂਗਰਸੀ ਉਮੀਦਵਾਰ ਬਾਬਾ ਹਰਕ੍ਰਿਸ਼ਨ ਸੇਠੀ ਨੂੰ 2602 ਵੋਟਾਂ ਮਿਲੀਆਂ।

ਇਕ ਚੋਣ ਅਧਿਕਾਰੀ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ ਲਈ ਤਿੰਨ ਪੱਧਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। 3 ਨਵੰਬਰ ਨੂੰ ਧਾਮਨਗਰ ਵਿਧਾਨ ਸਭਾ ਸੀਟ ਦੀ ਉਪ ਚੋਣ ਲਈ 68।98 ਫੀਸਦੀ ਪੋਲਿੰਗ ਹੋਈ ਸੀ। ਇਹ ਸੀਟ 19 ਸਤੰਬਰ ਨੂੰ ਭਾਜਪਾ ਵਿਧਾਇਕ ਬਿਸ਼ਨੂ ਚਰਨ ਸੇਠੀ ਦੀ ਮੌਤ ਕਾਰਨ ਖਾਲੀ ਹੋਈ ਸੀ।

**ਬਿਹਾਰ ਉਪ ਚੋਣ: ਆਰਜੇਡੀ ਗੋਪਾਲਗੰਜ ਸੀਟ 2000 ਤੋਂ ਘੱਟ ਵੋਟਾਂ ਨਾਲ ਹਾਰੀ**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਐਤਵਾਰ ਨੂੰ ਬਿਹਾਰ ਦੀ ਗੋਪਾਲਗੰਜ ਵਿਧਾਨ ਸਭਾ ਸੀਟ 'ਤੇ ਉਪ ਚੋਣ ਜਿੱਤ ਕੇ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਨੂੰ ਜ਼ਿਮਨੀ ਚੋਣ ਵਿਚ ਹਰਾ ਕੇ ਆਪਣੀ ਪਕੜ ਬਰਕਰਾਰ ਰੱਖੀ। ਵਿਧਾਇਕ ਸੁਭਾਸ਼ ਸਿੰਘ ਦੀ ਮੌਤ ਕਾਰਨ ਇਸ ਸੀਟ 'ਤੇ ਉਪ ਚੋਣ ਜ਼ਰੂਰੀ ਹੋ ਗਈ ਸੀ। ਸਿੰਘ ਦੀ ਪਤਨੀ ਅਤੇ ਭਾਜਪਾ ਉਮੀਦਵਾਰ ਕੁਸੁਮ ਦੇਵੀ ਨੂੰ 70,032 ਵੋਟਾਂ ਮਿਲੀਆਂ, ਜਦੋਂ ਕਿ ਰਾਸ਼ਟਰੀ ਜਨਤਾ ਦਲ ਦੇ ਮੋਹਨ ਗੁਪਤਾ ਨੂੰ 68,243 ਵੋਟਾਂ ਮਿਲੀਆਂ।

ਅਸਦੁਦੀਨ ਓਵੈਸੀ ਦੀ ਆਲ ਇੰਡੀਆ ਮਜਲਿਸ-ਏ-ਇਤੇਹਾਦ-ਉਲ ਮੁਸਲਿਮੀਨ (ਏਆਈਐਮਆਈਐਮ) ਅਤੇ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ (ਬੀਐਸਪੀ), ਜਿਸ 'ਤੇ ਆਰਜੇਡੀ ਦੁਆਰਾ ਅਕਸਰ ਭਾਜਪਾ ਦੀ 'ਬੀ ਟੀਮ' ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ, ਕ੍ਰਮਵਾਰ ਤੀਜੇ ਅਤੇ ਚੌਥੇ ਸਥਾਨ 'ਤੇ ਰਹੇ ਅਤੇ 20,000 ਤੋਂ ਵੱਧ ਵੋਟਾਂ ਹਾਸਲ ਕੀਤੀਆਂ।

**ਆਦਮਪੁਰ ਸੀਟ ਤੋਂ ਭਾਜਪਾ ਉਮੀਦਵਾਰ ਨੇ ਕੀਤਾ ਧੰਨਵਾਦ**

ਹਰਿਆਣਾ ਦੀ ਆਦਮਪੁਰ ਵਿਧਾਨ ਸਭਾ ਸੀਟ ਤੋਂ ਜਿੱਤਣ ਤੋਂ ਬਾਅਦ ਭਾਜਪਾ ਉਮੀਦਵਾਰ ਭਵਿਆ ਬਿਸ਼ਨੋਈ ਨੇ ਜਨਤਾ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, 'ਮੈਂ ਆਦਮਪੁਰ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਕ ਵਾਰ ਫਿਰ ਸਾਡੇ ਪਰਿਵਾਰ ਨੂੰ ਸੰਭਾਲਣ ਲਈ ਕੰਮ ਕੀਤਾ ਹੈ ਅਤੇ ਜਾਤ-ਪਾਤ ਦੇ ਨਾਂ 'ਤੇ ਰਾਜਨੀਤੀ ਕਰਨ ਵਾਲਿਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਹੈ।

## ਸੀਨੀਅਰ ਪੱਤਰਕਾਰ ਦਵਿੰਦਰ ਪਾਲ ਦੇ ਸਪੁੱਤਰ ਅਰਸ਼ ਦੇ ਵਿਛੋੜੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ੋਕ ਸਭਾ

**ਜਲੰਧਰ–** ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਅਤੇ ਦੇਸ਼ ਭਗਤ ਯਾਦਗਾਰ ਹਾਲ ਪਰਿਵਾਰ ਨਾਲ ਚਿਰਾਂ ਤੋਂ ਜੁੜੇ ਦਵਿੰਦਰ ਪਾਲ ਦੇ ਛੋਟੇ ਸਪੁੱਤਰ ਅਰਸ਼ ਸ਼ਰਮਾ (25) ਦੀ ਸੜਕ ਹਾਦਸੇ 'ਚ ਹੋਈ ਬੇਵਕਤੀ ਅਤੇ ਹਿਰਦੇਵੇਦਕ ਮੌਤ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸ਼ੋਕ ਸਭਾ ਨੇ ਦਵਿੰਦਰ ਪਾਲ ਦੇ ਪਰਿਵਾਰ ਨਾਲ ਗਹਿਰੇ ਦੁੱਖ 'ਚ ਸ਼ਰੀਕ ਹੁੰਦਿਆਂ ਸਦਾ ਪਰਿਵਾਰ ਦੇ ਅੰਗ ਸੰਗ ਖੜ੍ਹੇ ਹੋਣ ਦਾ ਭਰੋਸਾ ਦਿੱਤਾ।

ਉਹਨਾਂ ਕਿਹਾ ਕਿ ਸੜਕਾਂ ਉਪਰ ਚੜ੍ਹਦੇ ਸੂਰਜ ਵਾਪਰਦੇ ਦਰਦਨਾਕ ਹਾਦਸੇ ਅਚਨਚੇਤ ਵਾਪਰੇ ਵਰਤਾਰੇ ਜਾਂ ਲੇਖਾਂ ਦੇ ਖੇਲ੍ਹ ਨਹੀਂ ਸਗੋਂ ਵਿਗਿਆਨਕ ਵਿਚਾਰਾਂ ਕਰਦਿਆਂ ਪਤਾ ਲੱਗਦਾ ਹੈ ਕਿ ਇਸ ਦੇ ਕਾਰਨ, ਸਮਾਜਕ ਅਤੇ ਸਾਡੇ ਗਲ਼ੇ ਸੜੇ ਪ੍ਰਬੰਧਕੀ ਤਾਣੇ-ਬਾਣੇ ਅੰਦਰ ਸਮੋਏ ਹਨ।

ਉਹਨਾਂ ਕਿਹਾ ਕਿ 17 ਨਵੰਬਰ ਦਿਨੇ 12 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34-ਡੀ, ਚੰਡੀਗੜ੍ਹ ਵਿਖੇ ਅਰਸ਼ ਦੀ ਹੋ ਰਹੀ ਅੰਤਿਮ ਅਰਦਾਸ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਸ਼ਾਮਲ ਹੋਏਗੀ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ, ਪ੍ਰੋ. ਗੋਪਾਲ ਸਿੰਘ ਬੁੱਟਰ, ਪ੍ਰਿਥੀਪਾਲ ਮਾੜੀਮੇਘਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਵਿਜੈ ਬੰਬੇਲੀ ਅਤੇ ਹਰਮੇਸ਼ ਮਾਲੜੀ ਨੇ ਵੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਪੰਜਾਬ ਵਿੱਚ ਸੜਕਾਂ ਉਪਰ ਪੰਜਾਬੀਆਂ ਦਾ ਖ਼ੂਨ ਡੋਲਿਆ ਅਤੇ ਰੈਲੀਆਂ ਵਿਚ ਪੰਜਾਬੀਆ ਦੀਆ ਪੱਗਾਂ ਗਿਰਾਈਆ ਜਾ ਰਹੀਆਂ - ਜਸਵੀਰ ਸਿੰਘ ਗੜ੍ਹੀ

### ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਦਿਨ ਦਿਹਾੜੇ ਕਤਲ ਅਤਿ ਨਿੰਦਣਯੋਗ

**ਚੰਡੀਗੜ੍ਹ, 4 ਨਵੰਬਰ–** ਅੰਮ੍ਰਿਤਸਰ ਵਿੱਚ ਦਿਨ ਦਿਹਾੜੇ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਗੋਲੀ ਮਾਰ ਕੇ ਕੀਤੇ ਕਤਲ ਉਤੇ ਬਹੁਜਨ ਸਮਾਜ ਪਾਰਟੀ ਨੇ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਕਿ ਇਹ ਘਟਨਾ ਅਤਿ ਨਿੰਦਣਯੋਗ ਹੈ। ਇੱਥੋਂ ਜਾਰੀ ਇਕ ਬਿਆਨ ਵਿੱਚ ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਿੱਚ ਕੇਜਰੀਵਾਲ ਦੀਆਂ ਨੀਤੀਆਂ ਤਹਿਤ ਸੜਕਾਂ ਉਪਰ ਪੰਜਾਬੀਆਂ ਦਾ ਖੂਨ ਡੋਲਿਆ ਜਾ ਰਿਹਾ ਅਤੇ ਆਪ ਪਾਰਟੀ ਦੀਆਂ ਰੈਲੀਆ ਵਿਚ ਪੰਜਾਬੀਆ ਦੀਆ ਪੱਗਾਂ ਗਿਰਾਈਆ ਜਾ ਰਹੀਆਂ। ਆਮ ਆਦਮੀ ਪਾਰਟੀ ਚੋਣਾਂ ਵਿਚ ਗੁੰਮਰਾਹ ਕਰਦੀ ਸੀ ਦਿੱਲੀ ਕੇਂਦਰੀ ਸ਼ਾਸ਼ਿਤ ਸੂਬਾ ਹੈ, ਤੇ ਪੁਲਿਸ ਕੇਜਰੀਵਾਲ ਦੇ ਅਧੀਨ ਨਹੀਂ ਹੈ। ਲੇਕਿਨ ਪੰਜਾਬ ਦੀ ਪੁਲਿਸ ਤਾਂ ਸੂਬਾ ਸਰਕਾਰ ਅਧੀਨ ਹੈ। ਪ੍ਰੰਤੂ ਸੂਬਾ ਦੀ ਆਪ ਪਾਰਟੀ ਸਰਕਾਰ ਨੇ ਪੰਜਾਬ ਪੁਲਿਸ ਸੂਬੇ ਦੇ ਲੋਕਾਂ ਨੂੰ ਸੁਰੱਖਿਆ ਲਈ ਨਾ ਦੇਕੇ, ਕੇਜਰੀਵਾਲ ਤੇ ਰਾਘਵ ਚੱਢਾ ਵਰਗੇ ਆਗੂਆਂ ਦੀ ਸੇਵਾ ਵਿਚ ਜੀ ਹਜ਼ੂਰੀ ਲਈ ਲੱਗੀ ਹੋਈ ਹੈ। ਬਸਪਾ ਆਗੂ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਰਕਾਰ ਦੀ ਅਣਗਹਿਲੀ ਕਾਰਨ ਪੰਜਾਬ ਦੇ ਕਈ ਵੱਡੀਆਂ ਸ਼ਖਸੀਅਤਾਂ ਦਾ ਗੋਲੀ ਮਾਰ ਕੇ ਕਤਲ ਕੀਤਾ ਗਿਆ ਹੈ, ਜਿਸ ਵਿਚ ਕਬੱਡੀ ਖਿਡਾਰੀ ਸੰਦੀਪ ਅੰਬੀਆ, ਸਿੱਧੂ ਮੂਸੇਵਾਲਾ, ਪਟਿਆਲਾ ਵਿੱਚ



ਦੋ ਫਿਰਕੇ ਦੇ ਲੋਕਾਂ ਵਿੱਚ ਹੋਈ ਹਿੰਸਾ, ਮੋਹਾਲੀ ਵਿੱਚ ਪੁਲੀਸ ਹੈੱਡਕੁਆਰਟਰ ਤੇ ਗੈਂਗਸਟਰਾਂ ਵੱਲੋਂ ਕੀਤਾ ਗਿਆ ਹਮਲਾ ਸਰਕਾਰ ਦੇ ਤੰਤਰ ਦੀ ਫੇਲ੍ਹ ਹੋਣ ਦੀਆਂ ਨਿਸ਼ਾਨੀਆਂ ਹਨ। ਉਨ੍ਹਾਂ ਕਿਹਾ ਕਿ ਦਿਨੋਂ ਦਿਨ ਪੰਜਾਬ ਦੀ ਸਥਿਤੀ ਖਰਾਬ ਹੁੰਦੀ ਜਾ ਰਹੀ ਹੈ, ਪੰਜਾਬ ਦੇ ਜੋ ਹਾਲਤ ਬਣ ਰਹੇ ਹਨ ਉਹ ਚਿੰਤਾਜਨਕ ਹਨ। ਸ੍ਰ ਗੜ੍ਹੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਦਿੱਲੀ ਦੀ ਆਮ ਆਦਮੀ ਪਾਰਟੀ ਦੇ ਇਸ਼ਾਰਿਆਂ ਉਤੇ ਪੰਜਾਬ ਨੂੰ ਲਾਵਾਰਸ ਛੱਡ, ਕੰਮ ਕਰਨਾ ਬੰਦ ਕਰਕੇ ਪੰਜਾਬ ਨੂੰ ਸੰਭਾਲਣ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸ਼ਖਸੀਅਤਾਂ ਦੀ ਸੁਰੱਖਿਆ ਨਾਲ ਜੁੜੇ ਗੁਪਤ ਦਸਤਾਵੇਜ ਨੂੰ ਲੀਕ ਕਰਨ ਦੇ ਮਾਮਲੇ ਵਿੱਚ ਵੀ ਪੰਜਾਬ ਸਰਕਾਰ ਨੇ ਅਜੇ ਤੱਕ ਕੁਝ ਨਹੀਂ ਕੀਤਾ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਜਿਸ ਦਿਸ਼ਾ ਵੱਲ ਵਧ ਰਿਹਾ ਹੈ ਉਹ ਬਹੁਤ ਖਤਰਨਾਕ ਹੈ, ਪਹਿਲਾਂ ਵੀ ਪੰਜਾਬੀਆਂ ਨੇ ਕਾਲਾ ਦੌਰ ਦੇਖਿਆ ਹੈ। ਉਨ੍ਹਾਂ ਅਪੀਲ ਕੀਤੀ ਕਿ ਪੰਜਾਬੀ ਇਕਜੁੱਟ ਹੋ ਕੇ ਪੰਜਾਬ ਨੂੰ ਬਚਾਉਣ ਲਈ ਅੱਗੇ ਆਉਣ।

ਦੇਸ਼ ਦੁਆਬਾ

## Happy Guru Nanak Gurpurb Day



# Guru Nanak Dev Ji:Caste and gender

Prem K. Chumber
Editor-In-Chief: Ambedkar Times / Desh Doaba

Life and teachings of Shri Guru Nanak Dev Ji brought a gigantic transformation in the way social and religious thinking were articulated in the Brahminical social order. He made the stupendous task of spiritual regeneration and social transformation his lifelong mission. He traveled long [Udasis] in all directions to convey the message of the oneness of the mankind and the Omnipresence of the non-anthropomorphic and formless God.

His social transformation agenda revolves around two main issues: Caste and gender. Guru Nanak minces no words in categorically condemning caste and gender based discriminations. His negation of caste is absolute. He said: FakarJatiphakarnau, Sabhanajiaikachau [Worthless is caste and worthless an exalted name; for all mankind there is but single refuge]. Another Shabad is: NeechanandarneechJati, Neechihunatineech, Nanak tin ke sang sath, Vadiansiyonkyarees, Jitheneechsanmalian, Tithe nadrteriBakhshish [I am the lowest of the low castes; low, absolutely low; I am with the lowest in companionship, not with the so-called high. Blessing of God is here the lowly are cared for] (Translate. as in Harish K. Puri, "Scheduled Castes in Sikh Community: A Historical Perspective", EPW, Vol. 38 (26), June 28, 2003, p. 2694).

Guru Nanak Dev's concern for the eradication of caste assumes practical shape in his taking up of cultivation of land, often clubbed with low caste professions. He took to cultivation in order to assign dignity to manual labour. In fact, regard for manual labour had always remains the hallmark of the all low caste saint-poets also. In addition, Guru Nanak introduced the institutions of 'Sangat' and 'Pangat' (eating together in Langar). Thus KiratKaro (do labour), VandChhako (eat by sharing), NaamJapo (recite God's name) became the mantra of equality for all.

# ਨਵੰਬਰ 2022 ਦੇ ਯੂਬਾਸਿਟੀ ਗੁਰਤਾ ਗੱਦੀ ਜੋੜ-ਮੇਲੇ 'ਤੇ ਸਾਡੀ ਗੁਰਮਤਿ ਸਟਾਲ ਰਾਹੀਂ ਹਾਜ਼ਰੀ ਅਤੇ ਕੁਝ ਦ੍ਰਿਸ਼ਕ ਵਿਚਾਰ















ਸਿੱਖਾਂ ਦੇ ਧੰਨਾਡ ਤੇ ਸ਼ਰਧਾਲੂ ਸਿੱਖ ਮਰਹੂਮ ਸ੍ਰ. ਦਿਦਾਰ ਸਿੰਘ ਬੈਂਸ ਦੇ ਉਦਮ ਉਪਰਾਲੇ ਤੇ ਸੰਗਤਾਂ ਦੇ ਸਹਿਯੋਗ ਨਾਲ ਆਰੰਭੇ ਗਏ "ਸ਼ਬਦ ਗੁਰੂ ਗ੍ਰੰਥ ਦੇ ਗੁਰਤਾ ਗੱਦੀ ਦਿਵਸ ਜੋੜ ਮੇਲੇ" 'ਤੇ ਹਰ ਸਾਲ ਦੀ ਤਰ੍ਹਾਂ ਨਵੰਬਰ ਦੇ ਪਹਿਲੇ ਹਫਤੇ ਨਗਰ ਕੀਰਤਨ ਸਜਾਏ ਗਏ ਜਿੰਨ੍ਹਾਂ ਵਿੱਚ ਕੀਰਤਨ, ਕਥਾ, ਰਾਗੀ-ਢਾਡੀ ਦਰਬਾਰਾਂ ਤੋਂ ਇਲਾਵਾ ਵੱਖ-ਵੱਖ ਲੰਗਰ ਸਟਾਲਾਂ, ਫਲੋਟ ਕਾਨਫਰੰਸਾਂ ਵੀ ਹੋਈਆਂ। ਨਵੰਬਰ 4, 2022 ਨੂੰ ਸਿੱਖ ਕਮਿਊਨੀ ਬਿਲਡਿੰਗ 'ਚ ਬਿਕਰਸਫੀਲਡ ਦੇ ਪ੍ਰਸਿੱਧ ਡਾ। ਮਨਬੀਰ ਸਿੰਘ ਵੱਲੋਂ ਅਧਿਆਪਕ ਤੇ ਪ੍ਰਚਾਰਕ ਬੀਬੀ ਜਸਬੀਰ ਕੌਰ ਓਹਾਇਓ ਦੀ ਅਗਵਾਈ 'ਚ ਸਿੱਖ ਕੌਂਸਲ ਅਮਰੀਕਾ ਵੱਲੋਂ ਸਫਲ ਕਾਨਫਰੰਸ ਹੋਈ ਜਿਸ 'ਚ ਦੂਰਿਓਂ ਨੇੜਿਓ ਆਏ ਸਕਾਲਰਾਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਤੇ ਦਾਸਾਂ ਨੇ ਆਪਣੇ ਵਿਚਾਰ ਰੱਖੇ। ਖਾਸ ਕਰਕੇ "ਸ਼ਬਦ ਗੁਰੂ ਗ੍ਰੰਥ" ਦੀ ਸਰਬਉਚਤਾ, ਸਿੱਖ ਰਹਿਤ ਮਰਯਾਦਾ, ਵੱਖ-ਵੱਖ ਐਜੁਕੇਸ਼ਨ, ਧਾਰਮਿਕ ਅਦਾਰਿਆਂ ਅਤੇ ਮੂਲ ਨਾਨਕਸ਼ਾਹੀ ਕੈਲੰਡਰ, ਨਵੇਂ ਪੁਰਾਣੇ ਵਿਰਸੇ ਬਾਰੇ ਵਿਚਾਰਾਂ ਕਰਦੇ ਅਖੀਰ ਤੇ ਨਾਨਸ਼ਾਹੀ ਕੈਲੰਡਰ ਜਾਰੀ ਕਰ ਵੰਡਿਆ ਗਿਆ। ਨਵੰਬਰ 6 ਨੂੰ ਗੁਰਮਤਿ ਲਿਟ੍ਰੇਚਰ ਦੀ ਸਟਾਲ ਲਗਾ ਗੁਰਮਤਿ ਲਿਟ੍ਰੇਚਰ ਦੇ ਨਾਲ ਨਾਲ ਅਸੀਂ ਵੀ ਪ੍ਰਚਾਰ ਕਰਦੇ ਮੂਲ ਨਾਨਕਸ਼ਾਹੀ ਕੈਲੰਡਰ ਵੰਡੇ। ਇਸ ਵਾਰ ਸਾਡੀ ਗੁਰਮਤਿ ਸਟਾਲ 'ਤੇ ਪੰਥ ਪ੍ਰਸਿੱਧ ਪ੍ਰਚਾਰਕ ਗਿ। ਅਮਰੀਕ ਸਿੰਘ ਚੰਡੀਗੜ੍ਹ, ਭਾਈ ਹਰਮਨਪ੍ਰੀਤ ਸਿੰਘ ਕਪੂਰਥਲਾ, ਪ੍ਰੋ। ਮੱਖਨ ਸਿੰਘ ਸੈਕਰਾ ਮੈਂਟੋ, ਗੁਰਮਤਿ ਹਿਤੈਸ਼ੀ ਸ੍ਰ। ਕੁਲਦੀਪ ਸਿੰਘ ਯੂਬਾਸਿਟੀ, ਨਾਨਕਸ਼ਾਹੀ ਕਲੰਡਰ ਦੇ ਮਾਹਰ ਸ੍ਰ। ਸਰ-ਬਜੀਤ ਸਿੰਘ ਸੈਕਰਾਮੈਂਟੋ, ਡਾ। ਗੁਰਮੀਤ ਸਿੰਘ ਬਰਸਾਲ, "ਸਾਡੇ ਲੋਕ" ਅਖਬਾਰ ਦੇ ਸ੍ਰ। ਸਤਨਾਮ ਸਿੰਘ ਖਾਲਸਾ ਨੇ ਮਰਹੂਮ ਸ੍ਰ। ਦਿਦਾਰ ਸਿੰਘ ਬੈਂਸ ਦੀ ਯਾਦ ਤੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਗੁਰਤਾ ਦਿਵਸ ਲੇਖ ਨੂੰ ਵਿਸ਼ੇਸ਼ ਥਾਂ ਦਿੱਤੀ, ਦੇਸ਼ ਦੁਆਬਾ ਅਖਬਾਰ ਦੇ ਪ੍ਰੇਮ ਕੁਮਾਰ ਚੁੰਬਰ ਜੋ ਦਾਸ ਦੀ ਕਿਤਾਬ "ਅਕਲੀਂ ਪੜ੍ਹਿ ਕੈ ਬੁਝੀਐ" ਲੜੀਵਾਰ ਛਾਪ ਰਹੇ ਨੇ, ਸਿੱਖ ਵਰਲਡ ਫੈਡਰੇਸ਼ਨ ਦੇ ਸਿੰਘ, ਗੁਰਦਵਾਰਾ ਪ੍ਰਬੰਧਕ, ਕੁਝ ਸੁਹਿਰਦ ਟਕਸਾਲੀ ਤੇ ਨਿਹੰਗ ਸਿੰਘ ਵੀ ਆਏ ਤੇ ਗੁਰਮਤਿ ਲਿਟ੍ਰੇਚਰ ਵੀ ਲਿਆ।ਇਸ ਵਾਰ ਜੋੜਮੇਲੇ ਪੁਰਬ 'ਤੇ ਭਾਰੀ ਇਕੱਠ ਸੀ। ਰਾਗੀ, ਢਾਡੀ, ਪ੍ਰਚਾਰਕਾਂ, ਪ੍ਰਬੰਧਕਾਂ, ਨਰਮ ਤੇ ਗਰਮ ਦਲੀਆਂ ਨੇ ਵੀ ਆਪੋ ਆਪਣੇ ਰੰਗ ਬਖੇਰੇ ਅਤੇ ਨੌਜਵਾਨਾਂ ਤੇ ਨਿਹੰਗ ਸਿੰਘ ਨੇ ਗਤਕੇ ਦੇ ਜੌਹਰ ਦਿਖਾਏ, ਗੁਰਮਤਿ ਦੇ ਸਿਧਾਂਤਕ ਪ੍ਰਚਾਰ ਨਾਲੋਂ ਕਿਤੇ ਵੱਧ ਸ਼ਰਧਾ ਦਾ ਪ੍ਰਚਾਰ ਹੋਇਆ, ਨਾਹਰੇ ਵੀ ਆਪੋ ਆਪਣੇ ਸੰਤਾਂ ਤੇ ਆਗੂਆਂ ਦੇ ਲੱਗ ਰਹੇ ਸਨ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਆਦਿਕ ਗੁਰੂਆਂ ਭਗਤਾਂ ਦੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ ਕਿਤੇ ਸੁਨਾਈ ਨਹੀਂ ਸੀ ਦੇ ਰਿਹਾ ਤੇ ਡੇਰੇਦਾਰ ਵੀ ਮਿਲਗੋਭਾ ਦਿਸੇ ਚੰਗਾ ਪੱਖ ਇਥੇ ਆ ਕੇ ਪੰਜਾਬ ਮਹਿਸੂਸ ਹੁੰਦਾ ਤੇ ਵਿਛੜੇ ਮਿਲਦੇ ਹਨ।



ਅਵਤਾਰ ਸਿੰਘ ਮਿਸ਼ਨਰੀ
510-432-5827

**ਨੋਟ-** ਕੁਝ ਸੁਹਿਰਦ ਜਥੇਬੰਦੀਆਂ ਅਦਾਰੇ ਗੁਰਮਤਿ ਪ੍ਰਚਾਰ ਤੇ ਸੰਗਤਾਂ ਦੀ ਸੇਵਾ ਕਰਦੇ ਨੇ ਹੌਲੀ-ਹੌਲੀ ਸੰਗਤਾਂ ਦੀ ਰੁਚੀ ਗੁਰ-ਮਤਿ ਵੱਲ ਵੱਧ ਰਹੀ ਹੈ। ਜੇ ਕਿਤੇ ਪ੍ਰਚਾਰਕ ਤੇ ਖਾਸ ਕਰ ਪ੍ਰਬੰਧਕ ਗੁਰਮਤਿ ਸਿਧਾਂਤਾਂ ਨੂੰ ਅਪਨਾ ਲੈਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।ਸਾਨੂੰ ਥੋੜੇ ਬਹੁਤੇ ਵਿਚਾਰ ਨਾ ਮਿਲਣ ਇਕ ਦੂਜੇ ਨਾਲ ਨਫਰਤ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਔਖੇ ਬੋਲ ਬੋਲਣੇ ਚਾਹੀਦੇ ਨੇ ਸਗੋਂ "ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣ-ਿਐ ਕਿਛੁ ਕਹੀਐ" ਦੇ ਸਿਧਾਂਤ ਤੇ ਪਹਿਰਾ ਦੇਣਾ ਚਾਹੀਦਾ ਹੈ। ਅਖੀਰ ਤੇ ਮਨੁਖਤਾ ਦੇ ਸਦੀਵ ਰਹਿਬਰ ਸ਼ਬਦ ਗੁਰੂ ਗ੍ਰੰਥ ਸਾਹਿਬ, ਪੁਰਾਤਨ ਤੇ ਨਵੀਨ ਸਿਧਾਂਤਕ ਪ੍ਰਚਾਰਕਾਂ, ਕਰਣੀ ਵਾਲੇ ਸਿੰਘਾਂ ਸ਼ਹੀਦਾਂ, ਵੱਖ-ਵੱਖ ਜਥੇਬੰਦੀਆਂ, ਅਦਾਰਿਆਂ, ਲੰਗਰ, ਲਿਟ੍ਰੇਚਰ ਤੇ ਵਿਦਿਆ ਅਦਾਰੇ ਸਟਾਲਾਂ, ਸਕਿਉਰਟੀ ਵਾਲਿਆਂ, ਵੱਖ-ਵੱਖ ਕੌਮਾਂ ਦੇ ਆਏ ਲੋਕਾਂ, ਖਾਸ ਕਰ ਮਰਹੂਮ ਸ੍ਰ। ਦਿਦਾਰ ਸਿੰਘ ਬੈਂਸ ਪ੍ਰਵਾਰ ਅਤੇ ਗੁਰਦੁਆਰਾ ਪ੍ਰਬੰਧਕਾਂ ਅਤੇ ਸਮੁੱਚੇ ਯਾਦਗਾਰੀ ਜੋੜਮੇਲੇ ਗੁਰ ਪੁਰਬ ਦੇ ਪ੍ਰਬੰਧਕਾਂ ਦਾ "ਸ਼ਬਦ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐੱਸ ਏ ਅਦਾਰੇ" ਦੇ ਸਮੂੰਹ ਸੇਵਕਾਂ ਵੱਲੋਂ ਬਹੁਤ ਬਹੁਤ ਧੰਨਵਾਦ ਕਰਦੇ ਕਾਮਨਾ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਸਾਨੂੰ ਮਿਲ ਜੁਲ ਕੇ ਗੁਰਮਤਿ ਸਿਧਾਂਤਾਂ ਨੂੰ ਅਪਣਾਉਣ ਤੇ ਪ੍ਰਚਾਰਨ ਦਾ ਬਲ ਬਖਸ਼ਣ ਤੇ ਜੋੜ-ਮੇਲੇ ਪੁਰਬ ਦੀਆਂ ਰੌਣਕਾਂ ਭਾਈਚਾਰਕ ਸਾਂਝਾਂ ਵੱਧਦੀਆਂ ਰਹਿਣ, ਮਨੁੱਖਤਾ 'ਚ ਪਾਏ ਜਾ ਰਹੇ ਊਚ-ਨੀਚ ਤੇ ਨਫਰਤੀ ਪਾੜੇ ਮਿਟ ਜਾਣ। ਗੁਰਮਤਿ ਪ੍ਰਚਾਰ ਤੇ ਲਿਟ੍ਰੇਚਰ ਲਈ ਆਪ 510-432-5827,510-456-6538, 575-375-8805 ਤੇ ਸੰਪ੍ਰਕ ਕਰ ਸਕਦੇ ਹੋ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਕੇ: ਤਨਖਾਹ ਦੇ ਮੁੱਦੇ ਨੂੰ ਲੈ ਕੇ ਨਰਸਾਂ ਕਰ ਸਕਦੀਆਂ ਹਨ ਹੁਣ ਤੱਕ ਦੀ ਸਭ ਤੋਂ ਵੱਡੀ ਹੜਤਾਲ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਵਿੱਚ ਤਨਖਾਹ ਦੇ ਮੁੱਦੇ ਨੂੰ ਲੈ ਕੇ ਨਰਸਾਂ ਹੁਣ ਤੱਕ ਦੀ ਸਭ ਤੋਂ ਵੱਡੀ ਹੜਤਾਲ ਕਰ ਸਕਦੀਆਂ ਹਨ। ਨਰਸਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਹੜਤਾਲ ਅੱਗੇ ਵਧ ਸਕਦੀ ਹੈ ਕਿਉਂਕਿ ਇਸ ਸੰਬੰਧੀ ਰਾਇਲ ਕਾਲਜ ਆਫ ਨਰਸਿੰਗ (ਆਰ ਸੀ ਐੱਨ) ਅਗਲੇ ਕੁਝ ਦਿਨਾਂ ਵਿੱਚ ਹੜਤਾਲ ਲਈ ਪਈਆਂ ਵੋਟਾਂ ਦੇ ਨਤੀਜੇ ਜਾਰੀ ਕਰਨ ਵਾਲਾ ਹੈ, ਜੋ ਕਿ ਪਿਛਲੇ ਹਫਤੇ ਖਤਮ ਹੋਈਆਂ ਸਨ। ਅੰਤਿਮ ਨਤੀਜਿਆਂ ਦੀ ਗਿਣਤੀ ਕੀਤੀ ਜਾ ਰਹੀ ਹੈ ਪਰ ਆਰ ਸੀ ਐੱਨ ਦੇ ਸੂਤਰਾਂ ਦਾ ਕਹਿਣਾ ਹੈ ਕਿ ਨਰਸਾਂ ਦੀ ਬਹੁਗਿਣਤੀ ਨੇ ਤਨਖਾਹ ਨੂੰ ਲੈ ਕੇ ਕਾਰਵਾਈ ਦੇ ਹੱਕ ਵਿੱਚ ਵੋਟ ਪਾਈ ਹੈ। ਆਰ ਸੀ ਐੱਨ ਨੇ ਆਪਣੇ ਤਕਰੀਬਨ 300,000 ਮੈਂਬਰਾਂ ਨੂੰ ਵਾਕਆਊਟ ਕਰਨ ਦੀ ਸਿਫਾਰਸ਼ ਕੀਤੀ ਹੈ। ਜੇਕਰ ਇਹ ਹੜਤਾਲਾਂ ਹੁੰਦੀਆਂ ਹਨ ਤਾਂ ਗੈਰ-ਜ਼ਰੂਰੀ ਸੇਵਾਵਾਂ ਪ੍ਰਭਾਵਿਤ ਹੋਣਗੀਆਂ ਪਰ ਐਮਰਜੈਂਸੀ ਦੇਖਭਾਲ ਪ੍ਰਭਾਵਿਤ ਨਹੀਂ ਹੋਵੇਗੀ। ਆਰ ਸੀ ਐੱਨ ਦੇ ਜਨਰਲ ਸਕੱਤਰ ਅਤੇ ਮੁੱਖ ਕਾਰਜਕਾਰੀ, ਪੈਟ ਕੁਲਨ ਨੇ ਕਿਹਾ ਕਿ ਵੱਡੀ ਗਿਣਤੀ ਵਿੱਚ ਸਟਾਫ – ਤਜਰਬੇਕਾਰ ਅਤੇ ਨਵੇਂ ਭਰਤੀ ਦੋਵੇਂ ਇਹ ਫੈਸਲਾ ਕਰ ਰਹੇ ਹਨ ਕਿ ਉਹ ਇੱਕ ਨਰਸਿੰਗ ਪੇਸ਼ੇ ਵਿੱਚ ਭਵਿੱਖ ਨਹੀਂ ਦੇਖ ਸਕਦੇ ਜਿਸਦੀ ਕਦਰ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਸਹੀ ਵਿਵਹਾਰ ਕੀਤਾ ਜਾਂਦਾ ਹੈ।




ਕੈਬਨਿਟ ਮੰਤਰੀ ਓਲੀਵਰ ਡਾਉਡੇਨ ਨੇ ਕਿਹਾ ਕਿ ਜ਼ਰੂਰੀ ਸੇਵਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਆਰ ਸੀ ਐੱਨ ਨੇ ਆਰ ਪੀ ਆਈ ਮਹਿੰਗਾਈ ਦਰ ਦੇ ਉੱਪਰ 5% ਦੇ ਵਾਧੇ ਦੀ ਮੰਗ ਕੀਤੀ ਸੀ ਜੋ ਵਰਤਮਾਨ ਵਿੱਚ 12% ਤੋਂ ਉੱਪਰ ਹੈ, ਪਰ ਯੂਕੇ ਦੇ ਕਿਸੇ ਵੀ ਦੇਸ਼ ਨੇ ਇਸ ਦੇ ਨੇੜੇ ਦੀ ਪੇਸ਼ਕਸ਼ ਨਹੀਂ ਕੀਤੀ ਹੈ। ਇੰਗਲੈਂਡ ਅਤੇ ਵੇਲਜ਼ ਵਿੱਚ, ਨਰਸਾਂ ਸਮੇਤ ਐੱਨ ਐੱਚ ਐੱਸ ਸਟਾਫ਼ ਨੂੰ ਔਸਤਨ 4.75% ਜ਼ਿਆਦਾ ਦਿੱਤਾ ਗਿਆ ਹੈ, ਸਕਾਟਲੈਂਡ ਵਿੱਚ, ਸ਼ੁਰੂ ਵਿੱਚ ਐੱਨ ਐੱਚ ਐੱਸ ਸਟਾਫ਼ ਨੂੰ 5% ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਇਸਨੂੰ ਸਿਰਫ਼ £2,200 ਤੋਂ ਵੱਧ ਦੀ ਇੱਕ ਫਲੈਟ ਦਰ ਵਿੱਚ ਬਦਲ ਦਿੱਤਾ ਗਿਆ ਹੈ, ਜੋ ਕਿ ਇੱਕ ਨਵੀਂ ਯੋਗਤਾ ਪ੍ਰਾਪਤ ਨਰਸ ਲਈ ਸਿਰਫ 8% ਤੋਂ ਵੱਧ ਕੰਮ ਕਰਦਾ ਹੈ। ਉੱਤਰੀ ਆਇਰਲੈਂਡ ਵਿੱਚ, ਨਰਸਾਂ ਨੂੰ ਅਜੇ ਤੱਕ ਤਨਖਾਹ ਦਾ ਵਾਧਾ ਨਹੀਂ ਮਿਲਿਆ ਹੈ।

# ਅਮਰੀਕੀ ਕਾਂਗਰਸ ਮੱਧਕਾਲੀ ਚੋਣਾਂ ਦੀ ਦੌੜ ਵਿਚ ਪੰਜ ਭਾਰਤੀ ਵੀ ਸ਼ਾਮਲ

**ਵਾਸ਼ਿੰਗਟਨ–** ਅਮਰੀਕਾ 'ਵਿਚ ਅੱਠ ਨਵੰਬਰ ਨੂੰ ਪ੍ਰਤੀਨਿਧ ਸਭਾ ਲਈ ਹੋਣ ਵਾਲੀਆਂ ਮੱਧਕਾਲੀ ਚੋਣਾਂ ਦੀ ਦੌੜ ਵਿਚ ਭਾਰਤੀ ਮੂਲ ਕੇ ਪੰਜ ਅਮਰੀਕੀ ਨਾਗਰਿਕ ਵੀ ਸ਼ਾਮਲ ਹਨ। ਚੋਣ ਮਾਹਿਰਾਂ ਅਨੁਸਾਰ ਇਨ੍ਹਾਂ ਭਾਰਤੀ-ਅਮਰੀਕੀਆਂ ਦੇ ਪ੍ਰਤੀਨਿਧ ਸਭਾ ਲਈ ਚੁਣੇ ਜਾਣ ਦੀ ਸੌ ਫੀਸਦ ਸੰਭਾਵਨਾ ਹੈ। ਚਾਰ ਮੌਜੂਦਾ ਸੰਸਦ ਮੈਂਬਰਾਂ ਐਮੀ ਬੇਰਾ, ਰਾਜਾ ਕ੍ਰਿਸ਼ਨਾਮੂਰਤੀ, ਰੋ ਖੰਨਾ ਤੇ ਪ੍ਰਮਿਲਾ ਜੈਪਾਲ ਦੇ ਮੁੜ ਚੁਣੇ ਜਾਣ ਦੀ ਉਮੀਦ ਹੈ। ਪ੍ਰਤੀਨਿਧ ਸਭਾ ਵਿਚ ਭਾਰਤੀ ਅਮਰੀਕੀਆਂ ਦੇ ਅਖੌਤੀ 'ਸਮੋਸਾ ਕੌਕਸ' ਵਿੱਚ ਕਾਰੋਬਾਰੀ ਸ੍ਰੀ ਥਾਣੇਦਾਰ ਵੀ ਸ਼ਾਮਲ ਹੋ ਸਕਦੇ ਹਨ ਜੋ ਮਿਸ਼ੀਗਨ ਦੇ 16ਵੇਂ ਕਾਂਗਰੈਸਨਲ ਜ਼ਿਲ੍ਹੇ ਤੋਂ ਚੋਣ ਲੜ ਰਹੇ ਹਨ।

***********

# 36ਵੀਆਂ ਕੌਮੀ ਖੇਡਾਂ ਵਿਚ ਪੰਜਾਬ ਪਛੜਿਆ, ਪੰਜਾਬ ਨੂੰ 10ਵੇਂ ਸਥਾਨ ਵੱਲ ਖਿਸਕਣਾ ਪਿਆ

36ਵੀਆਂ ਕੌਮੀ ਖੇਡਾਂ ਗੁਜਰਾਤ ਦੇ ਵੱਖ-ਵੱਖ ਸ਼ਹਿਰਾਂ ਵਿਚ 29 ਸਤੰਬਰ ਤੋਂ 12 ਅਕਤੂਬਰ, 2022 ਤੱਕ ਕਰਵਾਈਆਂ ਗਈਆਂ, ਜਿਨ੍ਹਾਂ ਵਿਚ ਪੰਜਾਬ ਦਾ ਪ੍ਰਦਰਸ਼ਨ ਬੇਹੱਦ ਨਿਰਾਸ਼ਾਜਨਕ ਰਿਹਾ। ਇਨ੍ਹਾਂ ਖੇਡਾਂ ਵਿਚ ਭਾਰਤ ਦੇ 28 ਸੂਬਿਆਂ ਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਹਿੱਸਾ ਲਿਆ ਸੀ। ਕੌਮੀ ਖੇਡਾਂ ਵਿਚ ਪੰਜਾਬ ਦਾ 10ਵੇਂ ਸਥਾਨ 'ਤੇ ਖਿਸਕਣਾ ਆਉਣ ਵਾਲੇ ਸਮੇਂ ਲਈ ਖੇਡਾਂ ਪ੍ਰਤੀ ਨੌਜਵਾਨਾਂ ਦਾ ਘਟਦਾ ਰੁਝਾਨ ਸੂਬੇ ਲਈ ਖ਼ਤਰੇ ਦੀ ਘੰਟੀ ਵੀ ਮੰਨਿਆ ਜਾ ਸਕਦਾ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਖੇਡਾਂ ਵਿਚ ਏਨੀ ਬੁਰੀ ਤਰ੍ਹਾਂ ਕਦੇ ਨਹੀਂ ਪਛੜਿਆ ਸੀ, ਜਿਸ ਤਰ੍ਹਾਂ ਇਸ ਵਾਰ ਹੋਇਆ ਹੈ। ਇਹ ਖੇਡਾਂ ਦੇ ਖੇਤਰ ਵਿਚ ਪਛੜ ਜਾਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਪੰਜਾਬ ਨੇ 35ਵੀਆਂ ਕੌਮੀ ਖੇਡਾਂ-2015 ਕੇਰਲਾ ਵਿਚ 24 ਸੋਨ, 32 ਚਾਂਦੀ ਅਤੇ 30 ਕਾਂਸੀ ਦੇ ਕੁੱਲ 86 ਤਗਮਿਆਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ ਸੀ। ਹੁਣ 36ਵੀਆਂ ਕੌਮੀ ਖੇਡਾਂ-2022 ਗੁਜਰਾਤ ਵਿਚ 19 ਸੋਨ, 32 ਚਾਂਦੀ ਅਤੇ 25 ਕਾਂਸੀ ਕੁੱਲ 76 ਤਗਮਿਆਂ ਨਾਲ ਪੰਜਾਬ ਨੂੰ 10ਵੇਂ ਸਥਾਨ ਵੱਲ ਖਿਸਕਣਾ ਪਿਆ ਹੈ। ਪੰਜਾਬ ਦਾ ਕੌਮੀ ਖੇਡਾਂ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਇਕ ਹੋਰ 'ਨਵਾਂ ਇਤਿਹਾਸ' ਸਿਰਜ ਗਿਆ ਹੈ। ਪੰਜਾਬ ਤੋਂ 1966 ਵਿਚ ਵੱਖ ਹੋਇਆ ਗੁਆਂਢੀ ਰਾਜ ਹਰਿਆਣਾ ਖੇਡਾਂ ਵਿਚ ਪੰਜਾਬ ਨਾਲੋਂ ਕਾਫ਼ੀ ਅੱਗੇ ਹੈ। ਉਸ ਨੇ ਆਪਣੇ ਸਥਾਨ ਨੂੰ ਪਹਿਲੇ ਤਿੰਨ ਸਥਾਨਾਂ ਵਿਚ ਬਰਕਰਾਰ ਰੱਖਿਆ ਹੋਇਆ ਹੈ। ਖੇਡ ਸਰਗਰਮੀਆਂ ਵਿਚ ਰਾਜ ਵਲੋਂ ਉੱਚ ਸਥਾਨ ਪ੍ਰਾਪਤ ਕਰਨਾ ਅਤੇ ਉਸ ਨੂੰ ਪਹਿਲਾਂ ਵਾਲੇ ਸਥਾਨ 'ਤੇ ਬਰਕਰਾਰ ਰੱਖਣਾ ਚੁਣੌਤੀ ਮੰਨਿਆ ਜਾਂਦਾ ਹੈ। ਪੰਜਾਬ ਦਾ ਖੇਡਾਂ ਵਿਚ ਡਿਗਦਾ ਪੱਧਰ ਕੌਮੀ ਖੇਡਾਂ-2022 ਦੀ ਤਗਮਾ ਸੂਚੀ ਬਿਆਨ ਕਰਦੀ ਹੈ। ਖੇਡਾਂ ਦਾ ਉੱਚਾ ਮਹਿਲ ਉਸਾਰਨ ਲਈ ਉਸ ਦੀਆਂ ਨੀਹਾਂ ਮਜ਼ਬੂਤ ਕਰਨ ਦੀ ਲੋੜ ਹੁੰਦੀ ਹੈ, ਖਿਡਾਰੀਆਂ ਦੀਆਂ ਨੀਹਾਂ ਸਕੂਲ ਪੱਧਰ 'ਤੇ ਰੱਖੀਆ ਜਾਂਦੀਆਂ ਹਨ। ਕਾਫੀ ਲੰਮੇ ਸਮੇਂ ਤੋਂ ਪੰਜਾਬ ਦੇ ਸਕੂਲ ਖੇਡ ਅਧਿਆਪਕਾਂ ਤੋਂ ਸੱਖਣੇ ਹਨ, ਬਹੁਤ ਸਾਰੇ ਸਕੂਲਾਂ ਵਿਚ ਖੇਡ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਸਮੇਂ-ਸਮੇਂ ਬਣੀਆਂ ਸੂਬਾਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜਿਸ ਦਾ ਨਤੀਜਾ ਅੱਜ ਸਾਹਮਣੇ ਹੈ। ਪੰਜਾਬ ਦੀ ਬਦਲਵੀਂ ਸਰਕਾਰ ਭਾਵੇਂ ਖੇਡਾਂ ਪ੍ਰਤੀ ਦਾਅਵੇ ਕਰ ਰਹੀ ਹੈ, ਪਰ ਪੂਰੇ ਕਦੋਂ ਹੋਣਗੇ ਇਹ ਤਾਂ ਵਕਤ ਹੀ ਦੱਸੇਗਾ। ਅੱਠ ਮਹੀਨਿਆਂ ਵਿਚ ਦੋ ਸਿੱਖਿਆ ਮੰਤਰੀਆਂ ਵਾਲੀ ਸਰਕਾਰ ਖੇਡ ਅਧਿਆਪਕਾਂ ਦੀ ਭਰਤੀ ਸੰਬੰਧੀ ਕਿਸੇ ਸਾਰਥਿਕ ਨਤੀਜੇ 'ਤੇ ਨਹੀਂ ਪੁੱਜੀ। ਖਿਡਾਰੀਆਂ ਲਈ ਖੇਡ ਗੁਰੂ (ਕੋਚ) ਖੇਡਾਂ ਦਾ ਉਹ ਧੁਰਾ ਹੈ, ਜਿਸ ਦੇ ਦੁਆਲੇ ਸਾਰੀਆਂ ਖੇਡ ਸਰਗਰਮੀਆਂ ਘੁੰਮਦੀਆਂ ਹਨ। ਜੇਕਰ ਉਨ੍ਹਾਂ ਦੀ ਗਿਣਤੀ ਵੱਲ ਨਜ਼ਰ ਮਾਰੀ ਜਾਵੇ ਅੰਕੜੇ ਹੋਰ ਵੀ ਨਿਰਾਸ਼ਾਜਨਕ ਨਜ਼ਰ ਆਉਂਦੇ ਹਨ। ਪੰਜਾਬ ਦੇ ਪਿੰਡਾਂ ਦੀ ਗੱਲ ਕੀਤੀ ਜਾਵੇ ਖੇਡ ਮੈਦਾਨ ਉਪਲੱਬਧ ਹਨ, ਖੇਡ ਕੋਚ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਖੇਡ ਮਾਹਿਰਾਂ ਮੁਤਾਬਕ ਉਭਰਦੇ ਖਿਡਾਰੀਆਂ ਦੀ ਜ਼ਿਆਦਾਤਰ ਗਿਣਤੀ ਪਿੰਡਾਂ ਵਿਚ ਹੈ, ਪ੍ਰੰਤੂ ਸੰਭਾਲਣ ਵਾਲਾ ਕੋਈ ਨਹੀਂ ਹੈ। ਅਜੋਕੇ ਸਮੇਂ ਵਿਚ ਪੰਜਾਬ ਸਰਕਾਰ ਨੂੰ ਖੇਡਾਂ ਪ੍ਰਤੀ ਖਿਡਾਰੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਹਿਮ ਫ਼ੈਸਲੇ ਲੈਣ ਦੀ ਲੋੜ ਹੈ। ਪੰਜਾਬ ਦੇ ਖਿਡਾਰੀ 37ਵੀਆਂ ਕੌਮੀ ਖੇਡਾਂ-ਗੋਆ ਵਿਚ ਝੰਡਾ ਬੁਲੰਦ ਕਰ ਕੇ ਨਾਂਅ ਰੋਸ਼ਨ ਕਰ ਸਕਦੇ ਹਨ।




**– ਬੀਰਪਾਲ ਗਿਲ**

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing

510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables


New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।




Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਗਰ ਕੀਰਤਨ ਮੌਕੇ 'ਸਦਗੁਰੂ ਕਬੀਰ ਸੈਨਾ ਪੰਜਾਬ' ਨੇ ਬਿਸਕੁਟਾਂ ਦਾ ਲੰਗਰ ਲਗਾਇਆ



**ਜਲੰਧਰ–** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 5 ਨਵੰਬਰ ਦਿਨ ਸ਼ਨੀਵਾਰ ਨੂੰ ਸ਼ੋਭਾ ਯਾਤਰਾ 'ਚ 'ਸਦਗੁਰੂ ਕਬੀਰ ਸੈਨਾ ਪੰਜਾਬ' ਵੱਲੋਂ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਗੁਰਦੇਵ ਦੀ ਕਿਰਪਾ ਨਾਲ ਲੰਗਰ ਪੂਰੀ ਤਰ੍ਹਾਂ ਸੰਪੰਨ ਹੋਇਆ। ਪੰਜਾਬ ਪ੍ਰਧਾਨ ਜਸਵਿੰਦਰ ਦਾਸ ਦੀ ਅਗਵਾਈ ਹੇਠ ਜਲੰਧਰ ਟੀਮ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਿਆ। ਇਸ ਮੌਕੇ ਜਲੰਧਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਿੱਧੂ, ਜਸਪਾਲ ਸਿੰਘ (ਮੀਡੀਆ ਇੰਚਾਰਜ), ਰਮੇਸ਼ ਕੁਮਾਰ, ਨਰਿੰਦਰ ਵਰਮਾ (ਪ੍ਰਬੰਧਕ), ਗੁਰੂਪ੍ਰਸਾਦ ਸਿੰਘ, ਅਮਰਜੀਤ, ਰਾਜ ਰਾਣੀ, ਰਮਾ ਸ਼ਰਮਾ, ਮੀਨਾਕਸ਼ੀ ਵਰਮਾ, ਇੰਦਰਜੀਤ ਕੌਰ, ਅਮਨਦੀਪ, ਗਗਨਦੀਪ ਕੌਰ, ਗੁਰਹਰਲੀਨ ਆਦਿ ਹਾਜ਼ਰ ਸਨ। ਕੌਰ, ਗੁਰਪ੍ਰੀਤ ਕੌਰ ਕੌਰ ਅਤੇ ਗੁਰਲੀਨ ਕੌਰ ਆਦਿ ਸ਼ਾਮਲ ਹਨ।

# ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਉਪ ਰਾਸ਼ਟਰਪਤੀ ਵੱਲੋਂ ਪ੍ਰਕਾਸ਼ ਪੁਰਬ ਮੌਕੇ ਵਧਾਈ

**ਨਵੀਂ ਦਿੱਲੀ–** ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਜਦਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ। ਰਾਸ਼ਟਰ-ਪਤੀ ਦਰੋਪਦੀ ਮੁਰਮੂ ਨੇ ਦੇਸ਼ ਦੇ ਲੋਕਾਂ ਨੂੰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਵਿਚਾਰ ਅਪਣਾ ਕੇ ਸਮਾਜ ’ਚ ਸ਼ਾਂਤੀ, ਬਰਾਬਰੀ ਤੇ ਖੁਸ਼ਹਾਲੀ ਲਿਆਂਦੀ ਜਾ ਸਕਦੀ ਹੈ। ਉਨ੍ਹਾਂ ਆਪਣੇ ਸੰਦੇਸ਼ ’ਚ ਕਿਹਾ, ‘ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਤੇ ਵਿਦੇਸ਼ ’ਚ ਰਹਿ ਰਹੇ ਸਾਰੇ ਦੇਸ਼ ਵਾਸੀਆਂ ਤੇ ਖਾਸ ਤੌਰ ’ਤੇ ਸਿੱਖ ਭਾਈਚਾਰੇ ਨੂੰ ਮੇਰੀਆਂ ਸ਼ੁਭ ਕਾਮਨਾਵਾਂ।’ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਦਾਚਾਰੀ ਜੀਵਨ ਤੇ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਲਈ ਅੱਜ ਵੀ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਮਹੱਤਵਪੂਰਨ ਹਨ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ‘ਇੱਕ ਇਨਸਾਫ਼ ਪਸੰਦ ਤੇ ਨਿਮਰ ਸਮਾਜ ਦੇ ਨਿਰਮਾਣ ਲਈ ਸਾਡੀਆਂ ਕੋਸ਼ਿਸ਼ਾਂ ’ਚ ਉਨ੍ਹਾਂ ਦੀਆਂ ਸਿੱਖਿਆਵਾਂ ਸਾਨੂੰ ਰਾਹ ਦਿਖਾਉਂਦੀਆਂ ਰਹਿਣ।’ ਦੂਜੇ ਪਾਸੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਗੁਰਦੁਆਰਾ ਪਟਨਾ ਸਾਹਿਬ ਜਾ ਕੇ ਮੱਥਾ ਟੇਕਿਆ ਤੇ ਦੇਸ਼ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਗੁਰਦੁਆਰੇ ਨੂੰ ਬਹੁਤ ਹੀ ਅਹਿਮ ਸਥਾਨ ਦਸਦਿਆਂ ਨਿਤੀਸ਼ ਕੁਮਾਰ ਨੇ ਕਿਹਾ, ‘ਅਸੀਂ ਇਸ ਸਥਾਨ ਦਾ ਨਿਰਮਾਣ ਇਸ ਢੰਗ ਨਾਲ ਕਰਵਾਇਆ ਹੈ ਤਾਂ ਜੋ ਨਵੀਂ ਪੀੜ੍ਹੀ ਵੀ ਇਸ ਨਾਲ ਜੁੜੀ ਰਹੇ।’



# ਗੁਰ-ਪੁਰਬ ਮੌਕੇ ਫਰਿਜ਼ਨੋ ਦੇ ਬੇਘਰੇ ਲੋਕਾਂ ਨੂੰ ਛਕਾਇਆ ਪੀਜ਼ੇ ਦਾ ਲੰਗਰ





**ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਗੁਰੂ ਨਾਨਕ ਪਾਤਸ਼ਾਹ ਦੇ ਗੁਰ ਪੁਰਬ ਮੌਕੇ ਦੁਨੀਆਂ ਪੱਧਰ ਤੇ ਵੱਡੇ ਸਮਾਗਮ ਕੀਤੇ ਗਏ। ਇਸੇ ਕੜੀ ਤਹਿਤ ਫਰਿਜ਼ਨੋ ਦੇ ਕੁਝ ਕੁ ਹਿੰਮਤੀ ਨੌਜਵਾਨਾਂ ਨੇ ਨਵੇਕਲੀ ਕੋਸ਼ਿਸ਼ ਕੀਤੀ, ਅਤੇ ਬੇਘਰੇ ਲੋਕਾਂ ਲਈ ਪੀਜ਼ੇ ਦੇ ਲੰਗਰ ਲਾਕੇ ਗੁਰ-ਪੁਰਬ ਮਨਾਇਆ। ਇਸ ਮੌਕੇ ਫਰਿਜ਼ਨੋ ਸ਼ਹਿਰ ਦੇ ਡਾਊਨਟਾਊਨ ਵਿੱਚ ਬਣੇ ਹੋਮ ਲਿੱਸ ਸੈਂਟਰ ‘ਪਬਰੇਲੋ ਹਾਊਸ’ ਵਿੱਚ ਨੌਜਵਾਨਾਂ ਨੇ ਪੀਜ਼ੇ ਦਾ ਲੰਗਰ ਅਤੁੱਟ ਵਰਤਾਇਆ। ਇਸ ਮੌਕੇ ਸੈਂਕੜੇ ਲੋਕਾਂ ਨੇ ਪੀਜ਼ੇ ਦੇ ਲੰਗਰ ਦਾ ਅਨੰਦ ਮਾਣਿਆ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਅਤੇ ਸਾਥੀਆ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਵੱਲੋਂ ਚਲਾਇਆ ਵੀਹ ਰੁਪਏ ਦਾ ਲੰਗਰ ਅੱਜ ਪੂਰੀ ਦੁਨੀਆ ਵਿੱਚ ਵਰਤ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਪਹਿਰਾ ਦਿੰਦੇ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਗੁਰੂ ਦਾ ਲੰਗਰ ਲੋੜਵੰਦ ਲੋਕਾਂ ਦੇ ਮੂੰਹ ਵਿੱਚ ਪਵੇ ‘ਤੇ ਅਸੀਂ ਇਸੇ ਕਰਕੇ ਇਹ ਲੰਗਰ ਬੇਘਰੇ ਲੋਕਾਂ ਨੂੰ ਛਕਾਉਣ ਦਾ ਫੈਸਲਾ ਲਿਆ। ਇਸ ਮੌਕੇ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਫ਼ਲਸਫ਼ੇ ਤੋਂ ਵੀ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਹਨਾਂ ਕਿਹਾ ਕਿ ਅਸੀਂ ਹਰ ਸਾਲ ਗੁਰਪੁਰਬ ਤੇ ਇਹ ਲੰਗਰ ਜਾਰੀ ਰੱਖਣ ਦੀ ਵੀ ਕੋਸ਼ਿਸ਼ ਕਰਾਂਗੇ ।


SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA | MasterCard | AMERICAN EXPRESS | DISCOVER NETWORK





1003 Moffat Blvd,
Manteca CA 95336

209-239-1551

# ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ

## ਕਾਂਗਰਸ ਦੀ ਕੌਮੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ, ਕਾਂਗਰਸੀ ਉਮੀਦਵਾਰ ਮੁਕੇਸ਼ ਅਗਨੀਹੋਤਰੀ, ਹਰੋਲੀ ਵਿਧਾਨ ਸਭਾ ਹਲਕਾ (ਹਿਮਾਚਲ ਪ੍ਰਦੇਸ਼) ਦੇ ਹੱਕ ਵਿਚ ਪ੍ਰਚਾਰ ਕਰਦੀ ਹੋਈ









**Left :** Rana Ranjit Singh President District Congress Committee Una Right: Baldev Saroa (Retd Tehsildar) General Secretary District Congress Commuttee Una HP Centre : Sh.Mukesh Agnihotri ji, Leader of Opposition In HP and would be Chief Minister HP





ਰਿਟਾਇਰਡ ਤਹਿਸੀਲਦਾਰ ਬਲਦੇਵ ਚੰਦ ਸਰੋਆ ਕਾਂਗਰਸੀ ਉਮੀਦਵਾਰ ਸ੍ਰੀ ਅਗਨੀਹੋਤਰੀ ਨਾਲ।





ਹਿਮਾਚਲ ਪ੍ਰਦੇਸ਼ 'ਚ ਜਿਲਾਂ ਊਨਾ ਦੇ ਪਿੰਡ ਸਲੋਹ ਵਿਖੇ ਪਹਿਲੀ ਤਸਵੀਰ 'ਚ ਤਮੰਨਾ ਅਤੇ ਵਿਪਾਸ਼ਾ, ਦੂਜੀ ਤਸਵੀਰ ਵਿਚ ਵਿਪਾਸ਼ਾ, ਆਸਤਰਾ (ਪਿੱਛੇ ਖੜ੍ਹੀ), ਤਮੰਨਾ ਅਤੇ ਮਾਸਟਰ ਸਾਧੂ ਰਾਮ ਭੱਟੀ। ਤਮੰਨਾ 10ਵੀਂ ਜਮਾਤ ਵਿੱਚ ਹੈ ਅਤੇ ਬਾਕੀ ਦੋ ਮਿਡਲ ਸਕੂਲ ਵਿੱਚ ਹਨ।



ਖੱਬੇ ਪਾਸੇ ਤਹਿਸੀਲਦਾਰ ਬਲਦੇਵ ਚੰਦ ਸਰੋਆ ਅਤੇ ਸੱਜੇ ਪਾਸੇ ਮਾਸਟਰ ਗੁਰਦਾਸ ਰਾਮ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਪੜਦੇ ਹੋਏ







ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੇ ਪਿੰਡ ਸਲੋਹ ਵਿਖੇ ਨਾਮਵਰ ਕਵੀ ਸੁਭਾਸ਼ ਪਾਰਸ ਦੀ ਕਿਤਾਬ 'ਫਰਿਸ਼ਤੇ' ਸਾਹਿਤ ਪ੍ਰੇਮੀ ਰਿਲੀਜ਼ ਕਰਦੇ ਹੋਏ।

# ਪੰਜਾਬੀ ਮਾਹ ਨੂੰ ਸਮਰਪਿਤ ਵਿਸ਼ਾਲ ਸਾਹਿਤਕ ਤੇ ਪੁਸਤਕ ਮੇਲਾ ਬੀ.ਐੱਡ. ਕਾਲਜ ਡੱਲੇਵਾਲ ਵਿੱਚ

**ਹੁਸ਼ਿਆਰਪੁਰ –** ਭਾਸ਼ਾ ਵਿਭਾਗ ਪੰਜਾਬ ਦੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਅਤੇ ਪੰਜਾਬੀ ਵਿਕਾਸ ਮੰਚ ਹਰਿਆਣਾ ਵਲੋਂ ਆਪਸੀ ਸਹਿਯੋਗ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਿਤੀ 10 ਅਤੇ 11 ਨਵੰਬਰ ਨੂੰ ਪੁਸਤਕ ਮੇਲਾ ਅਤੇ ਲੋਕਧਾਰਾ ਤੇ ਲੋਕ ਭਾਸ਼ਾ ਵਿਸ਼ੇ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਪੰਜਾਬੀ ਮਾਹ ਨੂੰ ਸਮਰਪਿਤ ਲੜੀ ਤਹਿਤ ਹੋਣ ਵਾਲਾ ਸਮਾਗਮ ਸ਼੍ਰੀ ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਡੱਲੇਵਾਲ ਨੇੜੇ ਕਸਬਾ ਹਰਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰਿੰਸੀਪਲ ਐਜੂਕੇਸ਼ਨ ਕਾਲਜ ਡਾ. ਸ਼ਸ਼ੀ ਨੇਗੀ ਨਾਲ ਇਸ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਅਤੇ ਰੂਪ-ਰੇਖਾ ਸਾਂਝੀਕਰਨ ਪਹੁੰਚੇ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਤੋਂ ਖੋਜ ਅਫ਼ਸਰ ਡਾ. ਜਸਵੰਤ ਰਾਏ ਅਤੇ ਹਰਿਆਣਾ ਪੰਜਾਬੀ ਵਿਕਾਸ ਮੰਚ ਦੇ ਸਕੱਤਰ ਵਰਿੰਦਰ ਨਿਮਾਣਾ ਨੇ ਸਾਂਝੇ ਤੌਰ ਤੇ ਆਖਿਆ ਕਿ ਡੱਲੇਵਾਲ ਕਾਲਜ ਦੇ ਵਿਹੜੇ ਵਿੱਚ ਹੋਣ ਵਾਲੇ ਇਸ ਦੋ ਦਿਨਾ ਸਮਾਗਮ ਵਿੱਚ ਪਹਿਲੇ ਦਿਨ 10 ਵਜੇ ਸਵੇਰੇ ਉਦਘਾਟਨੀ ਰਸਮਾਂ ਤੋਂ ਬਾਅਦ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਪੰਜਾਬੀ ਗੀਤ-ਸੰਗੀਤ ਤੇ ਕਲਾ ਨਾਲ ਸੰਬੰਧਿਤ ਵੰਨਗੀਆਂ ਪੇਸ਼ ਕਰਨਗੇ। ਦੁਪਹਿਰ ਇੱਕ ਵਜੇ ਵਰਿੰਦਰ ਨਿਮਾਣਾ ਦੀ ਪੁਸਤਕ 'ਗਵੱਈਆਂ ਤੇ ਜਰਨੈਲਾਂ ਦਾ ਗਵਾਹ ਹਰਿਆਣਾ' ਦਾ ਲੋਕ-ਅਰਪਣ ਕੀਤਾ ਜਾਵੇਗਾ। ਦੂਜੇ ਦਿਨ 11 ਨਵੰਬਰ ਨੂੰ ਭਾਸ਼ਾ ਵਿਭਾਗ ਵਲੋਂ ਲੋਕਧਾਰਾ ਤੇ ਲੋਕ ਭਾਸ਼ਾ ਵਿਸ਼ੇ ਤੇ ਭਾਸ਼ਣ ਅਤੇ ਕਾਲਜਾਂ ਦੇ ਵਿਦਿਆਰਥੀ ਲੋਕ-ਗੀਤ ਸੰਗੀਤ ਦੀਆਂ ਵਿਭਿੰਨ ਵੰਨਗੀਆਂ ਪੇਸ਼ ਕਰਨਗੇ। 11 ਨਵੰਬਰ ਵਾਲੇ ਸਮਾਗਮ ਦੀ ਪ੍ਰਧਾਨਗੀ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਐੱਮ.ਐੱਲ.ਏ. ਹਲਕਾ ਦਸੂਹਾ ਕਰਨਗੇ। ਵਿਸ਼ੇਸ਼ ਮਹਿਮਾਨ ਸ. ਚੇਤਨ ਸਿੰਘ ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਅਤੇ ਪ੍ਰਧਾਨਗੀ ਸ਼੍ਰੋਮਣੀ ਪੰਜਾਬੀ ਕਵੀ ਪ੍ਰੋ. ਸੁਰਜੀਤ ਜੱਜ ਕਰਨਗੇ। ਸਮਾਗਮ ਦੀ ਖਿੱਚ ਦਾ ਕੇਂਦਰ ਪੰਜਾਬ ਦੇ ਵੱਡੇ ਪ੍ਰਕਾਸ਼ਕਾਂ ਤੇ ਭਾਸ਼ਾ ਵਿਭਾਗ ਵਲੋਂ ਸਾਹਿਤਕ, ਸਭਿਆਚਾਰਕ, ਧਾਰਮਿਕ, ਵਿਗਿਆਨਕ ਅਤੇ ਦਰਸ਼ਨ ਨਾਲ ਸੰਬੰਧਿਤ ਪੁਸਤਕਾਂ ਦੀ ਪ੍ਰਦਰਸ਼ਨੀ ਹੋਵੇਗੀ।ਇਹ ਸਮਾਗਮ ਅਧਿਆਪਕਾਂ, ਵਿਦਿਆਰਥੀਆਂ ਅਤੇ ਪਾਠਕਾਂ ਦੀ ਸਾਹਿਤਕ ਭੁਖ ਨੂੰ ਪੂਰੀ ਕਰਨ 'ਚ ਅਹਿਮ ਭੂਮਿਕਾ ਨਿਭਾਏਗਾ।ਇਸ ਕਰਕੇ ਇਸ ਸਮਾਗਮ ਵਿੱਚ ਜ਼ਰੂਰ ਸ਼ਿਰਕਤ ਕਰਨੀ ਚਾਹੀਦੀ ਹੈ। ਇਸ ਮੌਕੇ ਮੈਡਮ ਨੀਲਮ ਰਾਜੂ, ਇਕਬਾਲਪ੍ਰੀਤ ਸਿੰਘ, ਅਰੁਣ ਕੁਮਾਰ, ਪੁਸ਼ਪਿੰਦਰ ਕੌਰ, ਅਮਨਦੀਪ ਕੌਰ, ਪ੍ਰੀਆ ਦੇਵੀ, ਜਸਵੀਰ ਸੈਣੀ, ਕੁਲਦੀਪ ਕੌਰ ਅਤੇ ਡਾ. ਸਨੀ ਹਾਜ਼ਰ ਸਨ।



**ਰਿਪੋਰਟ: ਡਾ. ਜਸਵੰਤ ਰਾਏ ਖੋਜ ਅਫ਼ਸਰ**
**ਭਾਸ਼ਾ ਵਿਭਾਗ ਦਫ਼ਤਰ, ਹੁਸ਼ਿਆਰਪੁਰ**

# ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਜਾਰੀ

**ਫਗਵਾੜਾ 6 ਨਵੰਬਰ (ਬੀਕੇ ਰੱਤੂ)–** ਗੁਰਦੁਆਰਾ ਸ੍ਰੀ ਬੇਰੀ ਸਾਹਿਬ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਦੀ ਪ੍ਰਬੰਧਕ ਕਮੇਟੀ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦਾ ਸਿਲਸਿਲਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲਗਾਤਾਰ ਜਾਰੀ ਹੈ। ਰੋਜਾਨਾ ਸਵੇਰੇ 4।30 ਵਜੇ ਹੈਡ ਗ੍ਰੰਥੀ ਭਾਈ ਦਲਵਿੰਦਰ ਸਿੰਘ ਵਲੋਂ ਸਰਬਤ ਦੇ ਭਲੇ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਤੋਂ ਰਵਾਨਾ ਹੋਣ ਵਾਲੀ ਪ੍ਰਭਾਤ ਫੇਰੀ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਜੁੜਦੀਆਂ ਹਨ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਜਾਪ ਕਰਦੇ ਹੋਏ ਪਿੰਡ ਦੀ ਪਰਿਕ੍ਰਮਾ ਕਰਕੇ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੁੰਦੀ ਹੈ। ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਨੂੰ ਰੰਗ ਬਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ ਹੈ ਜੋ ਰਾਤ ਸਮੇਂ ਬਹੁਤ ਹੀ ਖੂਬਸੂਰਤ ਦ੍ਰਿਸ਼ ਪੇਸ਼ ਕਰਦੀਆਂ ਹਨ। ਕਮੇਟੀ ਪ੍ਰਧਾਨ ਸ ਮਹਿੰਦਰ ਸਿੰਘ ਢੱਡਵਾਲ, ਸਕੱਤਰ ਸਰਬਜੀਤ ਸਿੰਘ ਢੱਡਵਾਲ ਅਤੇ ਮੋਹਨ ਸਿੰਘ ਢੱਡਵਾਲ ਨੇ ਦੱਸਿਆ ਕਿ ਗੁਰਪੁਰਬ ਨੂੰ ਸਮਰਪਿਤ ਸਮਾਗਮ 7, 8 ਅਤੇ 9 ਨਵੰਬਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਜਾਵੇਗਾ। ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਦੂਸਰੇ ਦਿਨ 8 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜਦਕਿ 9 ਨਵੰਬਰ ਨੂੰ ਤੀਸਰੇ ਅਤੇ ਆਖਰੀ ਦਿਨ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਢਾਡੀ ਜੱਥਾ ਭਾਈ ਲਖਵਿੰਦਰ ਸਿੰਘ ਨਿਮਾਣਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਘਰ ਕਾ ਲੰਗਰ ਅਤੇ ਚਾਹ ਪਕੌੜਿਆਂ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ। ਇਸ ਮੌਕੇ ਪ੍ਰਵਾਸੀ ਭਾਰਤੀ ਪਿਆਰਾ ਸਿੰਘ ਢੱਡਵਾਲ, ਹਰਦੇਵ ਸਿੰਘ, ਹਰਦਿਆਲ ਸਿੰਘ, ਕੁਲਵੀਰ ਸਿੰਘ ਨੰਬਰਦਾਰ, ਬਲਵੀਰ ਸਿੰਘ, ਜਤਿੰਦਰ ਸਿੰਘ ਪੰਚ, ਗੁਰਦੀਪ ਸਿੰਘ ਨੰਬਰਦਾਰ, ਲੈਂਬਰ ਸਿੰਘ ਹਾਜਰ ਸਨ।








# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਬਿਆਸ ਮੁੱਖੀ ਨਾਲ ਕੀਤੀ ਮੁਲਾਕਾਤ







**ਰਈਆ 5 ਨਵੰਬਰ–** ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਪੁੱਜ ਕੇ ਡੇਰਾ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨਾਲ ਮੁਲਾਕਾਤ ਕੀਤੀ ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਮਪੁਰ ਤੋਂ ਹੈਲੀਕਾਪਟਰ ਰਾਹੀਂ ਅੱਜ ਗਿਆਰਾਂ ਵਜੇ ਦੇ ਕਰੀਬ ਡੇਰਾ ਬਿਆਸ ਅੰਦਰ ਬਣੇ ਪ੍ਰਾਈਵੇਟ ਏਅਰ ਬੇਸ ਤੇ ਪੁੱਜੇ ਜਿੱਥੇ ਡੇਰਾ ਰਾਧਾ ਸੁਆਮੀ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਖ਼ੁਦ ਲੈਣ ਲਈ ਪੁੱਜੇ ਹੋਏ ਸਨ ਡੇਰਾ ਮੁੱਖੀ ਅਤੇ ਪ੍ਰਧਾਨ ਮੰਤਰੀ ਵੱਲੋਂ ਬੰਦ ਕਮਰਾ 'ਚ ਮੀਟਿੰਗ ਕੀਤੀ ਗਈ ਮੀ-ਟਿੰਗ ਦੌਰਾਨ ਹੋਈ ਗੱਲਬਾਤ ਦੇ ਵੇਰਵਿਆ ਦਾ ਪਤਾ ਨਹੀ ਚਲ ਸਕਿਆ ਮੀਟਿੰਗ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਡੇਰੇ ਅੰਦਰ ਬਣੀ ਲਾਇਬਰੇਰੀ ਲੰਗਰ ਹਾਲ ਅਤੇ ਡੇਰਾ ਬਿਆਸ ਵਿੱਚ ਲੰਗਰ ਬਣਾਉਣ ਦੇ ਤਰੀਕੇ ਅਤੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਲੰਗਰ ਹਾਲ ਵਿਚ ਸੇਵਾ ਕਰ ਰਹੀਆਂ ਬੀਬੀਆਂ ਦੀ ਸ਼ਰਧਾ ਭਾਵਨਾ ਦੇਖ ਕੇ ਮੋਦੀ ਨੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਵੀ ਦਿੱਤੀਆਂ, ਭਰੋਸੇਯੋਗ ਸੂਤਰਾਂ ਮੁਤਾਬਿਕ ਬਾਬਾ ਜੀ ਵਲੋ ਪ੍ਰਧਾਨ ਮੰਤਰੀ ਨੂੰ ਡੇਰੇ ਵਿਚ ਉਪਲਬਧ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਇਸ ਤੋ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈਲੀਕਾਪਟਰ ਰਾਹੀ 12:00 ਵਜੇ ਦੇ ਕਰੀਬ ਹਿਮਾਚਲ ਲਈ ਰਵਾਨਾ ਹੋ ਗਏ ਉੱਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਰਾਹੀ ਕਿਹਾ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੁ-ਆਰਾ ਕੀਤੇ ਜਾ ਰਹੇ ਬੇਮਿਸਾਲ ਕਾਰਜਾਂ ਨੂੰ ਵੇਖਣ ਦਾ ਮੌਕਾ ਪ੍ਰਾਪਤ ਕਰਕੇ ਬਹੁਤ ਖੁਸ਼ੀ ਹੋਈ। ਬਾਬਾ ਗੁਰਿੰਦਰ ਸਿੰਘ ਢਿਲੋਂ ਜੀ ਨਾਲ ਵੀ ਵਿਚਾਰ-ਵਟਾਂਦਰਾ ਹੋਇਆ, ਜਿਨ੍ਹਾਂ ਦਾ ਸੇਵਾ ਪ੍ਰਤੀ ਜਜ਼ਬਾ ਸ਼ਲਾਘਾਯੋਗ ਅਤੇ ਪ੍ਰੇਰਨਾਦਾਇਕ ਹੈ। ਇਸ ਮੌਕੇ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ,ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ,ਭਾਜਪਾ ਆਗੂ ਅਤੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਵੀ ਪੁੱਜੇ ਹੋਏ ਸਨ ਪ੍ਰਧਾਨ ਮੰਤਰੀ ਮੋਦੀ ਦੇ ਦੌਰੇ ਦੇ ਮੁੱਦੇ ਨਜ਼ਰ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ ਭਾਵੇਂ ਪ੍ਰਧਾਨਮੰਤਰੀ ਹੈਲੀਕੈਪਟਰ ਰਾਹੀਂ ਡੇਰਾ ਬਿਆਸ ਆਏ ਪਰ ਫਿਰ ਵੀ ਸੜਕਾਂ ਕਿਨਾਰੇ ਸੁਰੱਖਿਆ ਸਖਤ ਕਰ ਦਿੱਤੀ ਗਈ ਸੀ ਡੇਰਾ ਬਿਆਸ ਦੁਆਲੇ ਭਾਰੀ ਸੁਰੱਖਿਆ ਕਰਮੀ ਤਾਇਨਾਤ ਕੀਤੇ ਗਏ ਸਨ।

**- ਕਮਲਜੀਤ ਸੋਨੂੰ**

## ਮੁੰਬਈ ਦੇ ਹਸਪਤਾਲ 'ਚ 130 ਸਾਲ ਪੁਰਾਣੀ ਬ੍ਰਿਟਿਸ਼ ਕਾਲ ਦੀ ਸੁਰੰਗ ਮਿਲੀ

**ਮਹਾਰਾਸ਼ਟਰ–** ਮੁੰਬਈ ਦਾ ਮਸ਼ਹੂਰ ਜੇਜੇ ਹਸਪਤਾਲ ਇਕ ਪੁਰਾਣਾ ਸਰਕਾਰੀ ਹਸਪਤਾਲ ਹੈ, ਇਸ ਹਸਪਤਾਲ ਦਾ ਇਤਿਹਾਸ 175 ਸਾਲ ਪੁਰਾਣਾ ਹੈ। ਇਹ ਗਰੀਬ ਮਰੀਜ਼ਾਂ ਦੇ ਇਲਾਜ ਲਈ ਮਹਾਰਾਸ਼ਟਰ ਵਿਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਮਸ਼ਹੂਰ ਹੈ। ਬ੍ਰਿਟਿਸ਼ ਕਾਲ ਦੇ ਦੌਰਾਨ ਦੀ ਇਕ ਸੁਰੰਗ ਮੁੰਬਈ ਦੇ ਸਰ ਜੇ।ਜੇ ਹਸਪਤਾਲ ਵਿਚ ਮਿਲੀ ਹੈ। ਬ੍ਰਿਟਿਸ਼ ਕਾਲ ਦੀ ਇਹ ਸੁਰੰਗ ਲਗਭਗ 130 ਸਾਲ ਪੁਰਾਣੀ ਦੱਸੀ ਜਾਂਦੀ ਹੈ। ਜਿਵੇਂ ਹੀ ਸੁਰੰਗ ਦੀ ਹੋਂਦ ਬਾਰੇ ਪਤਾ ਲੱਗਾ ਤਾਂ ਜੇਜੇ ਹਸਪਤਾਲ ਦੇ ਲੋਕਾਂ ਨੇ ਪੁਰਾਤੱਤਵ ਵਿਭਾਗ ਨੂੰ ਇਸ ਦੀ ਸੂਚਨਾ ਦਿੱਤੀ। ਵਿਭਾਗ ਹੁਣ ਸਥਾਨਕ ਪ੍ਰਸ਼ਾਸਨ ਨੂੰ ਰਿਪੋਰਟ ਕਰੇਗਾ।



ਹਸਪਤਾਲ ਦੇ ਡਾਕਟਰ ਅਰੁਣ ਰਾਠੌਰ ਜਦੋਂ ਰਾਊਂਡ ਉਤੇ ਸਨ ਤਾਂ ਉਨ੍ਹਾਂ ਨੇ ਇਸ ਕੰਧ ਦੇ ਸੁਰਾਖ ਰਾਹੀਂ ਇਸ ਸੁਰੰਗ ਨੂੰ ਦੇਖਿਆ। ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਇਹ ਇਮਾਰਤ 130 ਸਾਲ ਪੁਰਾਣੀ ਹੈ।

ਅੰਗਰੇਜ਼ਾਂ ਦੇ ਸਮੇਂ ਦੌਰਾਨ ਬਣੀ ਇਸ ਸੁਰੰਗ ਦੀ ਵਰਤੋਂ ਸ਼ਾਇਦ ਅੰਗਰੇਜ਼ਾਂ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਕੀਤੀ ਹੋਵੇਗੀ ਕਿਉਂਕਿ ਉਸ ਸਮੇਂ ਜੰਗਾਂ ਜ਼ਿਆਦਾ ਹੁੰਦੀਆਂ ਸਨ, ਜਦੋਂ ਕਿ ਲੋਕਾਂ ਦਾ ਮੰਨਣਾ ਹੈ ਕਿ ਇਹ ਸੁਰੰਗ ਸਮੁੰਦਰ ਨਾਲ ਜੁੜੀ ਹੋਈ ਹੈ। ਸੁਰੰਗ ਦੀ ਲੰਬਾਈ 200 ਮੀਟਰ ਲੰਬੀ ਦੱਸੀ ਜਾਂਦੀ ਹੈ। ਇਹ ਸੁਰੰਗ ਡਲਿਵਰੀ ਵਾਰਡ ਤੋਂ ਬੱਚਿਆਂ ਦੇ ਵਾਰਡ ਤੱਕ ਜਾਂਦੀ ਹੈ। ਸੁਰੰਗ ਵਿਚ ਵੱਖ-ਵੱਖ ਥਾਵਾਂ 'ਤੇ ਛੋਟੇ-ਛੋਟੇ ਪਿੱਲਰ ਹਨ ਅਤੇ ਖਿੜਕੀਆਂ ਨਾ ਹੋਣ ਕਾਰਨ ਲੋਕਾਂ ਨੂੰ ਸਾਹ ਲੈਣ ਵਿਚ ਵੀ ਦਿੱਕਤ ਦਾ ਸਾਹਮਣਾ ਕਰਨਾ ਪਿਆ। ਦੱਸ ਦਈਏ ਕਿ ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਵੀ 2016 'ਚ ਮੁੰਬਈ ਦੇ ਮਾਲਾਬਾਰ ਹਿੱਲ ਸਥਿਤ ਰਾਜ ਭਵਨ ਵਿਚ ਬ੍ਰਿਟਿਸ਼ ਕਾਲ ਦੀ ਸੁਰੰਗ ਮਿਲੀ ਸੀ, ਜਿਸ 'ਚ ਅੰਗਰੇਜ਼ ਆਪਣੇ ਰਾਜ ਦੌਰਾਨ ਹਥਿਆਰ ਰੱਖਦੇ ਸਨ।

## ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਇੱਕੋ ਹੀ ਦਿਨ 'ਚ 5000 ਕਰੋੜ ਤੋਂ ਵੱਧ ਦਾ ਐੱਮਐੱਸਪੀ ਭੁਗਤਾਨ ਕੀਤਾ: ਕਟਾਰੂਚੱਕ

**ਦਲਜੀਤ ਕੌਰ**

**ਸੰਗਰੂਰ, 6 ਨਵੰਬਰ, 2022–**ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਨਿਰਵਿਘਨ ਖ਼ਰੀਦ ਕਰਨ ਲਈ ਕੀਤੀ ਵਚਨਬੱਧਤਾ ਦੇ ਮੱਦੇਨਜ਼ਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਦੱਸਿਆ ਕਿ ਸੂਬੇ ਵਿੱਚ ਚੱਲ ਰਹੇ ਝੋਨੇ ਦੇ ਖਰੀਦ ਸੀਜਨ ਦੌਰਾਨ ਕੱਲ ਇੱਕੋ ਦਿਨ ਵਿੱਚ ਲਗਭਗ 1,84,409 ਕਿਸਾਨਾਂ ਦੇ ਖਾਤਿਆਂ ਵਿੱਚ 5334,54 ਕਰੋੜ ਰੁਪਏ ਦੀ ਐੱਮਐੱਸਪੀ ਅਦਾਇਗੀ ਸਿੱਧੇ ਤੌਰ 'ਤੇ ਜਾਰੀ ਕਰ ਦਿੱਤੀ ਗਈ ਹੈ, ਜਦਕਿ 1500 ਕਰੋੜ ਰੁਪਏ ਦੀ ਅਦਾਇਗੀ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਜੋ ਕਿ ਸੋਮਵਾਰ ਨੂੰ ਬੈਂਕਾਂ ਦੇ ਖੁੱਲ੍ਹਣ ਤੋਂ ਬਾਅਦ ਜਾਰੀ ਕਰ ਦਿੱਤੇ ਜਾਣਗੇ। ਉਨਾਂ ਇਹ ਵੀ ਦੱਸਿਆ ਕਿ ਬੀਤੇ ਕੱਲ੍ਹ ਤੱਕ ਇਸ ਸੀਜ਼ਨ ਦੇ 144 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਅਦਾਇਗੀਆਂ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਬੀਤੇ ਕੱਲ੍ਹ ਤੱਕ ਕੁੱਲ 25424,86 ਕਰੋੜ ਰੁਪਏ ਦੀਆਂ ਐੱਮਐੱਸਪੀ ਅਦਾਇਗੀਆਂ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਹੁਣ ਤੱਕ ਲਗਭਗ 6,5 ਲੱਖ ਕਿਸਾਨ ਐੱਮਐੱਸਪੀ ਦਾ ਲਾਭ ਉਠਾ ਚੁੱਕੇ ਹਨ। ਉਨਾਂ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਕਿਸਾਨਾਂ ਦੇ ਖ਼ੂਨ-ਪਸੀਨੇ ਨਾਲ ਪੈਦਾ ਕੀਤੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ। ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸ਼੍ਰੀ ਰਾਹੁਲ ਭੰਡਾਰੀ ਨੇ ਕਿਹਾ ਕਿ ਨਵੰਬਰ ਲਈ ਨਕਦ ਕਰਜ਼ਾ ਹੱਦ (ਸੀਸੀਐੱਲ) ਦੀ ਮਨਜ਼ੂਰੀ ਦੇ ਨਾਲ, ਐੱਮਐੱਸਪੀ ਭੁਗਤਾਨ ਨਿਰਵਿਘਨ ਕਰਨਾ ਜਾਰੀ ਰੱਖਿਆ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਾਝਾ ਖੇਤਰ ਵਿੱਚ ਲਗਭਗ ਸਾਰੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਹੋ ਚੁੱਕੀ ਹੈ ਅਤੇ ਹੁਣ ਸਭ ਤੋਂ ਵੱਧ ਝੋਨੇ ਦੀ ਆਮਦ ਮਾਲਵਾ ਖੇਤਰ ਵਿੱਚ ਹੋ ਰਹੀ ਹੈ। ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ 72 ਘੰਟੇ ਪਹਿਲਾਂ ਖਰੀਦੇ ਗਏ ਝੋਨੇ ਵਿੱਚੋਂ 98 ਫੀਸਦੀ ਤੋਂ ਵੱਧ ਝੋਨੇ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ।



## ਟੋਭਿਆਂ ਦਾ ਪੁਨਰਨਿਰਮਾਣ ਕਰਕੇ ਸੰਗਰੂਰ ਜ਼ਿਲੇ ਦੇ ਪਿੰਡਾਂ ਦੀ ਜਲਦ ਬਦਲੀ ਜਾਵੇਗੀ ਨੁਹਾਰ: ਡਿਪਟੀ ਕਮਿਸ਼ਨਰ

### ਜ਼ਿਲੇ ਦੇ 44 ਪਿੰਡਾਂ ਦੇ ਟੋਭਿਆਂ ਦੀ ਕਾਇਆ-ਕਲਪ ਲਈ ਉਲੀਕਿਆ 16,78 ਕਰੋੜ ਦੀ ਲਾਗਤ ਵਾਲਾ ਪ੍ਰੋਜੈਕਟ: ਜਤਿੰਦਰ ਜੋਰਵਾਲ

**ਦਲਜੀਤ ਕੌਰ**

**ਸੰਗਰੂਰ, 6 ਨਵੰਬਰ, 2022–** ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਜ਼ਿਲੇ ਦੇ ਪੇਂਡੂ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਨੂੰ ਸਾਫ਼-ਸੁਥਰਾ ਮਾਹੌਲ ਮੁਹੱਈਆ ਕਰਵਾਉਣ ਲਈ ਪਿੰਡਾਂ 'ਚ ਗੰਦਗੀ ਦਾ ਸਰੋਤ ਬਣ ਰਹੇ ਛੱਪੜਾਂ ਦਾ ਜਲਦ ਪੁਨਰਨਿਰਮਾਣ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਤਹਿਤ ਕਿ ਇਸ ਮੰਤਵ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ 16 ਕਰੋੜ 78 ਲੱਖ ਰੁਪਏ ਦੀ ਲਾਗਤ ਵਾਲਾ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ ਜਿਸ ਨਾਲ 44 ਪਿੰਡਾਂ ਦੇ ਟੋਭਿਆਂ ਦੀ ਕਾਇਆ-ਕਲਪ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਤਿੰਨ ਪਿੰਡਾਂ ਅੰਨਦਾਣਾ, ਗੁਜਰਾਂ ਅਤੇ ਕਾਂਝਲਾਂ ਵਿਖੇ ਇਹ ਪ੍ਰੋਜੈਕਟ ਸ਼ੁਰੂ ਹੋ ਗਿਆ ਹੈ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੰਗਰੂਰ ਨੂੰ ਖੁੱਲੇ 'ਚ ਪਖਾਨਾ ਮੁਕਤ (ਓਡੀਐੱਫ਼) ਦਾ ਦਰਜਾ ਪਹਿਲਾਂ ਹੀ ਪ੍ਰਾਪਤ ਹੈ ਅਤੇ ਹੁਣ ਜ਼ਿਲੇ ਨੂੰ ਓਡੀਐੱਫ ਪਲੱਸ ਦਰਜਾਰਬੰਦੀ 'ਚ ਸ਼ਾਮਲ ਕਰਵਾਉਣ ਲਈ ਗਤੀਵਿਧੀਆਂ ਵੱਡੇ ਪੱਧਰ 'ਤੇ ਜਾਰੀ ਹਨ। ਉਨਾਂ ਕਿਹਾ ਕਿ ਇਨਾਂ ਗਤੀਵਿਧੀਆਂ ਤਹਿਤ ਹੀ ਇਹ ਪ੍ਰੋਜੈਕਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਵੱਛ ਭਾਰਤ ਮਿਸ਼ਨ ਗ੍ਰਾਮੀਣ, ਮਗਨਰੇਗਾ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ 15ਵੇਂ ਵਿੱਤ ਕਮਿਸ਼ਨ 'ਚੋਂ ਫੰਡ ਵਰਤ ਕੇ ਪਿੰਡਾਂ ਦੇ ਟੋਭਿਆਂ ਦੀ ਸਫ਼ਾਈ ਲਈ ਤਿਆਰ ਕੀਤਾ ਗਿਆ ਹੈ।

ਸ਼੍ਰੀ ਜੋਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਦੀਆਂ ਹਦਾਇਤਾਂ ਤਹਿਤ ਪਿੰਡਾਂ 'ਚ ਰਹਿਣ ਵਾਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਿੰਡਾਂ 'ਚ ਲੋੜੀਂਦੀਆਂ ਸੁਵਿਧਾਵਾਂ ਦੇ ਨਾਲ-ਨਾਲ ਸਾਫ਼-ਸਫ਼ਾਈ ਵੀ ਯਕੀਨੀ ਬਣਾਈ ਜਾ ਰਹੀ ਹੈ। ਉਨਾਂ ਕਿਹਾ ਕਿ ਟੋਭਿਆਂ ਦਾ ਪੁਨਰ ਨਿਰਮਾਣ ਥਾਪਰ ਮਾਡਲ ਤਹਿਤ ਕਰਵਾਇਆ ਜਾਂਦਾ ਹੈ ਜਿਸ ਤੋਂ ਬਾਅਦ ਇਨਾਂ ਦਾ ਪਾਣੀ ਖੇਤੀਬਾੜੀ ਲਈ ਵਰਤਣ ਦੇ ਨਾਲ-ਨਾਲ ਮੱਛੀ ਪਾਲਣ ਵਰਗੇ ਸਹਾਇਕ ਧੰਦਿਆਂ ਲਈ ਵੀ ਵਰਤਿਆ ਜਾ ਸਕਦਾ ਹੈ। ਉਨਾਂ ਕਿਹਾ ਕਿ ਨਵੀਨੀਕਰਨ ਤੋਂ ਬਾਅਦ ਜ਼ਿਲਾ ਪ੍ਰਸ਼ਾਸਨ ਵੱਲੋਂ ਟੋਭਿਆਂ ਦੇ ਆਲੇ-ਦੁਆਲੇ ਹਰਿ-ਆਲੀ ਪੈਦਾ ਕਰਨ ਦੇ ਮਕਸਦ ਨਾਲ ਬੂਟੇ ਲਾਉਣੇ ਵੀ ਯਕੀਨੀ ਬਣਾਏ ਜਾਂਦੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਵੱਛ ਭਾਰਤ ਮਿਸ਼ਨ ਗ੍ਰਾਮੀਣ 'ਚ ਜਾਗਰੂਕਤਾ ਗਤੀਵਿਧੀਆਂ ਤੋਂ ਇਲਾਵਾ ਤਰਲ ਅਤੇ ਠੋਸ ਕੂੜਾ ਪ੍ਰਬੰਧਨ ਲਈ ਫ਼ੰਡ ਉਪਲਬਧ ਕਰਵਾਏ ਜਾਂਦੇ ਹਨ। ਉਨਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਤਹਿਤ 5,000 ਤੋਂ ਵੱਧ ਆਬਾਦੀ ਵਾਲੇ ਪਿੰਡਾਂ ਨੂੰ ਤਰਲ ਕੂੜਾ ਪ੍ਰਬੰਧਨ ਲਈ 6,60 ਰੁਪਏ ਪ੍ਰਤੀ ਵਿਅਕਤੀ ਅਤੇ 5000 ਤੋਂ ਘੱਟ ਆਬਾਦੀ ਵਾਲੇ ਪਿੰਡਾਂ ਨੂੰ 280 ਰੁਪਏ ਪ੍ਰਤੀ ਵਿਅਕਤੀ ਫੰਡ ਜਾਰੀ ਕਰਨ ਦੀ ਵਿਵਸਥਾ ਹੈ। ਉਨਾਂ ਕਿਹਾ ਕਿ ਯੋਗ ਪਿੰਡਾਂ ਦੀ ਪਛਾਣ ਕਰਕੇ ਜ਼ਿਲਾ ਪ੍ਰਸ਼ਾਸਨ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਰਾਹੀਂ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਦੇ ਫ਼ੰਡ ਪੰਚਾਇਤ ਵਿਭਾਗ ਰਾਹੀਂ ਸਹੀ ਢੰਗ ਨਾਲ ਵਰਤੇ ਜਾਣੇ ਯਕੀਨੀ ਬਣਾਏ ਜਾਂਦੇ ਹਨ।

## ਕਿਸਾਨ-ਅੰਦੋਲਨ ਦੀ ਜਿੱਤ ਦੀ ਵਰ੍ਹੇਗੰਢ 'ਤੇ ਦੀਪਾਮਾਲਾ ਕਰਨ ਦਾ ਸੱਦਾ

**ਦਲਜੀਤ ਕੌਰ**

**ਸੰਗਰੂਰ, 6 ਨਵੰਬਰ, 2022–** ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਜਿਲ੍ਹਾ ਸੰਗਰੂਰ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ, ਮਸਤੂਆਣਾ ਸਾਹਿਬ ਵਿਖੇ ਹੋਈ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ਼ਗਿੱਲ, ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਅਤੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ



ਭੱਟੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਦੌਰਾਨ ਸੱਦਾ ਦਿੱਤਾ ਗਿਆ ਕਿ 19 ਨਵੰਬਰ ਨੂੰ ਕਿਸਾਨ-ਅੰਦੋਲਨ ਦੀ ਜਿੱਤ ਦੀ ਪਹਿਲੀ ਵਰ੍ਹੇਗੰਢ ਮੌਕੇ ਘਰਾਂ 'ਤੇ ਦੀਪਮਾਲਾ ਕੀਤੀ ਜਾਵੇ। ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਜਾਵੇ।

26 ਨਵੰਬਰ ਨੂੰ ਰਾਜਪਾਲ ਭਵਨ, ਚੰਡੀਗੜ੍ਹ ਵੱਲ ਪੰਜਾਬ ਦੀਆਂ ਕਿਸਾਨ-ਜਥੇਬੰਦੀਆਂ ਵੱਲੋਂ ਮਾਰਚ ਕੀਤਾ ਜਾਵੇਗਾ, ਜਿਸ ਦੌਰਾਨ ਬੀਕੇਯੂ-ਡਕੌਂਦਾ ਹਜ਼ਾਰਾਂ ਦੀ ਗਿਣਤੀ 'ਚ ਵੱਡੇ ਕਾਫ਼ਲੇ ਲੈ ਕੇ ਸ਼ਮੂਲੀਅਤ ਕਰੇਗੀ। ਮੀਟਿੰਗ ਦੌਰਾਨ ਕਿਸਾਨ ਆਗੂ ਕਰਮ ਸਿੰਘ ਬਲਿਆਲ, ਲਖਵੀਰ ਸਿੰਘ ਲੱਖਾ, ਨਾਜਮ ਸਿੰਘ ਪੁੰਨਾਂਵਾਲ, ਸਮਸ਼ੇਰ ਸਿੰਘ, ਸੰਤ ਰਾਮ ਛਾਜਲੀ, ਮਹਿੰਦਰ ਸਿੰਘ ਲੌਂਗੋਵਾਲ, ਸਤਨਾਮ ਸਿੰਘ ਕਿਲ੍ਹਾ ਭਰੀਆਂ, ਗੁਰਮੇਲ ਸਿੰਘ, ਕੁਲਦੀਪ ਜੋਸ਼ੀ, ਜਗਜੀਵਨ ਸਿੰਘ ਅਤੇ ਜਗਦੀਪ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਵਿਚ ਮਹਿੰਗਾਈ ਕਾਰਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਵਿਚ ਹੋਈ ਭਾਰੀ ਕਮੀ

**ਸੈਕਰਾਮੈਂਟੋ 4 ਨਵੰਬਰ–** ਅਮਰੀਕਾ ਵਿਚ ਘਰਾਂ ਦੀਆਂ ਅਸਮਾਨ ਨੂੰ ਛੂੰਹ ਰਹੀਆਂ ਕੀਮਤਾਂ ਤੇ ਉੱਚ ਵਿਆਜ ਦਰਾਂ ਕਾਰਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ। ਨੈਸ਼ਨਲ ਐਸੋਸੀਏਸ਼ਨ ਆਫ ਰੀਐਲਟਰਜ ਦੀ ਨਵੀਂ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਰਿਪੋਰਟ ਅਨੁਸਾਰ ਘਰ ਖ਼੍ਰੀਦਣ ਵਾਲਿਆਂ ਵਿਚ ਵਧ ਉਮਰ ਦੇ ਲੋਕ ਵਧੇਰੇ ਸ਼ਾਮਿਲ ਹਨ ਜਦ ਕਿ ਨੌਜਵਾਨਾਂ ਵਿਚ ਘਰ ਖ਼੍ਰੀਦਣ ਲਈ ਸਮਰੱਥਾ ਨਹੀਂ ਹੈ। ਨੌਜਵਾਨਾਂ ਨੂੰ ਘਰ ਖ਼੍ਰੀਦਣ ਦਾ ਸੁਪਨਾ ਪੂਰਾ ਕਰਨ ਲਈ ਲੰਬੀ ਉਡੀਕ ਕਰਨੀ ਪਵੇਗੀ। ਰਿਪੋਰਟ ਅਨੁਸਾਰ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਗਿਣਤੀ ਕੇਵਲ 26% ਹੈ ਜੋ ਪਿਛਲੇ ਸਾਲ ਦੀ ਤੁਲਨਾ ਵਿਚ 34% ਘੱਟ ਹਨ। ਘਰ ਖ਼੍ਰੀਦਣ ਤੇ ਵੇਚਣ ਵਾਲਿਆਂ ਸਬੰਧੀ ਤਿਆਰ ਇਸ ਰਿਪੋਰਟ ਅਨੁਸਾਰ ਪਿਛਲੇ 41 ਸਾਲਾਂ ਦੌਰਾਨ ਪਹਿਲੀ ਵਾਰ ਏਨੀ ਵੱਡੀ ਪੱਧਰ ਉਪਰ ਪਹਿਲੀ ਵਾਰ ਘਰ ਖ਼੍ਰੀਦਣ ਵਾਲੇ ਲੋਕ ਘਟੇ ਹਨ। ਪਿਛਲੇ ਇਕ ਦਹਾਕੇ ਦੌਰਾਨ ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਦੀ ਪ੍ਰਤੀਸ਼ਤ 30 ਤੋਂ 40 % ਦੇ ਵਿਚਕਾਰ ਸੀ ਜਦ ਕਿ 2009 ਵਿਚ ਇਹ ਸਭ ਤੋਂ ਵਧ 50 ਪ੍ਰਤੀਸ਼ਤ ਸਨ। ਪਹਿਲੀ ਵਾਰ ਘਰ ਖ਼੍ਰੀਦਣ ਵਾਲੇ ਲੋਕਾਂ ਦੀ ਉਮਰ ਵੀ ਵਧ ਕੇ 36 ਸਾਲ ਹੋ ਗਈ ਹੈ ਜੋ ਕਿ ਪਿਛਲੇ ਸਾਲ 33 ਸਾਲ ਸੀ। ਇਸੇ ਤਰਾਂ ਹੀ ਵਧ ਉਮਰ ਦੇ ਘਰ ਖ਼੍ਰੀਦਣ ਵਾਲੇ ਲੋਕਾਂ ਦੀ ਉਮਰ ਵੀ 56 ਸਾਲ ਤੋਂ ਵਧ ਕੇ 59 ਸਾਲ ਹੋ ਗਈ ਹੈ। ਰਿਪੋਰਟ ਅਨੁਸਾਰ ਇਸ ਦਾ ਕਾਰਨ ਕੀਮਤਾਂ ਵਿਚ ਵਾਧਾ ਹੋਣਾ ਤੇ ਲੋਕਾਂ ਦੀ ਆਮਦਨ ਘਟਣਾ ਹੈ। ਘਰ ਖ਼੍ਰੀਦਣ ਵਾਲੇ ਦਰਮਿਆਨੇ ਵਰਗ ਦੇ ਲੋਕਾਂ ਦੀ ਆਮਦਨੀ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਘਟ ਕੇ 71000 ਡਾਲਰ ਸਲਾਨਾ ਰਹਿ ਗਈ ਹੈ ਜੋ ਕਿ ਇਸ ਤੋਂ ਪਹਿਲੇ ਸਾਲ ਦੌਰਾਨ 86000 ਡਾਲਰ ਸੀ। ਇਸੇ ਤਰਾਂ ਵਧ ਉਮਰ ਘਰ ਖ਼੍ਰੀਦਣ ਵਾਲੇ ਵਿਅਕਤੀਆਂ ਦੀ ਆਮਦਨੀ 1,12,500 ਡਾਲਰ ਸਲਾਨਾ ਤੋਂ ਘਟ ਕੇ 96000 ਡਾਲਰ ਸਲਾਨਾ ਰਹਿ ਗਈ ਹੈ। ਘੱਟ ਉਮਰ ਵਾਲੇ ਲੋਕ ਆਪਣੀ ਆਮਦਨੀ ਦਾ ਵੱਡਾ ਹਿੱਸਾ ਮਕਾਨ ਦਾ ਕਿਰਾਇਆ ਦੇਣ, ਬੱਚਿਆਂ ਨੂੰ ਪੜਾਉਣ ਲਈ ਲਿਆ ਕਰਜਾ ਵਾਪਿਸ ਕਰਨ, ਬੱਚਿਆਂ ਦੀ ਸਾਂਭ ਸੰਭਾਲ ਤੇ ਹੋਰ ਫੁੱਟਕਲ ਖਰਚਿਆਂ ਉਪਰ ਖਰਚ ਕਰ ਰਹੇ ਹਨ। ਇਸ ਤੋਂ ਇਲਾਵਾ ਵਧੀਆਂ ਘਰਾਂ ਦੀਆਂ ਕੀਮਤਾਂ ਤੇ ਵਿਆਜ ਦਰਾਂ ਵੀ ਉਨਾਂ ਵੱਲੋਂ ਘਰ ਖ਼੍ਰੀਦਣ ਦੇ ਰਾਹ ਵਿਚ ਅੜਿਕਾ ਬਣ ਰਹੀਆਂ ਹਨ।

# ਅਮਰੀਕਾ ਵਿਚ ਮੱਧ ਕਾਲੀ ਚੋਣਾਂ ਦੌਰਾਨ ਹਜਾਰਾਂ 'ਟਰਾਂਸਜੈਂਡਰ' ਵੋਟਰਾਂ ਦੁਆਰਾ ਵੋਟ ਪਾਉਣ ਦੇ ਰਾਹ ਵਿਚ ਪਛਾਣ ਪੱਤਰ ਬਣੇ ਅੜਿਕਾ

**ਸੈਕਰਾਮੈਂਟੋ 8 ਨਵੰਬਰ–** ਮੱਧ ਕਾਲੀ ਚੋਣਾਂ ਦੌਰਾਨ ਅਮਰੀਕਾ ਦੇ ਕੁਝ ਰਾਜਾਂ ਵਿਚ ਵੋਟਰਾਂ ਦੀ ਪਛਾਣ ਸਬੰਧੀ ਕਾਨੂੰਨ ਹੋਣ ਕਾਰਨ ਹਜਾਰਾਂ ਯੋਗ ਟਰਾਂਸਜੈਂਡਰ ਮੱਤਦਾਤਾਵਾਂ ਵੱਲੋਂ ਵੋਟ ਪਾਏ ਜਾਣ ਸਮੇ ਰੁਕਾਵਟਾਂ ਖੜੀਆਂ ਹੋ ਸਕਦੀਆਂ ਹਨ। ਵਿਲੀਅਮਜ ਇੰਸਟੀਚਿਊਟ ਯੁਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਜ ਸਕੂਲ ਆਫ ਲਾਅ ਦੀ ਇਕ ਤਾਜਾ ਰਿਪੋਰਟ ਅਨੁਸਾਰ 43% ਯੋਗ ਟਰਾਂਸਜੈਂਡਰ ਮੱਤਦਾਤਾ ਉਨਾਂ ਰਾਜਾਂ ਵਿਚ ਰਹਿੰਦੇ ਹਨ ਜਿਥੇ ਦਰੁਸਤ ਪਛਾਣ ਦਸਤਾਵੇਜਾਂ ਦੀ ਅਣਹੋਂਦ ਹੈ। ਇਨਾਂ ਰਾਜਾਂ ਵਿਚ ਨਿੱਜੀ ਤੌਰ 'ਤੇ ਵੋਟਾਂ ਪਾਈਆਂ ਜਾਂਦੀਆਂ ਹਨ ਪਰੰਤੂ ਦਸਤਾਵੇਜਾਂ ਵਿਚ ਟਰਾਂਸਜੈਂਡਰ ਵੋਟਰਾਂ ਦੇ ਲਿੰਗ ਦਾ ਸਪਸ਼ਟ ਵੇਰਵਾ ਨਹੀਂ ਹੈ ਜਿਸ ਕਾਰਨ ਹੋ ਸਕਦਾ ਹੈ ਕਿ ਟਰਾਂਸਜੈਂਡਰ ਲੋਕ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਾ ਕਰ ਸਕਣ। ਰਿਪੋਰਟ ਅਨੁਸਾਰ 8,78,300 ਟਰਾਂਸਜੈਂਡਰ ਬਾਲਗ ਮੱਧਕਾਲੀ ਚੋਣਾਂ ਵਿਚ ਵੋਟ ਪਾਉਣ ਦੇ ਯੋਗ ਹਨ ਤੇ ਇਨਾਂ ਵਿਚੋਂ 4,14,000 ਉਨਾਂ 31 ਰਾਜਾਂ ਵਿਚ ਰਹਿੰਦੇ ਹਨ ਜੋ ਨਿੱਜੀ ਤੌਰ 'ਤੇ ਵੋਟਾਂ ਪਾਉਣ ਦਾ ਕੰਮ ਨੇਪਰੇ ਚਾੜਦੇ ਹਨ, ਜਿਸ ਲਈ ਵੋਟਰ ਪਛਾਣ ਪੱਤਰ ਹੋਣਾ ਜਰੂਰੀ ਹੈ। ਰਿਪੋਰਟ ਅਨੁਸਾਰ ਯੋਗ ਟਰਾਂਸਜੈਂਡਰ ਵੋਟਰਾਂ ਵਿਚੋਂ 2,03,700 ਕੋਲ ਅਜਿਹਾ ਕੋਈ ਪਛਾਣ ਪੱਤਰ ਨਹੀਂ ਹੈ ਜਿਨਾਂ ਵਿਚ ਉਨਾਂ ਦੇ ਨਾਂ ਜਾਂ ਲਿੰਗ ਦਾ ਸਪਸ਼ਟ ਤੌਰ 'ਤੇ ਵਰਣਨ ਕੀਤਾ ਗਿਆ ਹੋਵੇ।

ਇਕ ਟਰਾਂਸਜੈਂਡਰ ਵਕੀਲ ਵਾਈਨੇ ਨੌਲੈਂਡ ਨੇ ਇਸ ਬਾਰੇ ਟਿਪਣੀ ਕਰਦਿਆਂ ਕਿਹਾ ਹੈ ਕਿ ਟਰਾਂਸਜੈਂਡਰਾਂ ਨੂੰ ਵੋਟ ਪਾਉਣ ਦੀ ਪ੍ਰਕ੍ਰਿਆ ਵਿਚੋਂ ਬਾਹਰ ਹੋ ਜਾਣ ਦਾ ਡਰ ਸਤਾ ਰਿਹਾ ਹੈ। ਉਨਾਂ ਨਾਲ ਵਿਤਕਰਾ ਹੋ ਰਿਹਾ ਹੈ। ਟਰਾਂਸਜੈਂਡਰ ਮੱਤਦਾਤਾ ਨਹੀਂ ਚਹੁੰਦੇ ਕਿ ਉਨਾਂ ਕੋਲੋਂ ਤਰਾਂ ਤਰਾਂ ਦੇ ਸਵਾਲ ਪੁੱਛੇ ਜਾਣ ਤੇ ਉਨਾਂ ਦਾ ਮਜ਼ਾਕ ਬਣਾਇਆ ਜਾਵੇ।

# ਅਮਰੀਕਾ ਵਿਚ ਮੱਧਕਾਲੀ ਚੋਣਾਂ ਵਿੱਚ ਸ਼ੁਰੂਆਤ ਵਿਚ ਮਿਸਾਲੀ ਵੋਟਿੰਗ

**ਸੈਕਰਾਮੈਂਟੋ 9 ਨਵੰਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਹੋ ਰਹੀਆਂ ਮੱਧਕਾਲੀ ਚੋਣਾਂ ਵਿਚ ਸ਼ੁਰੂਆਤ ਵਿਚ ਰਿਕਾਰਡ ਵੋਟਾਂ ਪਈਆਂ ਹਨ। 8 ਨਵੰਬਰ ਨੂੰ ਸ਼ੁਰੂਆਤੀ ਵੋਟਿੰਗ ਦੌਰਾਨ 4,10 ਕਰੋੜ ਲੋਕਾਂ ਨੇ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕੀਤੀ। 2018 ਦੀਆਂ ਮੱਧਕਾਲੀ ਚੋਣਾਂ ਦੀ ਤੁਲਨਾ ਵਿਚ 10 ਲੱਖ ਵਧ ਮੱਤਦਾਤਾਵਾਂ ਨੇ ਵੋਟਾਂ ਪਾਈਆਂ ਹਨ। ਮੌਜੂਦਾ ਰਾਸ਼ਟਰਪਤੀ ਜੋ ਬਾਈਡਨ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੱਤਦਾਤਾਵਾਂ ਨੂੰ ਵਧ ਚੜਕੇ ਵੋਟਾਂ ਪਾਉਣ ਦੀਆਂ ਵਾਰ ਵਾਰ ਕੀਤੀਆਂ ਗਈਆਂ ਅਪੀਲਾਂ ਸਦਕਾ ਮੱਤਦਾਤਾ ਵੋਟਾਂ ਪਾਉਣ ਵਿਚ ਭਾਰੀ ਦਿਲਚਸਪੀ ਲੈ ਰਹੇ ਹਨ। ਇਸ ਵਾਰ ਦੀਆਂ ਮੱਧ-ਕਾਲੀ ਚੋਣਾਂ ਅਹਿਮ ਸਮਝੀਆਂ ਜਾ ਰਹੀਆਂ ਹਨ ਜੋ ਗੰਨ ਨਿਯੰਤਰਣ, ਅਪਰਾਧ,ਹਿੰਸਾ, ਗਰਭਪਾਤ ਅਧਿਕਾਰ, ਮੁਦਰਾ ਪਸਾਰ , ਮਹਿੰਗਾਈ ਅਤੇ ਲੋਕਤੰਤਰ ਨੂੰ ਖਤਰੇ ਵਰਗੇ ਅਹਿਮ ਮੁੱਦਿਆਂ ਉਪਰ ਲੜੀਆਂ ਜਾ ਰਹੀਆਂ ਹਨ।

ਅਮਰੀਕਾ ਦੇ ਚੋਣ ਪ੍ਰਾਜੈਕਟ ਅਨੁਸਾਰ ਦੇਸ਼ ਭਰ ਵਿਚ ਸ਼ੁਰੂਆਤੀ ਵੋਟਿੰਗ ਦੌਰਾਨ ਬਾਅਦ ਦੁਪਹਿਰ ਤੱਕ 40,114,753 ਮੱਤਦਾਤਾਵਾਂ ਵੱਲੋਂ ਵੋਟਾਂ ਪਾਈਆਂ ਗਈਆਂ ਹਨ। ਇਨਾਂ ਵਿਚੋਂ 18,325,512 ਮੱਤਦਾਤਾਵਾਂ ਨੇ ਨਿੱਜੀ ਤੌਰ 'ਤੇ ਵੋਟਾਂ ਪਾਈਆਂ ਹਨ ਜਦ ਕਿ 21,789,241 ਮੱਤਦਾਤਾਵਾਂ ਨੇ ਹੋਰ ਸਾਧਨਾਂ ਰਾਹੀਂ ਆਪਣੀ ਵੋਟ ਦੀ ਵਰਤੋਂ ਕੀਤੀ ਹੈ।

# ਅਮਰੀਕਾ ਦੇ ਬੋਸਟਨ ਸ਼ਹਿਰ ਵਿਚ ਵੱਖ ਵੱਖ 3 ਥਾਵਾਂ 'ਤੇ ਹੋਈ ਗੋਲੀਬਾਰੀ ਵਿਚ ਇਕ ਮੌਤ, 5 ਹੋਰ ਜ਼ਖਮੀ




**ਸੈਕਰਾਮੈਂਟੋ 9 ਨਵੰਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮਾਸਾਚੂਸੈਟਸ ਰਾਜ ਦੀ ਰਾਜਧਾਨੀ ਬੋਸਟਨ ਵਿਚ ਵੱਖ ਵੱਖ ਥਾਵਾਂ 'ਤੇ ਵਾ-ਪਰੀਆਂ ਗੋਲੀਬਾਰੀ ਦੀਆਂ 3 ਘਟਨਾਵਾਂ ਵਿਚ ਘੱਟੋ ਘੱਟ ਇਕ ਵਿਅਕਤੀ ਦੀ ਮੌਤ ਹੋ ਗਈ ਤੇ 5 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਗੋਲੀਬਾਰੀ ਦੀਆਂ ਘਟਨਾਵਾਂ ਇਕ ਘੰਟੇ ਦੇ ਸਮੇ ਦੌਰਾਨ ਵਾਪਰੀਆਂ। ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਹਿਲੀ ਘਟਨਾ ਸ਼ਾਮ 9 ਵਜੇ ਦੇ ਕਰੀਬ ਮਾਟਾਪਨ ਵਿਚ ਵਾਪਰੀ ਜਿਥੇ ਦੋ ਲੋਕਾਂ ਨੂੰ ਗੋਲੀ ਮਾਰੀ ਗਈ। ਪੁਲਿਸ ਨੇ ਦੋਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਜਿਥੇ ਇਕ ਵਿਅਕਤੀ ਦਮ ਤੋੜ ਗਿਆ। ਦੂਸਰੇ ਵਿਅਕਤੀ ਦੀ ਹਾਲਤ ਖਤਰੇ ਤੋਂ ਬਾਹਰ ਹੈ। ਮ੍ਰਿਤਕ ਦੀ ਪਛਾਣ 48 ਸਾਲਾ ਏਡਵਿਨ ਪਿਜ਼ਾਰੋ ਵਜੋਂ ਹੋਈ ਹੈ। ਪੁਲਿਸ ਨੂੰ ਇਸ ਦੇ 30 ਮਿੰਟ ਬਾਅਦ ਸ਼ਹਿਰ ਨੇੜੇ ਡੋਰਚੈਸਟਰ ਖੇਤਰ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ। ਜਿਥੇ ਇਕ ਬਾਲਗ ਵਿਅਕਤੀ ਨੂੰ ਗੋਲੀ ਮਾਰੀ ਗਈ ਜਿਸ ਦੀ ਹਾਲਤ ਗੰਭੀਰ ਹੈ।

15 ਮਿੰਟ ਬਾਅਦ ਗੋਲੀਬਾਰੀ ਦੀ ਇਕ ਹੋਰ ਘਟਨਾ ਹਾਈਡ ਪਾਰਕ ਵਿਚ ਵਾਪਰੀ ਜਿਸ ਵਿਚ 3 ਵਿਅਕਤੀ ਜ਼ਖਮੀ ਹੋਏ ਹਨ। ਕੀ ਇਨਾਂ ਘਟਨਾਵਾਂ ਦਾ ਆਪਸ ਵਿਚ ਕੋਈ ਸਬੰਧ ਹੈ,ਬਾਰੇ ਪੁਲਿਸ ਜਾਂਚ ਕਰ ਰਹੀ ਹੈ। ਪੁਲਿਸ ਨੇ ਬੋਸਟਨ ਤੋਂ 17 ਮੀਲ ਦੂਰ ਬਰਾਕਟੋਨ ਵਿਚ ਇਕ 24 ਸਾਲਾ ਵਿਅਕਤੀ ਅਕੂਆਨ ਹਡਸਨ ਨੂੰ ਹਿਰਾਸਤ ਵਿਚ ਲਿਆ ਹੈ ਜਿਸ ਦੇ ਇਨਾਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਸ਼ਾਮਿਲ ਹੋਣ ਦਾ ਸ਼ੱਕ ਹੈ। ਇਸ ਬਾਰੇ ਪੁਲਿਸ ਨੇ ਅਜੇ ਹੋਰ ਜਾਣਕਾਰੀ ਨਹੀਂ ਦਿੱਤੀ।

# ਯੂਬਾ ਸਿਟੀ, (ਕੈਲੀਫੋਰਨੀਆ) ਵਿੱਚ ਵਿਸ਼ਾਲ ਨਗਰ ਕੀਰਤਨ ਤੇ ਧਾਰਮਿਕ ਸਮਾਗਮਾਂ 'ਚ ਸਵਾ ਲੱਖ ਤੋਂ ਵੱਧ ਸੰਗਤਾਂ ਨੇ ਦੂਰੋਂ ਨੇੜਿਓਂ ਸ਼ਮੂਲੀਅਤ ਕੀਤੀ













**ਸੈਕਰਾਮੈਂਟੋ, ਕੈਲੀਫੋਰਨੀਆ)–** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸੈਕਰਾਮੈਂਟੋ ਲਾਗੇ ਯੂਬਾ ਸਿਟੀ ਵਿੱਚ ਕੱਢੇ ਗਏ 43 ਵੇਂ ਨਗਰ ਕੀਰਤਨ ਤੇ ਕਈ ਹਫਤਿਆਂ ਤੋਂ ਚੱਲ ਰਹੇ ਧਾਰਮਿਕ ਸਮਾਗਮਾਂ ਦੌਰਾਨ ਕਰੀਬ ਸਵਾ ਲੱਖ ਤੋਂ ਵੱਧ ਸੰਗਤਾਂ ਨੇ ਸਮੂਲੀਅਤ ਕੀਤੀ। ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਇਸ ਨਗਰ ਕੀਰਤਨ ਦੀਆਂ ਤਿਆਰੀਆਂ ਕਰੀਬ ਇੱਕ ਮਹੀਨੇ ਸ਼ੁਰੂ ਸਨ ਤੇ ਇਸ ਦੌਰਾਨ ਧਾਰਮਿਕ ਕਾਰਜ ਦੌਰਾਨ ਹਰ ਰੋਜ ਕੀਰਤਨ ਦਰਬਾਰ ਹੁੰਦਾ ਸੀ ਤੇ ਇਨਾਂ ਧਾਰਮਿਕ ਕਾਰਜਾਂ ਨੂੰ ਨੇਪੜੇ ਚਾੜਨ ਲਈ ਸੰਗਤ ਨੇ ਭਾਰੀ ਉਤਸ਼ਾਹ ਨਾਲ ਵੱਖ ਵੱਖ ਤਰਾਂ ਦੀ ਸੇਵਾ ਕੀਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਅਖ਼ੀਰਲੇ ਦਿਨ ਨਗਰ ਕੀਰਤਨ ਸਜਾਏ ਗਏ ਇਸ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਇਨਾਂ ਧਾਰਮਿਕ ਦਿਵਾਨਾਂ ਤੇ ਨਗਰ ਕੀਰਤਨ ਵਿੱਚ ਵਿਸ਼ਾਲ ਸੰਗਤਾਂ ਨੇ ਹਾਜਰੀ ਭਰੀ। ਪਿਛਲੇ ਹਫਤੋਂ ਤੋਂ ਵੱਖ ਵੱਖ ਪ੍ਰੋਗਰਾਮਾਂ ਚ ਆਤਿਸ਼ਬਾਜੀ ਹੋਈ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ, ਸੈਮੀਨਾਰ ਕਰਾਇਆ ਗਿਆ, ਢਾਡੀ ਦਰਬਾਰ ਕਰਵਾਇਆ ਗਿਆ, ਰੈਣ ਸੁਬਾਈ ਕੀਰਤਨ ਹੋਇਆ, ਐਤਕਾਂ ਬੱਚਿਆਂ ਦਾ ਕੀਰਤਨ ਦਰਬਾਰ ਵੀ ਕਰਵਾਇਆ ਗਿਆ ਤੇ ਇਸ ਤੋਂ ਇਲਾਵਾ ਤੋਂ ਇਲਾਵਾ ਅਮ੍ਰਿਤ ਸੰਚਾਰ ਵੀ ਹੋਇਆ। ਇਸ ਨਗਰ ਕੀਰਤਨ ਵਿੱਚ ਵੱਖ ਵੱਖ ਤਰਾਂ ਦੇ ਫਲੋਟ ਸਜਾਏ ਗਏ ਸਨ ਜਿਨਾਂ ਦੀ ਕਈ ਦਿਨਾਂ ਤੋਂ ਤਿਆਰੀ ਚੱਲ ਰਹੀ ਸੀ ਐਤਕੀਂ ਵੀ ਇਸ ਨਗਰ ਦੌਰਾਨ ਅਮਰੀਕਾ ਦੇ ਸਿਆਸੀ ਲੀਡਰ ਵੀ ਪਹੁੰਚੇ ਤੇ ਜਿਨਾਂ ਨੂੰ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ, ਅੱਜ ਕੱਲ੍ਹ ਕੈਲੀਫੋਰਨੀਆਂ ਵਿੱਚ ਚੋਣਾ ਦਾ ਮੌਸਮ ਹੋਣ ਕਰਕੇ ਅਮਰੀਕਨ ਵੱਖ ਵੱਖ ਅਹੁਦਿਆਂ ਤੇ ਖੜੇ ਉਮੀਦਵਾਰ ਆਪਣਾ ਸਮਰਥਨ ਲੈਣ ਵੀ ਆਏ ਤੇ ਬਾਹਰ ਸੰਗਤਾਂ ਚੋਂ ਸਮਰਥਨ ਵੀ ਲੈਂਦੇ ਦੇਖੇ ਗਏ ਇਨਾਂ ਤੋਂ ਇਲਾਵਾ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਨੇ ਰਾਤਾਂ ਦੇ ਦਿਵਾਨਾਂ ਵਿੱਚ ਹਾਜਰੀ ਲੁਆਈ ਉਸ ਵੇਲੇ ਸੰਗਤ ਨੂੰ ਹੈਰਾਨੀ ਹੋਈ ਜਦੋਂ ਹੋਰ ਅਮਰੀਕ ਲੀਡਰਾਂ ਨੂੰ ਤਾਂ ਸਟੇਜ ਤੋਂ ਬੋਲਣ ਅਤੇ ਸਨਮਾਨ ਦਿੱਤਾ ਗਿਆ ਪਰ ਧੜੇਬੰਦੀ ਕਰਕੇ ਇਸ ਗੁਰਦੁਆਰਾ ਸਾਹਿਬ ਦੇ ਮੋਢੀ ਪ੍ਰਬੰਧਕ ਤੇ ਸਵਰਗੀ ਸ। ਦਿਦਾਰ ਸਿੰਘ ਬੈਂਸ ਦੇ ਲੜਕੇ ਕਰਮਦੀਪ ਸਿੰਘ ਬੈਂਸ ਜੋ ਕਾਊਂਟੀ ਸੁਪਰਵਾਈਜਰ ਵੀ ਹੈ ਨੂੰ ਨਾਂ ਹੀ ਬੋਲਣ ਦਿੱਤਾ ਗਿਆ ਤੇ ਨਾਂ ਹੀ ਉਸਨੂੰ ਸਨਮਾਨ ਦਿੱਤਾ ਇਸ ਉਪਰੰਤ ਬੈਂਸ ਦਿਵਾਨ ਚੋਂ ਉਠ ਕੇ ਬਾਹਰ ਚਲਾ ਗਿਆ। ਇਸ ਨਗਰ ਕੀਰਤਨ ਚ ਵੱਖ ਵੱਖ ਗੁਰੂ ਘਰਾਂ ਦੀ ਸੰਗਤ ਤੇ ਪ੍ਰਬੰਧਕ ਇਸ ਨਗਰ ਕੀਰਤਨ ਚ ਫਲੋਟ ਲੈ ਕੇ ਪਹੁੰਚੇ। ਮੁੱਖ ਫਲੋਟ ਤੋਂ ਇਲਾਵਾ ਅਮਰੀਕਨ ਸਿੱਖ ਕੌਂਸਲ , ਬਾਬਾ ਦੀਪ ਸਿੰਘ, ਸਰਬਤ ਖਾਲਸਾ ਦਸਤਾਰ ਕੱਲਬ, ਵਰਲਡ ਸਿੱਖ ਫੈਡਰੇਸ਼ਨ, ਸ਼ੇਰੇ ਪੰਜਾਬ, ਗੁਰਦੁਆਰਾ ਬਰਾਡਸ਼ਾਅ ਰੋਡ ਵਲੋ ਫਲੋਟ, ਸਿੱਖ ਯੂਥ ਆਫ ਅਮਰੀਕਾ, ਸ਼ਰੋਮਣੀ ਅਕਾਲੀ ਦਲ ਅਮਰੀਕਾ ਵੈਸਟ, ਸ਼ਰੋਮਣੀ ਅਕਾਲੀ ਦਲ ਅਮ੍ਰਿਤਸਰ, ਯੂਥ ਅਕਾਲੀ ਦਲ ਅਮ੍ਰਿਤਸਰ, ਇਥੇ ਇਸ ਸਮਝਣਾ ਔਖਾ ਸੀ ਕਿ ਇਕੋ ਹੀ ਸੰਸਥਾ ਵਲੋਂ ਤਿੰਨ ਫਲੋਟ ਕਿਓਂ ਸ਼ਾਮਿਲ ਕੀਤੇ ਗਏ। ਇਸ ਨਗਰ ਕੀਰਤਨ ਵਿੱਚ ਲੱਗੇ ਵੱਡੇ ਬਜਾਰ ਵਿਚੋਂ ਲੋਕਾਂ ਨੇ ਭਾਰੀ ਖਰੀਦੋ ਫਰੋਖਤ ਕੀਤੀ।

ਬੱਚਿਆਂ ਲਈ ਮਨੋਰੰਜਨ ਲਈ ਵੱਖਰੇ ਇੱਕ ਮੇਲੇ ਵਾਂਗ ਚਡੋਲ ਲਗਾਏ ਗਏ ਸਨ ਭਾਵੇਂ ਉਨਾਂ ਲਈ ਕੀਮਤ ਰੱਖੀ ਗਈ ਸੀ।

ਇਸ ਨਗਰ ਕੀਰਤਨ ਚ ਅਮਰੀਕਨ, ਕਾਲੇ, ਮੈਕਸੀਕਨ ਤੇ ਹੋਰ ਕੌਮਾਂ ਦੇ ਲੋਕਾਂ ਨੇ ਹਾਜਰੀ ਵੀ ਦਿੱਤੀ ਤੇ ਵੱਖ ਵੱਖ ਸੈਂਕੜੇ ਸੁਆਦਲੇ ਲੰਗਰਾਂ ਤੋਂ ਰੱਜ ਕੇ ਵੀ ਖਾਧਾ। ਇਸ ਗੁਰੂ ਘਰ ਦਾ ਨਾਂ ਪ੍ਰਬੰਧਕਾਂ ਨੇ ਸਿੱਖ ਟੈਪਲ ਯੂਬਾ ਸਿਟੀ ਤੋਂ ਬਦਲ ਕੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਰੱਖ ਦਿੱਤਾ ਪਰ ਕਈਆਂ ਨੇ ਇਸ ਦਾ ਵੀ ਇਤਰਾਜ ਵੀ ਕੀਤਾ ਕਿ "ਸਿੱਖ" ਸ਼ਬਦ ਵਿੱਚੋਂ ਨਹੀ ਸੀ ਹਟਾਇਆ ਜਾਣਾ ਚਾਹੀਦਾ। ਐਤਕਾਂ ਪ੍ਰਬੰਧਕਾਂ ਵਲੋਂ ਸੰਗਤਾਂ ਦੀ ਸਹੂਲਤ ਲਈ ਵੱਡੀਆਂ ਸਕਰੀਨਾਂ ਤੇ ਗੁਰਦੁਆਰਾ ਸਾਹਿਬ ਦੀ ਹਦੂਦ ਚੋਂ ਦੁਕਾਨਾਂ ਤੇ ਲੰਗਰਾਂ ਨੂੰ ਬਾਹਰ ਰੱਖਣਾ ਸਲਾਹੁਣਯੋਗ ਕਦਮ ਸੀ।

# ਬਸਪਾ ਗਰੀਬਾਂ, ਮਜ਼ਲੂਮਾਂ, ਪੱਛੜਿਆਂ ਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੇ ਕਲਿਆਣ ਨੂੰ ਸਮਰਪਿਤ ਸਿਧਾਂਤਾਂ ਉਤੇ ਚੱਲਣ ਵਾਲੀ ਸਹੀ ਪਾਰਟੀ -ਭੈਣ ਮਾਇਆਵਤੀ

**ਬੱਦੀ (ਹਿਮਾਚਲ ਪ੍ਰਦੇਸ)-** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ, ਸਾਬਕਾ ਸਾਂਸਦ ਤੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਜੀ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਲਈ ਹੋ ਰਹੀਆਂ ਆਮ ਚੋਣਾਂ ਦੀ ਜਨਸਭਾ ਵਿੱਚ ਕਿਹਾ ਕਿ ਭਾਜਪਾ ਤੇ ਕਾਂਗਰਸ ਦੋਵਾਂ ਹੀ ਗਰੀਬ ਤੇ ਮਿਹਨ-ਤਕਸ਼ ਜਨਤਾ ਦਾ ਸ਼ੋਸ਼ਣ ਕਰਨ ਵਾਲੀਆਂ ਪਾਰਟੀਆਂ ਹਨ ਅਤੇ ਇਹ ਕਾਰਨ ਹੈ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੀਆਂ ਰਹੀਆਂ ਸਰਕਾਰਾਂ ਵਿੱਚ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਸੁੱਖ ਨਹੀ ਮਿਲ ਸਕਿਆ। ਕਾਂਗਰਸ ਭਾਜਪਾ ਨੇ ਹਿਮਾਚਲ ਦੀ ਜਨਤਾ ਨੂੰ ਨਿਰਾਸ਼ ਕੀਤਾ ਹੈ।

ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸੋਲਨ ਦੀ ਬੱਦੀ ਤਹਿਸੀਲ ਦੇ ਬਰੋਟੀਵਾਲਾ-ਹਰਿਪੁਰ ਰੋਡ ਉਤੇ ਖੇਡ ਮੈਦਾਨ ਵਿੱਚ ਆਯੋਜਿਤ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਾਇਆਵਤੀ ਜੀ ਨੇ ਕਿਹਾ ਕਿ ਚੋਣਾਂ ਦੇ ਬਾਅਦ ਇਨ੍ਹਾਂ ਪਾਰਟੀਆਂ ਦੀ ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਪ੍ਰੰਤੂ ਸੂਬੇ ਦੀ ਭੋਲੀ ਭਾਲੀ ਜਨਮਾ ਆਪਣੀ ਖੁਸ਼ੀ, ਖੁਸ਼ਹਾਲੀ ਤੇ ਵਿਕਾਸ ਨੂੰ ਤਰਸਦੀ ਰਹਿ ਜਾਂਦੀ ਹੈ। ਇਹ ਅਤਿ ਦੁੱਖਦਾਈ ਤੇ ਮੰਦਭਾਗਾ ਵੀ ਹੈ, ਜਿਸ ਦੇ ਬੇਹਤਰ ਲੋਕਾਂ ਨੂੰ ਬਸਪਾ ਦੇ ਬਦਲਾਅ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ। ਉੱਤਰ ਪਰਦੇਸ਼ ਵਿਚ ਬਸਪਾ ਦੀਆਂ ਰਹੀਆ ਸਰਕਾਰਾਂ ਦੇ ਸਬੰਧ ਵਿੱਚ ਮਾਇਆਵਤੀ ਜੀ ਨੇ ਹਿਮਾਚਲ ਦੇ ਲੋਕਾਂ ਨੂੰ ਯਾਦ ਕਰਵਾਇਆ ਕਿ ਬੀਐਸਪੀ ਗਰੀਬਾਂ, ਮਜ਼ਲੂਮਾ, ਪੱਛੜਿਆਂ ਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਤੇ ਕਲਿਆਣ ਨੂੰ ਸਮਰਪਿਤ ਸਿਧਾਂਤਾਂ ਉਤੇ ਚੱਲਣ ਵਾਲੀ ਸਹੀ ਪਾਰਟੀ ਹੈ ਅਤੇ ਇਸ ਆਧਾਰ ਉਤੇ ਉਤਰ ਪ੍ਰਦੇਸ਼ ਵਰਗੇ ਵਿਸ਼ਾਲ ਆਬਾਦੀ ਵਾਲੇ ਸੂਬੇ ਵਿੱਚ ਚਾਰ ਵਾਰ ਆਪਣੀ ਸਰਕਾਰ ਵੀ ਚਲਾਈ ਹੈ, ਜੋ ਅੱਜ ਵੀ ਆਪਣਾ ਮਿਸਾਲ ਆਪ ਹੈ।



ਇਸ ਨਾਲ ਹੀ ਮਾਇਆਵਤੀ ਜੀ ਨੇ ਕਿਹਾ ਕਿ ਦੇਸ਼ ਭਰ ਵਿੱਚ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਾਰ ਦੇ ਅਨੁਯਾਈ ਤੇ ਬਸਪਾ ਨਾਲ ਜੁੜੇ ਲੋਕ ਜ਼ਿਆਦਾਤਰ ਮਿਸ਼ਨਰੀ ਭਾਵਨਾ ਦੇ ਤਹਿਤ ਹੀ ਚੋਣ ਵਿੱਚ ਹਿੱਸਾ ਲੈਂਦੇ ਹਨ ਅਤੇ ਉਨ੍ਹਾਂ ਇਕ ਸ਼ਕਤੀ ਦੇ ਰੂਪ ਵਿੱਚ ਇਕਜੁੱਟ ਰੱਖਣ ਦੇ ਉਦੇਸ਼ ਨਾਲ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ ਆਮ ਚੋਣਾਂ ਵੀ ਬਸਪਾ ਦੇ ਉਮੀਦਵਾਰ ਤਨ, ਮਨ ਤੇ ਧਨ ਦੇ ਸਹਿਯੋਗ ਨਾਲ ਇਕੱਲੇ ਆਪਣੇ ਬਲਬੂਤੇ ਉਤੇ ਹੀ ਲੜ ਰਹੇ ਹਨ।

ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਆਪਣੇ ਵਾਸਤਵਿਕ ਹਿਤ ਦੇ ਕਲਿਆਣ ਅਤੇ ਭਲਾਈ ਲਈ ਬਸਪਾ ਨੂੰ ਇਸ ਵਾਰ ਜ਼ਰੂਰ ਮੌਕਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਬਸਪਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ, ਇੰਚਾਰਜ ਤੇ ਸਾਬਕਾ ਸਾਂਸਦ ਰਾਜਾ ਰਾਮ, ਸਾਬਕਾ ਸਾਂਸਦ ਸ਼੍ਰੀ ਅਵਤਾਰ ਸਿੰਘ ਕਰੀਮਪੁਰੀ, ਸੂਬਾ ਪ੍ਰਧਾਨ ਹਿਮਾਚਲ ਸ਼੍ਰੀ ਨਰਾਇਣ ਅਜ਼ਾਦ, ਇੰਚਾਰਜ ਸ਼੍ਰੀ ਦਯਾ ਚੰਦ, ਇੰਚਾਰਜ ਸ਼੍ਰੀ ਸੁਮਰਿਤ ਸਿੰਘ ਜਾਟਵ, ਸੂਬਾ ਪ੍ਰਧਾਨ ਪੰਜਾਬ ਸ਼੍ਰੀ ਜਸਵੀਰ ਸਿੰਘ ਗੜ੍ਹੀ, ਵਿਧਾਇਕ ਡਾ ਨੱਛਤਰ ਪਾਲ, ਸ਼੍ਰੀ ਵਿਜੈ ਨਾਇਆਰ, ਯੂਟੀ ਪ੍ਰਧਾਨ ਚੰਡੀਗੜ ਸ਼੍ਰੀ ਵਰਿਆਮ ਸਿੰਘ, ਸੂਬਾ ਪ੍ਰਧਾਨ ਜੰਮੂ ਸ਼੍ਰੀ ਸੋਮਰਾਜ ਮਝੋਤਰਾ, ਜਨਰਲ ਸਕੱਤਰ ਸ਼੍ਰੀ ਸੁਰੇਸ਼ ਬਾਂਬੀ, ਸ਼੍ਰੀ ਵਿਕਰਮ ਨਾਇਰ, ਇੰਚਾਰਜ ਸ਼੍ਰੀ ਕਾਂਸ਼ੀ ਰਾਮ, ਸ਼੍ਰੀ ਅਜੀਤ ਸਿੰਘ ਭੈਣੀ, ਸ਼੍ਰੀ ਰਾਜਾ ਰਾਜਿੰਦਰ ਸਿੰਘ, ਸ਼੍ਰੀ ਗੁਰਲਾਲ ਸੈਲਾ, ਸ਼੍ਰੀ ਰਜਿੰਦਰ ਠੇਕੇਦਾਰ, ਚੌਧਰੀ ਗੁਰਨਾਮ, ਡਾ ਜਸਪ੍ਰੀਤ ਬੀਜ਼ਾ, ਸ਼੍ਰੀ ਅਸ਼ੋਕ ਮਾਹੀ, ਸ਼੍ਰੀ ਜਗਜੀਤ ਚਰਬੜ, ਸ਼੍ਰੀਮਤੀ ਨਿਰਮਲਾ ਬੋਧ, ਸ਼੍ਰੀ ਸੁਦੇਸ਼ ਖੁਰਚਾ, ਸ਼੍ਰੀਮਤੀ ਮੀਨਾ ਰਾਣੀ, ਸ਼੍ਰੀ ਬ੍ਰਿਜ ਪਾਲ, ਸ਼੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਸ਼੍ਰੀ ਬਲਵਿੰਦਰ ਕੁਮਾਰ, ਸ਼੍ਰੀ ਗੁਰਮੇਲ ਚੁੰਬਰ, ਸ਼੍ਰੀ ਲਾਲ ਚੰਦ ਔਜਲਾ, ਸ਼੍ਰੀ ਸ਼ਿਵ ਕਲਿਆਣ, ਹਰਭਜਨ ਦੁਲਮਾ, ਚਿਰੰਜੀ ਲਾਲ ਕਾਲਾ, ਹੈਪੀ ਕੋਲ, ਅਮਰਜੀਤ ਖੁੱਤਣ, ਸ਼੍ਰੀ ਸਰਬਜੀਤ ਜਾਫਰਪੁਰ, ਪਰਵੀਨ ਬੰਗਾ, ਦਰਬਾਰਾ ਸਿੰਘ, ਅਨਿਲ ਕੁਮਾਰ ਆਦਿ ਹਾਜ਼ਿਰ ਸਨ।





ਹਿਮਾਚਲ ਪ੍ਰਦੇਸ ਦੇ ਜਿਲਾ ਊਨਾ ਦੇ ਹਰੋਲੀ ਹਲਕੇ ਤੋਂ ਬਸਪਾ ਉਮੀਦਵਾਰ ਐਡਵੋਕੇਟ ਨਰੇਸ਼ ਕੁਮਾਰ ਅਤੇ ਉਹਨਾਂ ਦੇ ਸਾਥੀ ਆਗਾਮੀ ਚੋਣ ਲੜਨ ਲਈ ਪਿੰਡ ਸਲੋਹ ਦੇ ਬਜ਼ੁਰਗਾਂ ਤੋਂ ਆਸ਼ੀਰਵਾਦ ਲੈਂਦੇ ਹੋਏ।






## ਕਾਂਗਰਸ ਭਾਜਪਾ ਤਾਸ਼ ਦੀ ਪੁਰਾਣੀ ਗੱਡੀ ਨਾਲ ਖੇਡ ਰਹੇ ਨੇ ਹਿਮਾਚਲ ਦੇ ਲੋਕ : ਜਸਵੀਰ ਸਿੰਘ ਗੜ੍ਹੀ

### ਸਰਵ ਸਮਾਜ ਦੇ ਭਲੇ ਲਈ ਬਸਪਾ ਦਾ ਸੱਤਾ ਵਿਚ ਆਉਣਾ ਜਰੂਰੀ - ਡਾ ਨਛੱਤਰ ਪਾਲ, ਬਸਪਾ ਵਿਧਾਇਕ



**ਨਾਲਾਗੜ੍ਹ/ਚੰਡੀਗੜ੍ਹ-** ਬਹੁਜਨ ਸਮਾਜ ਪਾਰਟੀ ਦੇ ਨਾਲਾਗੜ੍ਹ ਤੋਂ ਉਮੀਦਵਾਰ ਪਾਰਸ ਬੈਂਸ ਅਤੇ ਦੂਨ ਵਿਧਾਨ ਸਭਾ ਦੇ ਬਸਪਾ ਉਮੀਦਵਾਰ ਨਗੇਂਦਰ ਜਸਵਾਲ ਦੇ ਹੱਕ ਵਿੱਚ ਅੱਜ ਬਸਪਾ ਪੰਜਾਬ ਦੇ ਆਗੂਆਂ ਵੱਲੋਂ ਚੋਣ ਪ੍ਰਚਾਰ ਕੀਤਾ ਗਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ 75 ਸਾਲਾ ਵਿੱਚ ਭਾਜਪਾ ਤੇ ਕਾਂਗਰਸ ਨੇ ਬਦਲ-ਬਦਲ ਕੇ ਰਾਜ ਕੀਤਾ ਹੈ, ਜਿਸ ਵਿੱਚ ਹਿਮਾਚਲ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਗਰੀਬ ਸਮਾਜ ਦਾ ਹਾਲ ਬਹੁਤ ਮਾੜਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਉਚ ਨੀਚ ਦਾ ਵਿਤਕਾਰਾ ਚੱਲ ਰਿਹਾ ਹੈ, ਜਿਸ ਵਿਰੁੱਧ ਕਿਸੇ ਸਮੇਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਹੀ ਇਕੋ ਇਕ ਅਜਿਹੀ ਪਾਰਟੀ ਹੈ ਜੋ ਉਚ ਨੀਚ ਨੂੰ ਖਤਮ ਕਰਕੇ ਬਰਬਾਰ ਸਮਾਜ ਉਸਾਰਨ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਭਾਜਪਾ ਵੱਲੋਂ ਇਕੋ ਤਾਸ਼ ਦੇ ਪੱਤੇ ਫੈਂਟੇ ਗਏ ਕਿ ਕਦੇ ਕਾਂਗਰਸ, ਕਦੇ ਭਾਜਪਾ ਸੱਤਾ ਵਿੱਚ ਆਉਂਦੀ ਰਹੀ, ਪਰ ਅੱਜ ਗਰੀਬ ਉਥੇ ਦਾ ਉਥੇ ਹੀ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਇਨ੍ਹਾਂ ਪਾਰਟੀਆਂ ਦੀ ਤਾਸ਼ ਦੇ ਪੱਤਿਆਂ ਵਾਲੀ ਪੁਰਾਣੀ ਖੇਡ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਾਲਾਗੜ੍ਹ ਖੇਤਰ ਦੇ ਲੋਕਾਂ ਲਈ ਬਸਪਾ ਉਮੀਦਵਾਰ ਪਾਰਸ ਬੈਂਸ ਅਤੇ ਦੂਨ ਖੇਤਰ ਦੇ ਲੋਕਾਂ ਲਈ ਨਗੇਂਦਰ ਜਸਵਾਲ ਵਰਗਾ ਯੋਗ ਹੋਰ ਕੋਈ ਉਮੀਦਵਾਰ ਨਹੀਂ ਹੈ।

ਇਸ ਮੌਕੇ ਪੰਜਾਬ ਦੇ ਬਸਪਾ ਵਿਧਾਇਕ ਡਾ ਨੱਛਤਰ ਪਾਲ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਕੀਮਤ ਵੋਟ ਬਸਪਾ ਉਮੀਦਵਾਰ ਪਾਰਸ ਬੈਂਸ ਨੂੰ ਪਾ ਕੇ ਜਿਤਾਉਣ ਤਾਂ ਜੋ ਹਲਕੇ ਦੇ ਲੋਕਾਂ ਦੇ ਵਿਕਾਸ ਲਈ ਕੰਮ ਕੀਤਾ ਜਾ ਸਕੇ। ਇਸ ਮੌਕੇ ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ, ਸ਼੍ਰੀ ਰਾਜਾ ਰਾਜਿੰਦਰ ਸਿੰਘ, ਸ਼੍ਰੀ ਕੁਲਦੀਪ ਸਿੰਘ ਘਨੌਲੀ ਆਦਿ ਹਾਜ਼ਰ ਸਨ।

# ਢਾਡੀ ਨਾਜਰ ਸਿੰਘ ਤਿਆਗੀ ਦੀ ਯਾਦ 'ਚ ਹੋਇਆ ਸ਼ਰਧਾਂਜ਼ਲੀ ਸਮਾਗਮ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਇਲਾਕੇ ਦੀ ਪੰਥਕ ਸ਼ਖਸ਼ੀਅਤ ਅਤੇ ਪ੍ਰਸਿੱਧ ਢਾਡੀ ਨਾਜਰ ਸਿੰਘ ਤਿਆਗੀ )78) ਸਪੁੱਤਰ ਸ.ਭਗਤ ਸਿੰਘ ਚੁੰਬਰਵਾਸੀ ਸੰਗ ਢੇਸੀਆਂ ਜੋ ,ਧਾਰਮਿਕ ਤੇ ਸਮਾਜਕ ਸ਼ਖਸ਼ੀਅਤਾਂ ਜਿਨਾ ਵਿੱਚ ਬਲਦੇਵ ਸਿੰਘ ਖੈਹਰਾ ਸਾ.ਵਿਧਾਇਕ ਫਿਲੌਰ ਨੇ ਆਪਣੇ ਸੰਬੋਧਨ ਚ ਆਖਿਆ ਕਿ ਢਾਡੀ ਨਾਜਰ ਸਿੰਘ ਵਲੋਂ ਆਪਣੇ ਪ੍ਰਵਿਾਰ ਦੇ ਪਾਲਣ ਪੋਸ਼ਣ ਲਈ ਬੜੀ ਮਿਹਨਤ ਕੀਤੀ ਤੇ ਸੰਗੀਤ ਜਗਤ ਨਾਲ ਜੁੜੇ ਹੋਣ ਕਰਕੇ ਸੰਗਤਾਂ ਨੂੰ ਢਾਡੀ ਵਾਰਾਂ ਸੁਣਾਕੇ ਗੁਰੂ ਇਤਿਹਾਸ ਨਾਲ ਜੋੜਿਆ ਤੇ ਉਥੇ ਨਾਲ ਹੀ ਢਾਡੀ ਨਾਜਰ ਸਿੰਘ ਹੱਸਮੁੱਖ ਸੁਭਾਅ ਦੇ ਮਾਲਕ ਵੀ ਸਨ ਤੇ ਬੜੇ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਜੁਝਾਰੂ ਤੇ ਪੰਥਕ ਆਗੂ ਸਨ ਜਿਨਾਂ ਨੇ ਪਾਰਟੀ ਲਈ ਬੜਾ ਪ੍ਰਚਾਰ ਤੇ ਪ੍ਰਸਾਰ ਕੀਤਾ ਉਨਾ ਦੇ ਜਾਣ ਦਾ ਇੱਕਲੇ ਪ੍ਰਵਿਾਰ ਨੂੰ ਹੀ ਘਾਟਾ ਨਹੀਂ ਪਿਆ ਸਗੋਂ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਤ ਵੱਡਾ ਘਾਟਾ ਪੈ ਗਿਆ ਤੇ ਇਹ ਘਾਟਾ ਕਦੇ ਵੀ ਪੂਰਾ ਨਹੀਂ ਹੋਵੇਗਾ ਉਨਾ ਕਿਹਾ ਕਿ ਅਕਾਲ ਪੁਰਖ ਉਨਾ ਦੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਦੇਵੇ ਤੇ ਪ੍ਰਵਿਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ ਇਸ ਮੋਕੇ ਜਥੇਦਾਰ ਸਰੂਪ ਸਿੰਘ ਢੇਸੀ, ਅਮਰਜੀਤ ਸਿੰਘ ਢੇਸੀ, ਪਵਿੱਤਰ ਸਿੰਘ ਸੰਧੂ, ਮੂਲ ਚੰਦ ਸ਼ਰਮਾ, ਹੈਪੀ ਮਾਹੀ ਕੁਲਵੀਰ ਤਲਵੰਡੀ, ਹਰਵਿੰਦਰਪਾਲ ਸਿੰਘ ਸ਼ਿੰਗਾਰਾ ਰਾਮ ਬਿਰਦੀ, ਮਦਨ ਲਾਲ ਰੰਧਾਵਾ ਵਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉਨਾਂ ਦੇ ਜਿੰਦਗੀ ਚ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿਤੀ. ਇਸ ਮੋਕੇ ਉਨਾ ਦੇ ਸਪੁੱਤਰ ਮਨਿੰਦਰ ਮੰਗਾ ਢੇਸੀ ਵਲੋਂ ਸਮੂੰਹ ਸੰਗਤਾਂ ਦਾ ਤਹਿ ਦਿਲੋਂ ਧੰਨਬਾਦ ਕੀਤਾ ਗਿਆ ਇਸ ਮੋਕੇ ਪ੍ਰਵਿਾਰਕ ਮੈਂਬਰ, ਸਮੂਹ ਰਿਸ਼ਤੇਦਾਰ,ਸਾਕ ਸਬੰਧੀ ਤੇ ਪਿੰਡ ਵਾਸੀ ਹਾਜਰ ਸਨ।



ਪਿਛਲੇ ਦਿਨੀ ਅਕਾਲ ਪੁਰਖ ਵਲੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਆਪਣੇ ਹੱਸਦੇ ਵੱਸਦੇ ਦੇ ਪ੍ਰਵਿਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨਾਂ ਦੀ ਆਤਮਿਕ ਸ਼ਾਂਤੀ ਲਈ ਉਨਾ ਦੇ ਪ੍ਰਵਿਾਰਕ ਮੈਂਬਰਾਂ ਵਲੋਂ ਗੁਰਦੁਆਰਾ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਧਾਰਮਿਕ ਅਸਥਾਨ ਤੇ ਪਾਠ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ ਤੇ ਗ੍ਰੰਥੀ ਸਿੰਘ ਵਲੋਂ ਢਾਡੀ ਨਾਜਰ ਸਿੰਘ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ ਤੇ ਗੁਰਦੁਆਰਾ ਬਾਬਾ ਸੰਗ ਜੀ ਦੇ ਹਜੂਰੀ ਕੀਰਤਨੀ ਜਥੇ ਵਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਪਗੜੀ ਦੀ ਰਸਮ ਕਰਨ ਉਪਰੰਤ ਉਪਰੰਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਅਨੇਕਾਂ ਰਾਜਨੀਤਿਕ



**ਆਈ. ਵੀ. ਏ. ਸੀ. ਸੀ. ਦੀ 2 ਨਵੰਬਰ 2022 ਨੂੰ ਬੋਰਡ ਮੀਟਿੰਗ ਹੋਈ, ਜਿਸ ਵਿਚ ਸਾਲਾਨਾ ਸਮਾਗਮ ਜੋ 2 ਦਸੰਬਰ, 2022 ਦੀਆਂ ਤਿਆਰੀਆਂ ਤੇ ਚਰਚਾ ਹੋਈ। ਇਸ ਮੌਕੇ ਦੀ ਇਕ ਤਸਵੀਰ। – ਸੁਖਚੈਨ**

# 'ਆਪ' ਸਰਕਾਰ ਦੇ 7 ਮਹੀਨਿਆਂ ਦੇ ਰਾਜ 'ਚ ਪੰਜਾਬ 'ਚ ਕਾਨੂੰਨ ਵਿਵਸਥਾ ਹੋਈ ਬਦਤਰ: ਸ਼ਰਮਾ

**ਚੰਡੀਗੜ੍ਹ 4 ਨਵੰਬਰ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਸ਼ਰੇਆਮ ਕੀਤੀ ਗਈ ਹੱਤਿਆ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਲਈ ਭਗਵੰਤ ਮਾਨ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਲੈ ਕੇ ਅੱਜ ਤੱਕ ਕਈ ਦਿੱਗਜ ਲੋਕਾਂ ਦਾ ਸ਼ਰੇਆਮ ਕਤਲ ਹੋ ਚੁੱਕਾ ਹੈ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜਦੋਂ ਤੋਂ ਪੰਜਾਬ 'ਚ 'ਆਪ' ਸਰਕਾਰ ਬਣੀ ਹੈ, ਪੰਜਾਬ 'ਚ ਕਾਨੂੰਨ-ਵਿਵਸਥਾ ਦਾ ਨਾਮੋ-ਨਿਸ਼ਾਨ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਹੈ। ਭਗਵੰਤ ਮਾਨ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿੱਚ ਦੇਸ਼ ਵਿਰੋਧੀ ਤਾਕਤਾਂ ਅਤੇ ਖਾਲਿਸਤਾਨ ਦੇ ਸਮਰਥਕਾਂ ਦੀਆਂ ਗਤੀਵਿਧੀਆਂ ਵਿੱਚ ਬਹੁਤ ਵਾਧਾ ਹੋਇਆ ਹੈ। ਭਗਵੰਤ ਮਾਨ ਪੰਜਾਬ ਦੀ ਸੱਤਾ ਚਲਾਉਣ 'ਚ ਅਸਫਲ ਰਹੇ ਹਨ। ਭਗਵੰਤ ਮਾਨ ਅਤੇ ਕੇਜਰੀਵਾਲ ਦੋਵੇਂ ਮਿਲ ਕੇ ਪੰਜਾਬ ਨੂੰ ਕਾਲੇ ਦੌਰ ਵੱਲ ਧੱਕਣ 'ਤੇ ਤੁਲੇ ਹੋਏ ਹਨ। ਭਗਵੰਤ ਮਾਨ ਸਰਕਾਰ ਦੇ 7 ਮਹੀਨਿਆਂ ਦੇ ਰਾਜ ਦੌਰਾਨ ਪੰਜਾਬ ਵਿੱਚ ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਨ੍ਹਾਂ ਨੂੰ ਸਰਕਾਰ ਜਾਂ ਪੁਲਿਸ-ਪ੍ਰਸ਼ਾਸਨ ਦਾ ਕੋਈ ਡਰ ਨਹੀਂ ਰਿਹਾ। ਪੁਲਿਸ-ਪ੍ਰਸ਼ਾਸਨ ਦੀ ਨੱਕ ਹੇਠ ਗੈਂਗਸਟਰ ਅਤੇ ਅਪਰਾਧੀ ਹਰ ਰੋਜ਼ ਅਮਨ-ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ ਅਤੇ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਰੱਬ ਦੇ ਭਰੋਸੇ ਛੱਡ ਕੇ ਦੂਜੇ ਰਾਜਾਂ ਵਿੱਚ ਸੈਰ ਵਿੱਚ ਰੁੱਝੇ ਹੋਏ ਹਨ। ਅੱਜ ਪੰਜਾਬ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਕੋਈ ਦਿਨ ਅਜਿਹਾ ਨਹੀਂ ਲੰਘਦਾ ਜਦੋਂ ਕਤਲ ਨਾ ਹੁੰਦਾ ਹੋਵੇ। ਸ਼ਿਵ ਸੈਨਾ ਆਗੂ ਸੁਧੀਰ ਸੂਰੀ ਅੰਮ੍ਰਿਤਸਰ ਦੇ ਸਥਾਨਕ ਗੋਪਾਲ ਮੰਦਿਰ ਨੇੜੇ ਪ੍ਰਦਰਸ਼ਨ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ। ਹੁਣ ਤਾਂ ਆਮ ਲੋਕ ਵੀ ਸਰਕਾਰ ਜਾਂ ਪੁਲਿਸ-ਪ੍ਰਸ਼ਾਸ਼ਨ ਵਿਰੁੱਧ ਆਵਾਜ਼ ਚੁੱਕਣ ਅਤੇ ਧਰਨੇ-ਪ੍ਰਦਰਸ਼ਨਾਂ ਕਰਨ ਤੋਂ ਵੀ ਡਰਣਗੇ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਪੰਜਾਬ ਦੀ ਜਨਤਾ ਨੂੰ 'ਰੰਗਲਾ ਪੰਜਾਬ' ਦੇਣ ਦਾ ਝੂਠਾ ਵਾਅਦਾ ਕਰਕੇ ਸੱਤਾ 'ਚ ਆਏ ਸਨ, ਪਰ ਜਦੋਂ ਤੋਂ ਉਨ੍ਹਾਂ ਨੇ ਸੱਤਾ ਸੰਭਾਲੀ ਹੈ, ਉਦੋਂ 'ਤੋਂ 'ਰੰਗਲਾ ਪੰਜਾਬ' ਤਾਂ ਨਹੀਂ, ਪਰ ਪੰਜਾਬ ਦੇ ਲੋਕਾਂ ਨੂੰ 'ਦੰਗਲਾ ਅਤੇ ਖੂਨੀ ਪੰਜਾਬ' ਦਿੱਤਾ ਹੈ। ਪੰਜਾਬ ਵਿੱਚ ਬੇਲਗਾਮ ਗੈਂਗਸਟਰਾਂ ਅਤੇ ਅਪਰਾ-ਧੀਆਂ ਵੱਲੋਂ ਰੋਜ਼ਾਨਾ ਕਤਲ, ਡਕੈਤੀਆਂ, ਲੁੱਟਾਂ-ਖੋਹਾਂ, ਗੋਲੀਬਾਰੀ ਆਦਿ ਦੀਆਂ ਘਟਨਾਵਾਂ ਨੂੰ ਪੁਲਿਸ ਦੀ ਨੱਕ ਹੇਠਾਂ ਅੰਜਾਮ ਦਿੱਤਾ ਜਾ ਰਿਹਾ ਹੈ। ਪਹਿਲਾਂ ਇੱਕ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸਮੇਤ ਚਾਰ ਹੋਰ ਕਬੱਡੀ ਖਿਡਾਰੀਆਂ ਦਾ ਕਤਲ, ਫਿਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ, ਫਿਰ ਅੰਮ੍ਰਿਤਸਰ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਵੱਲੋਂ ਪੁਲਿਸ ਦੇ ਸਾਹਮਣੇ ਸ਼ਰੇਆਮ ਗੋਲੀਆਂ ਚਲਾ ਕੇ ਇੱਕ ਨੌਜਵਾਨ ਦਾ ਕਤਲ ਅਤੇ ਅੱਜ ਫਿਰ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਸਰੇਆਮ ਕਤਲ ਕਰ ਦਿੱਤਾ ਗਿਆ। ਭਗਵੰਤ ਮਾਨ ਅਜੇ ਵੀ ਅਖਬਾਰਾਂ ਵਿਚ 'ਅਪਰਾਧੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ' ਦਾ ਬਿਆਨ ਦੇ ਕੇ ਆਪਣਾ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਖੁਦ ਕੇਜਰੀਵਾਲ ਅਤੇ ਰਾਘਵ ਚੱਢਾ ਦੀ ਰਬੜ ਸਟੈਂਪ ਬਣ ਕੇ ਕੰਮ ਕਰ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਲੋਕਾਂ ਨੂੰ ਸੁਰੱਖਿਆ ਦੇਣ ਦੀ ਬਜਾਏ ਕੇਜਰੀਵਾਲ ਅਤੇ ਰਾਘਵ ਚੱਢਾ ਨੂੰ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਸੁਰੱਖਿਆ ਦੇਣ ਵਿੱਚ ਲੱਗੇ ਹੋਏ ਹਨ। ਜਦੋਂ ਕਿ ਪੰਜਾਬ ਵਿੱਚ ਅਪਰਾਧੀ ਅਤੇ ਗੈਂਗਸਟਰ ਨਿਡਰ ਹੋ ਕੇ ਅਪਰਾਧ ਕਰ ਰਹੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਦਾ ਏਨਾ ਬੁਰਾ ਹਾਲ ਤਾਂ ਪਿਛਲੀ ਸਰਕਾਰ ਵੇਲੇ ਵੀ ਨਹੀਂ ਸੀ। ਹੁਣ ਲੋਕਾਂ ਵਿੱਚ ਇੰਨੀ ਦਹਿਸ਼ਤ ਫੈਲ ਗਈ ਹੈ ਕਿ ਜੇਕਰ ਉਨ੍ਹਾਂ ਦਾ ਕੋਈ ਪਰਿਵਾਰਕ ਮੈਂਬਰ ਸਵੇਰੇ ਘਰੋਂ ਬਾਹਰ ਨਿਕਲਦਾ ਹੈ ਤਾਂ ਉਹ ਦਿਨ ਵਿੱਚ ਦਸ ਵਾਰ ਫੋਨ ਕਰਕੇ ਉਸ ਦਾ ਹਾਲ-ਚਾਲ ਪੁਛਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਕਾਲੇ ਦੌਰ ਵੱਲ ਧੱਕਣ ਵੱਲ ਤੇਜ਼ੀ ਨਾਲ ਵਧ ਰਹੇ ਹਨ, ਜਿਸ ਦੇ ਸਿੱਟੇ ਪੰਜਾਬ ਲਈ ਬਹੁਤ ਭਿਆਨਕ ਨਜ਼ਰ ਆ ਰਹੇ ਹਨ।

# 'ਦੀ ਵਾਇਰ' ਦੇ ਦਫ਼ਤਰ, ਘਰਾਂ 'ਤੇ ਛਾਪੇਮਾਰੀ ਅਤੇ ਸਾਜ਼ੋ-ਸਾਮਾਨ ਜ਼ਬਤ ਕਰਨ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿੰਦਾ

**ਜਲੰਧਰ 3 ਨਵੰਬਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਪੱਤਰਕਾਰਤਾ ਦੀ ਦੁਨੀਆਂ 'ਚ ਜਾਣੇ-ਪਹਿਚਾਣੇ ਅਦਾਰੇ 'ਦੀ ਵਾਇਰ' ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਧਰਾਜਨ, ਐਮ.ਕੇ.ਵੇਨੂੰ ਅਤੇ ਸਿਧਾਰਥ ਭਾਟੀਆ ਦੇ ਦਿੱਲੀ ਅਤੇ ਮੁੰਬਈ ਦਫ਼ਤਰਾਂ, ਘਰਾਂ 'ਤੇ ਇਕੋ ਵੇਲੇ ਛਾਪਾ ਮਾਰਕੇ ਮੀਡੀਆ ਅਦਾਰੇ ਨਾਲ ਸਬੰਧਤ ਇਲੈਕਟਰੋਨਿਕ ਸਾਜੋ-ਸਾਮਾਨ ਜ਼ਬਰੀ ਉਠਾ ਕੇ ਲਿਜਾਣ ਦੀ ਕਾਰਵਾਈ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰੈਸ ਦੀ ਆਜ਼ਾਦੀ, ਜਮਹੂਰੀ ਅਤੇ ਨਿੱਜੀ ਆਜ਼ਾਦੀ ਦੇ ਹੱਕਾਂ ਉਤਰ ਹੱਲਾ ਕਰਾਰ ਦਿੱਤਾ ਹੈ।

ਕਮੇਟੀ ਨੇ ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਇਲੈਕ-ਟਰੋਨਿਕ ਸਾਜੋ ਸਾਮਾਨ ਅਤੇ 'ਦੀ ਵਾਇਰ' ਅਦਾਰੇ ਨਾਲ ਜੁੜੀ ਹੋਰ ਆਧੁਨਿਕ ਤਕਨੀਕੀ ਸਮੱਗਰੀ ਦੀ ਪਾਰਦਰਸ਼ਤਾ ਅਤੇ ਪ੍ਰਮਾਣਿਕਤਾ ਯਕੀਨੀ ਬਣਾਉਣ ਲਈ ਕੌਮਾਂਤਰੀ ਅਤੇ ਕੌਮੀ ਪੱਧਰ 'ਤੇ ਨਿਰਧਾਰਤ ਨਿਯਮਾਂ ਦੀ ਸ਼ਰੇਆਮ ਉਲੰਘਣਾ ਕਰਨਾ ਇਹ ਚਿੰਤਾ ਖੜ੍ਹੀ ਕਰਦਾ ਹੈ ਕਿ ਭੀਮਾ ਕੋਰੇਗਾਓਂ ਕੇਸ ਵਾਂਗ, ਇਤਰਾਜ਼ਯੋਗ ਸਮੱਗਰੀ ਗਲਤ ਮਨਸ਼ਿਆਂ ਦੀ ਪੂਰਤੀ ਲਈ ਵਿੱਚ ਦਾਖਲ ਕਰਨ ਦੇ ਰਾਹ ਖੁੱਲ੍ਹੇ ਰੱਖੇ ਗਏ ਹਨ। ਕਿਉਂਕਿ ਸਾਜੋ-ਸਾਮਾਨ ਚੁੱਕਣ ਵੇਲੇ ਇਸ ਵਿੱਚ ਕਿਹੜੀ ਸਮੱਗਰੀ ਲਿਖਤੀ ਤੌਰ 'ਤੇ ਇਸ ਦੀ ਪ੍ਰਮਾਣਿਕਤਾ ਦੀ ਕਾਪੀ ਦੇ ਕੇ ਇਸ ਨੂੰ ਸਬੰਧਤ ਸੰਪਾਦਕਾਂ ਦੀ ਸਹਿਮਤੀ ਨਾਲ ਸੀਲਬੰਦ ਨਹੀਂ ਕੀਤਾ ਗਿਆ।

ਉਹਨਾਂ ਕਿਹਾ ਕਿ ਜਦੋਂ 'ਦੀ ਵਾਇਰ' ਬਹੁਤ ਹੀ ਸੰਜੀਦਾ, ਗੰਭੀਰ ਅਤੇ ਸ਼ਿਦਤ ਭਰੀ ਪਹੁੰਚ ਅਖ਼ਤਿਆਰ ਕਰਦਿਆਂ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ ਸਬੰਧੀ ਮੇਟਾ ਐਕਸ ਚੈਕ ਰਾਹੀਂ ਖ਼ੁਦ ਹੀ ਮਾਪਲੇ ਦੀ ਮੁੜ-ਪੜਤਾਲ ਕਰਦਿਆਂ ਰਿਪੋਰਟ ਰੱਦ ਕਰਕੇ ਜਨਤਕ ਮਾਫ਼ੀ ਵੀ ਮੰਗ ਚੁੱਕਾ ਹੈ।

ਉਸ ਦੇ ਬਾਵਜੂਦ ਵੀ ਭਾਰਤੀ ਜਨਤਾ ਪਾਰਟੀ ਦੇ ਨੁਮਾਇੰਦੇ ਅਮਿਤ ਮਾਲਵੀਆ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਣਹਾਨੀ, ਅਪਰਾਧਿਕ ਸਾਜਸ਼ ਵਰਗੇ ਦੋਸ਼ਾਂ ਤਹਿਤ ਐਫ਼.ਆਈ.ਆਰ. ਦਰਜ਼ ਕਰਨਾ ਅਤੇ ਛਾਪੇਮਾਰੀ ਕਰਕੇ ਸਾਮਾਨ ਚੁੱਕ ਲਿਜਾਣਾ ਨੰਗੀ ਚਿੱਟੀ ਧੱਕੜ ਅਤੇ ਚੰਦਰੇ ਮਨਸੂਬਿਆਂ ਨੂੰ ਨੇਪਰੇ ਚਾੜਨ ਲਈ ਰਾਹ ਕੱਢਣ ਅਤੇ ਜ਼ਮੀਨ ਤਿਆਰ ਕਰਨ ਦੀ ਗੈਰ-ਜਮਹੂਰੀ ਕਾਰਵਾਈ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਅਤੇ ਦੇਸ਼ ਦੀਆਂ ਸਮੂਹ ਜਮਹੂਰੀ, ਇਨਸਾਫ਼ਪਸੰਦ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਇਸ ਧੱਕੜ ਕਾਰਵਾਈ ਖਿਲਾਫ਼ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ। ਕਮੇਟੀ ਨੇ ਲੋਕਾਂ ਨੂੰ ਚੌਕੰਨੇ ਕੀਤਾ ਹੈ ਕਿ ਪੰਜਾਬ ਅੰਦਰੋਂ ਲਗਾਤਾਰ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਉਠਾਈ ਜਾ ਰਹੀ ਆਵਾਜ਼ ਦੇ ਗਲ ਗੂਠਾ ਦੇਣ ਲਈ ਤਰਲੋ ਮੱਛੀ ਹੋ ਰਹੀ ਭਾਜਪਾ ਹਕੂਮਤ ਦੇ ਮਾਰੂ ਵਰਤਾਰੇ ਨੂੰ ਜੇਕਰ ਇਥੇ ਹੀ ਨਾ ਰੋਕਿਆ ਗਿਆ ਤਾਂ ਪੰਜਾਬ ਦੀ ਜਮਹੂਰੀ ਲਹਿਰ ਦੇ ਸਿਰ 'ਤੇ ਹੋਰ ਵੀ ਗਾੜ੍ਹੇ ਕਾਲੇ ਬੱਦਲ ਛਾ ਜਾਣਗੇ ਅਤੇ ਇਸ ਦੀ ਭਾਰੀ ਕੀਮਤ ਤਾਰਨੀ ਪਵੇਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼ਹੀਦ ਕਰਤਾਰ ਸਿੰਘ ਸਰਾਭਾ ਸਣੇ 7 ਗਦਰੀ ਇਨਕਲਾਬੀਆਂ ਦਾ 107ਵਾਂ ਸ਼ਹੀਦੀ ਦਿਨ ਮਨਾਉਣ ਦਾ ਫੈਸਲਾ

**ਦਲਜੀਤ ਕੌਰ**

**ਚੰਡੀਗੜ੍ਹ/ਸੰਗਰੂਰ, 8 ਨਵੰਬਰ, 2022:** ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਤੇ ਨੌਜਵਾਨ ਭਾਰਤ ਸਭਾ ਦੇ ਵੱਲੋਂ ਸਭ ਤੋਂ ਛੋਟੀ ਉਮਰੇ ਮੁਲਕ ਨੂੰ ਅਜਾਦ ਕਰਾਉਣ ਲਈ ਕੁਰਬਾਨੀ ਦੇਣ ਵਾਲਾ ਗਦਰੀ ਇਨਕਲਾਬੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਉਨ੍ਹਾਂ ਦੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰਸਿੰਘ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ ਅਤੇ ਸੁਰੈਣ ਸਿੰਘ ਛੋਟਾ 7 ਗਦਰੀਆਂ ਦੇ 107ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡਾਂ, ਸ਼ਹਿਰਾਂ ਤੇ ਕਾਲਜਾਂ ਦੇ ਵਿੱਚ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ ਅਤੇ 17 ਨਵੰਬਰ ਨੂੰ ਇਨ੍ਹਾਂ ਗਦਰੀ ਸ਼ਹੀਦਾਂ ਦੇ ਦਿਨ 'ਤੇ ਭਾਕਿਯੂ (ਏਕਤਾ ਉਗਰਾਹਾਂ) ਵੱਲੋਂ ਸਰਾਭਾ ਪਿੰਡ 'ਚ ਕੀਤੇ ਜਾ ਰਹੇ ਇਕੱਠ 'ਚ ਸ਼ਾਮਲ ਹੋਣ ਦਾ ਵੀ ਫੈਂਸਲਾ ਕੀਤਾ ਗਿਆ ਹੈ।

ਦੋਵੇਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਅਸ਼ਵਨੀ ਘੁੱਦਾ ਤੇ ਹੁਸ਼ਿਆਰ ਸਲੇਮਗੜ ਨੇ ਕਿਹਾ ਕਿ ਮੌਜੂਦਾ ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਦੇ ਦੌਰ 'ਚ ਜਦੋਂ ਮੁਲਕ ਦੇ ਹਾਕਮਾਂ ਵੱਲੋਂ ਮੁਲਕ ਦੇ ਸਾਰੇ ਪੈਦਾਵਾਰ ਦੇ ਸਾਧਨਾਂ 'ਤੇ ਸਾਮਰਾਜੀ ਕੰਪਨੀਆਂ ਦਾ ਕਬਜ਼ਾ ਕਰਵਾਇਆ ਜਾ ਰਿਹਾ ਹੈ ਜਦੋਂ ਮੁਲਕ ਦੀ ਸਿੱਖਿਆ, ਸਿਹਤ, ਸਨਅਤ ਤੇ ਖੇਤੀ ਦੇ ਖੇਤਰਾਂ ਨੂੰ ਸਾਮਰਾਜੀ ਸੰਸਥਾਵਾਂ ਦੀਆਂ ਲੋੜਾਂ ਅਨੁਸਾਰ ਢਾਲਿਆ ਜਾ ਰਿਹਾ ਹੈ ਅਜਿਹੇ ਸਮੇਂ ਮੁਲਕ ਨੂੰ ਅਜ਼ਾਦ ਕਰਾਉਣ ਤੇ ਸੱਚੀ ਜਮਹੂਰੀਅਤ ਲਈ ਜੂਝਣ ਵਾਲੇ ਗਦਰੀਆਂ ਨੂੰ ਯਾਦ ਕਰਨਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਗਦਰੀਆਂ ਤੋਂ ਇੱਕ ਨਿਸ਼ਾਨੇ ਦੀ ਪ੍ਰਾਪਤੀ ਲਈ ਜਾਤਾਂ, ਧਰਮਾਂ ਤੇ ਇਲਾਕਿਆਂ ਦੀਆਂ ਤੰਗ ਵਲਗਣਾਂ ਤੋਂ ਪਾਰ ਜਾ ਕੇ ਜੂਝਣ ਤੇ ਕੁਰਬਾਨ ਹੋਣ ਦੀ ਭਾਵਨਾ ਹਾਸਲ ਕਰਨ ਦੀ ਜਰੂਰਤ ਹੈ। ਅੱਜ ਵੀ ਮੁਲਕ ਦੇ ਨੌਜਵਾਨਾਂ ਕੋਲ ਰੁਜ਼ਗਾਰ ਲਈ ਵਿਦੇਸ਼ ਜਾਣ ਜਾਂ ਫੌਜ ਚ ਭਰਤੀ ਹੋਣ ਤੋਂ ਬਿਨਾਂ ਕੋਈ ਬਦਲ ਨਹੀਂ ਬਚਿਆ ਕਿਸਾਨ ਖੁਦਕੁਸ਼ੀਆਂ ਤੇ ਕਰਜਿਆਂ ਚ ਲਗਾਤਾਰ ਵਾਧਾ ਹੋ ਰਿਹਾ ਹੈ ਅਜਿਹੇ ਸਮੇਂ ਗਦਰੀ ਇਨਕਲਾਬੀਆਂ ਤੋਂ ਪ੍ਰੇਰਨਾ ਲੈ ਕੇ ਮੁਲਕ ਪੱਧਰੀ ਲਹਿਰ ਉਸਾਰੀ ਲਈ ਯਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ।



# ਸੀ ਐਚ ਸੀ ਘਰੋਟਾ ਵਿਖੇ ਦਿਵਿਆਂਗ ਵਿਅਕਤੀਆਂ ਦੇ ਯੂ ਡੀ ਆਈ ਡੀ ਕਾਰਡ ਬਣਾਉਣ ਲਈ ਲਗਾਇਆ ਗਿਆ ਕੈਂਪ

**ਪਠਾਨਕੋਟ 5 ਨਵੰਬਰ (ਰਾਜਿੰਦਰ ਸਿੰਘ ਰਾਜਨ)–** ਸੀ ਐਚ ਸੀ ਘਰੋਟਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ। ਬਿੰਦੂ ਗੁਪਤਾ ਦੀ ਅਗਵਾਈ ਵਿਚ ਦਿਵਿਆਂਗ ਵਿਅਕਤੀਆਂ ਦੇ ਯੂ ਡੀ ਆਈ ਡੀ ਕਾਰਡ ਬਣਾਉਣ ਲਈ ਕੈਂਪ ਲਗਾਇਆ ਗਿਆ, ਜਿਸ ਵਿੱਚ ਪਠਾਨਕੋਟ ਦੇ ਮਾਹਿਰ ਡਾਕਟਰ ਜਿਨ੍ਹਾਂ ਵਿਚ ਹੱਡੀਆਂ ਦੇ ਮਾਹਿਰ ਦਿਮਾਗ ਦੇ ਰੋਗਾਂ ਦੇ ਮਾਹਿਰ ਕੰਨ, ਨੱਕ ਅਤੇ ਗਲੇ ਅਤੇ ਅੱਖਾਂ ਦੇ ਮਾਹਿਰ ਡਾਕਟਰਾਂ ਨੇ ਜ਼ਰੂਰਤ





ਮੰਦ ਦਿਵਿਆਂਗ ਵਿਅਕਤੀਆਂ ਦਾ ਚੈੱਕਅਪ ਕਰ ਕੇ ਉਨ੍ਹਾਂ ਦੇ ਕਾਰਡ ਬਣਾਏ ਗਏ।ਇਸ ਬਾਰੇ ਡਾਕਟਰ ਬਿੰਦੂ ਗੁਪਤਾ ਸੀਨੀਅਰ ਮੈਡੀਕਲ ਅਫ਼ਸਰ ਸੀ ਐਚ ਸੀ ਘਰੋਟਾ ਨੇ ਦੱਸਿਆ ਕਿ ਕਿ ਅੱਜ ਦੇ ਇਸ ਕੈਂਪ ਵਿੱਚ 15 ਦਿਵਿਆਂਗ ਵਿਅਕਤੀਆਂ ਨੂੰ ਰਜਿਸਟਰਡ ਕੀਤੇ ਗਏ ਜਿਹਨਾਂ ਵਿਚੋਂ 11 ਦਿਵਿਆਂਗ ਵਿਅਕਤੀਆਂ ਦੇ ਕਾਰਡ ਤਿਆਰ ਕੀਤੇ ਗਏ ਹਨ ਅਤੇ 4 ਵਿਅਕਤੀਆਂ ਦੇ ਕਾਰਡ ਅੰਡਰ ਪ੍ਰੋਸੈਸ ਹਨ । ਉਹਨਾਂ ਦੱਸਿਆ ਕਿ ਘਰੋਟਾ ਵਿਖੇ ਯੂ ਡੀ ਆਈ ਡੀ ਕਾਰਡ ਬਣਾਉਣ ਦਾ ਇਹ ਦੂਸਰਾ ਕੈਂਪ ਸੀ ਅਤੇ ਜੇਕਰ ਕੋਈ ਦਿਵਿਆਂਗ ਵਿਅਕਤੀ ਅਜੇ ਵੀ ਕਾਰਡ ਬਣਾਉਣ ਤੋਂ ਵਾਂਝਾ ਰਹਿ ਗਿਆ ਹੋਵੇ ਤਾਂ ਉਹ 9 ਨਵੰਬਰ ਨੂੰ ਬੁੰਗਲ ਬੰਧਾਨੀ ਜਾਂ ਫਿਰ 15 ਨਵੰਬਰ ਨੂੰ ਨਰੋਟ ਜੈਮਲ ਸਿੰਘ ਵਿਖੇ ਅਤੇ 23 ਨਵੰਬਰ ਨੂੰ ਸੀ ਐਚ ਸੀ ਸੁਜਾਨਪੁਰ ਵਿਖੇ ਲੱਗ ਰਹੇ ਕੈਂਪਾਂ ਵਿੱਚ ਬਣਾ ਸਕਦੇ ਹਨ।

# ਝੋਨੇ ਦੀ ਪਰਾਲੀ ਨੂੰ ਖੇਤ ਵਿੱਚੋਂ ਹਟਾਉਣ ਦੀ ਬਿਜਾਏ, ਸੁਪਰ/ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਦੀ ਜ਼ਰੂਰਤ; ਡਾ ਅਮਰੀਕ ਸਿੰਘ

**ਪਠਾਨਕੋਟ, 5 ਅਕਤੂਬਰ (ਰਾਜਿੰਦਰ ਸਿੰਘ ਰਾਜਨ)** ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ। ਗੁਰਵਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਪਠਾਨਕੋਟ ਸ਼। ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਪਿੰਡ ਤੰਗੋਸ਼ਾਹ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਦਬਾਉਣ ਨਾਲ ਹੋਣ ਵਾਲੇ ਫਾਇਦਿਆਂ ਅਤੇ ਸੁਪਰ/ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਦੇ ਫਾਇਦਆਂ ਬਾਰੇ ਜਾਗਰੁਕ ਕਰਨ ਲਈ ਜਾਗਰੁਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਦੀ ਪ੍ਰਧਾਨਗੀ ਡਾ। ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ ਲ ਸ਼੍ਰੀ ਵਿਸ਼ਾਲ ਸ਼ਰਮਾ ਖੇਤੀ ਵਿਸਥਾਰ ਅਫਸਰ ਦੇ ਪ੍ਰਬੰਧਾਂ ਹੇਠ ਲਗਾਏ ਗਏ ਜਾਗਰੁਕਤਾ ਕੈਂਪ ਵਿੱਚ ਡਾ. ਵਿਕਰਾਂਤ ਡਿਪਟੀ ਪ੍ਰੋਜੈਕਟ ਡਾਇਰੈਕਟਰ ਆਤਮਾ, ਬਲਵਿੰਦਰ ਸਿੰਘ, ਮਨਦੀਪ ਹੰਸ, ਸਾਹਿਲ ਕੁਮਾਰ ਸਹਾਇਕ ਤਕਨਾਲੋਜੀ ਪ੍ਰਬੰਧਕ, ਸੁਲੱਖਣ ਸਿੰਘ, ਅਮਨਦੀਪ ਸਿੰਘ, ਸੁਦਰਸ਼ਨ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।



ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਸੰਭਾਲਣ ਦੇ ਫਾਇਦਿਆਂ ਬਾਰੇ ਕਿਸਾਨਾਂ ਨੂੰ ਜਾਗਰੁਕ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਇੱਕ ਅਨੁਮਾਨ ਅਨੁਸਾਰ ਜ਼ਿਲਾ ਪਠਾਨਕੋਟ ਵਿੱਚ ਤਕਰੀਬਨ ਇੱਕ ਲੱਖ ਚਾਲੀ ਹਜ਼ਾਰ ਟਨ ਝੋਨੇ ਦੀ ਪਰਾਲੀ ਪੈਦਾ ਹੁੰਦੀ ਹੈ,ਜਿਸ ਨੂੰ ਕਿਸਾਨਾਂ ਦੁਆਰਾ ਪਸ਼ੂ ਪਾਲਕਾ ਨੂੰ ਚੁਕਾ ਦਿੱਤਾ ਜਾਂਦਾ ਹੈ।ਉਨਾਂ ਕਿਹਾ ਕਿ ਪਸ਼ੂ ਪਾਲਕਾਂ ਤੋਂ ਕਿਸਾਨਾਂ ਨੂੰ ਦੋ ਟਰਾਲੀਆਂ ਦੇਸੀ ਰੂੜੀ ਮਿਲ ਜਾਂਦੀ ਹੈ ਜਿਸ ਨੂੰ ਕਿਸਾਨ ਖੇਤ ਵਿੱਚ ਪਾ ਲੈਂਦੇ ਹਨ।ਉਨਾਂ ਕਿਹਾ ਕਿ ਇਹ ਦੇਸੀ ਰੂੜੀ ਗੈਰਵਿਗਿਆਨਕ ਢੰਗ ਤਰੀਕਿਆ ਨਾਲ ਤਿਆਰ ਕੀਤੀ ਹੁੰਦੀ ਹੈ, ਜੋ ਕੱਚੀ ਅਤੇ ਨਦੀਨਾਂ ਦੇ ਬੀਜਾਂ ਨਾਲ ਭਰਪੂਰ ਹੁੰਦੀ ਹੈ। ਉਨਾਂ ਕਿਹਾ ਕਿ ਕੱਚੀ ਰੂੜੀ ਖੇਤਾਂ ਵਿੱਚ ਪਾਉਣ ਨਾਲ ਫਾਇਦੇ ਦੀ ਬਿਜਾਏ ਨੁਕਸਾਨ ਹੋ ਜਾਂਦਾ ਹੈ ।ਖੇਤਾਂ ਵਿੱਚ ਨਦੀਨਾਂ ਦੀ ਸਮੱਸਿਆ ਵਧ ਜਾਂਦੀ ਹੈ,ਜਿਸ ਨਾਲ ਖੇਤੀ ਲਾਗਤ ਖਰਚੇ ਵਧ ਜਾਂਦੇ ਹਨ। ਉਨਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚੋਂ ਹਟਾਉਣ ਦੀ ਬਿਜਾਏ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਪੈਦਾਵਾਰ ਵਧਣ ਦੇ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਵੀ ਹੁੰਦਾ ਹੈ। ਉਨਾਂ ਕਿਹਾ ਕਿ ਇੱਕ ਟਨ ਪਰਾਲੀ ਖੇਤ ਵਿੱਚ ਦਬਾਉਣ ਨਾਲ 400 ਕਿਲੋ ਜੈਵਿਕ ਕਾਰਬਨ,5.15 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 25 ਕਿਲੋ ਪੋਟਾਸ਼, 1.2 ਕਿਲੋ ਸਲਫਰ ਦਾ ਫਾਇਦਾ ਹੋ ਜਾਂਦਾ ਹੈ। ਡਾ ਵਿਕਰਾਂਤ ਨੇ ਆਤਮਾ ਤਹਿਤ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਯੂ ਟਿਊਬ ਚੈਨਲ ਬਾਰੇ, ਸ਼੍ਰੀ ਵਿਸ਼ਾਲ ਸ਼ਰਮਾ ਨੇ ਆਈ ਖੇਤ ਐਪ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਅਖੀਰ ਵਿੱਚ ਕਿਸਾਨ ਆਗੂ ਸੁਲੱਖਣ ਸਿੰਘ ਨੇ ਖੇਤੀ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।

# ਦਾਲੀ 3007 ਰਿਕਾਰਡ ਇਟਲੀ ਵੱਲੋਂ 'ਨਾਨਕੀ ਦਾ ਵੀਰ' ਰਿਲੀਜ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ), 5 ਨਵੰਬਰ, 2022:** ਇਟਲੀ ਦੀ ਨਾਮਵਰ ਕੰਪਨੀ ਦਾਲੀ 3007 ਰਿਕਾਉਡ ਇਟਲੀ ਵੱਲੋਂ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ, ਕੌਮ ਦੇ ਮਹਾਨ ਢਾਡੀ ਜਥੇਦਾਰ ਜਸਵੰਤ ਸਿੰਘ ਬਡਾਣਾ ਦੇ ਸਾਥੀਆਂ ਦੀਆਂ ਆਵਾਜ 'ਚ 'ਨਾਨਕੀ ਦਾ ਵੀਰ', ਧਾਰਮਿਕ ਟਰੈਕ ਬੜੀ ਸ਼ਰਧਾ-ਭਾਵਨਾ ਨਾਲ ਰਿਲੀਜ ਕਰ ਕੇ ਓਸ ਪਰਮਪਿਤਾ ਪ੍ਰਮੇਸ਼ਵਰ ਦੇ ਦਰ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ। ਇਸ ਵਿਚ ਢਾਡੀ ਰਵਿੰਦਰਵੀਰ ਸਿੰਘ (ਤਾਸਿਮਬਲੀ), ਢਾਡੀ ਪਰਮਵੀਰ ਸਿੰਘ (ਤਾਸਿਮਬਲੀ), ਸਰੰਗੀ ਮਾਸਟਰ, ਸਿੰਮਰਨਦੀਪ ਸਿੰਘ (ਬੀ. ਏ.) ਨੇ ਸਾਥ ਦਿੱਤਾ ਹੈ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਈ ਰਣਜੀਤ ਸਿੰਘ ਭੰਗੂ ਜੀ ਨੇ ਦੱਸਿਆ ਕਿ ਇਸ ਧਾਰਮਿਕ ਗੀਤ ਦੇ ਲੇਖਕ ਜਸਵੰਤ ਸਿੰਘ ਬਡਾਣਾ ਜੀ ਹਨ, ਜਦਕਿ ਇਸ ਦਾ ਸੰਗੀਤ ਹਰਮਿੰਦਰ ਮਾਹੀ ਵੱਲੋਂ ਅਤੇ ਵੀਡੀਓ ਸੋਨੀ ਸੋਹਲ ਵੱਲੋਂ ਵਧੀਆ ਢੰਗ ਨਾਲ ਤਿਆਰ ਕਰਨ ਸਦਕਾ ਟਰੈਕ ਹਰ ਪੱਖੋਂ ਲਾ-ਜੁਵਾਬ ਹੋ ਨਿੱਬੜਿਆ ਹੈ। ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਸਹਿਯੋਗ ਕਰਨ ਵਾਲਿਆਂ ਵਿਚ ਗੁਰਨਾਮ ਸਿੰਘ ਮੋਹੀ, ਦਰਸ਼ਨ ਸਿੰਘ ਨੂਰ, ਸੁਰਿੰਦਰ ਸਿੰਘ ਸੇਖੋਂ ਤੇ ਦਿਆਲ ਸੰਧੂ ਲਾਪਰਾਂ ਦਾ ਸਮੁੱਚੀ ਟੀਮ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ।




# ਸ੍ਰ: ਦਰਸ਼ਨ ਲਾਲ ਦਾ ਵਿਸ਼ੇਸ ਸਨਮਾਨ



**ਪਠਾਨਕੋਟ 7 ਨਵੰਬਰ (ਰਾਜਿੰਦਰ ਸਿੰਘ ਰਾਜਨ)–** ਸਮਾਜ ਨੂੰ ਆਪਣੀ ਸੇਧ ਦੇਣ ਲਈ ਲੋੜਵੰਦ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣ ਦੇ ਇਰਾਦੇ ਨਾਲ ਪਿਛਲੇ ਸਮਿਆਂ ਤੋਂ ਸਮਾਜ ਸੇਵਾ ਦੇ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਵਾਲੇ ਲੋਕਾਂ ਦਾ ਹੌਸਲਾ ਅਫ਼ਜ਼ਾਈ ਕਰਨ ਤੇ ਉਹਨਾਂ ਨੂੰ ਸਨਮਾਣ ਦੇਣ ਲਈ ਇਕ ਸਾਦਾ ਸਮਾਰੋਹ ਪਬਲਿਕ ਵਿਕਾਸ ਕੌਂਸਲ ਐਨ ਜੀ ਓ ,ਦੇ ਪੀ ਆਰ ਓ ਰਾਕੇਸ਼ ਸਾਰੰਗਲ ,ਅੰਕੁਰ ਦੀ ਪ੍ਰਧਾਨਗੀ ਹੇਠ ਮਲਕਪੁਰ (ਪਠਾਨਕੋਟ) ਵਿਖੇ ਕਰਵਾਇਆ ਗਿਆ ਜਿਸ ਵਿਚ ਸਮਾਜ ਸੇਵਾ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਸ੍ਰ:ਦਰਸ਼ਨ ਲਾਲ ਦਾ ਵਿਸ਼ੇਸ ਸਨਮਾਣ ਕੀਤਾ ਗਿਆ। ਉਨ੍ਹਾਂ ਨੂੰ ਸਰੋਪਾ ਤੇ ਹਾਰ ਪਾ ਨਕਦ ਰਾਸ਼ੀ ਦੇ ਕੇ ਇਨਾਮ ਦੇ ਕੇ ਉਨ੍ਹਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ ਵਰਨਣਯੋਗ ਹੈ ਕਿ ਪਾਠੀ ਦਰਸ਼ਨ ਲਾਲ ਜੀ ਸੰਸਥਾਪਕ ਮਾਤਾ ਸਵਿੱਤਰੀ ਬਾਈ ਫੂਲੇ ਸੋਸਲ ਐਜੂਕੇਸ਼ਨ ਵੈਲਫੇਅਰ ਸੋਸ-ਾਇਟੀ ਨਾਮ ਦੀ ਸੰਸਥਾ ਚਲਾ ਰਹੇ ਹਨ ਜੋ ਲੋੜਵੰਦਾ ਦੀ ਆਪਣੇ ਸਾਥੀਆਂ ਸਮੇਤ ਸੇਵਾ ਕਰ ਰਹੇ ਹਨ। ਇਸ ਮੌਕੇ ਗੀਤਕਾਰ ਨਿੰਦੀ ਮੰਗਿਆਲ, ਕਮਲਜੀਤ ਸਿੰਘ ਡੀਲਰ, ਦਵਿੰਦਰ ਸਿੰਘ, ਪਰਵਿੰਦਰ, ਜਸਵਿੰਦਰ ਬੈਂਸ ਆਦਿ ਮੌਜੂਦ ਸਨ।

# ਪਿੰਡ ਪੂਨੀਆਂ ਦੇ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਕੋਟੀਆਂ ਤੇ ਬੂਟ ਵੰਡੇ ਗਏ



**ਚੰਡੀਗੜ (ਪ੍ਰੀਤਮ ਲੁਧਿਆਣਵੀ) 4 ਨਵੰਬਰ, 2022–** ਸ੍ਰੀ ਗੁਰੂ ਗੋਬਿੰਦ ਸਿੰਘ ਸਪੋਰਟਸ ਕਲੱਬ ਵੱਲੋ ਗੁਰਜੀਤ ਬੈਨੀਪਾਲ ਕਨੇਡਾ ਅਤੇ ਬਲਜਿੰਦਰ ਭੂਮੀ ਕਨੇਡਾ ਦੇ ਸਹਿਯੋਗ ਨਾਲ ਪਿੰਡ ਪੂਨੀਆਂ ਪ੍ਰਾਇਮਰੀ ਸਕੂਲ ਦੇ ਬੱਚਿਆ ਨੂੰ 63 ਕੋਟੀਆਂ 63 ਬੂਟ ਵੰਡੇ ਗਏ! ਪਿੰਡ ਦੀਵਾਲਾ ਦੇ ਪੁਰਾਤਨ ਵਸਤਾਂ ਦੀ ਸਾਂਭ-ਸੰਭਾਲ ਕਰ ਰਹੇ ਸਾਹਿਤਕਾਰ ਨੌਜਵਾਨ ਤਸਵਿੰਦਰ ਸਿੰਘ ਵੜੈਚ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸ਼ੁਭ ਮੌਕੇ 'ਤੇ ਪ੍ਰਧਾਨ ਸੁੱਖ ਪੂਨੀਆਂ, ਸਰਪੰਚ ਬਹਾਦਰ ਸਿੰਘ, ਬਲਵੰਤ ਸਿੰਘ, ਜੀਤ ਸਿੰਘ, ਬੂਟਾ ਸਿੰਘ ਸਾਰੇ ਪੰਚ, ਸਾਬਕਾ ਸਰਪੰਚ ਬਲਵਿੰਦਰ ਸਿੰਘ ਫੌਜੀ, ਬਿੰਦਰ ਸਿੰਘ, ਸਕਿੰਦਰ ਸਿੰਘ, ਮਨਦੀਪ ਸਿੰਘ, ਸੁਖਰਾਜ ਸਿੰਘ, ਵਰਿੰਦਰ ਸਿੰਘ, ਨਵਿੰਦਰ ਸਿੰਘ, ਕੁਲਦੀਪ ਸਿੰਘ, ਮਨਜੀਤ ਸਿੰਘ ਕੋਟੀਆਂ, ਯਾਦਵਿੰਦਰ ਸਿੰਘ, ਜੁਗਰਾਜ ਸਿੰਘ, ਕੁਲਵਿੰਦਰ ਸਿੰਘ, ਸੁਰਿੰਦਰ ਸਿੰਘ, ਵਿਸ਼ਾਲ, ਦੇਵੀ ਦਿਆਲ, ਸੋਨੂੰ ਸੁਰਿੰਦਰ ਸਿੰਘ, ਮਨਦੀਪ ਸਿੰਘ, ਓਮ ਪ੍ਰਕਾਸ਼, ਵੀਰਪਾਲ, ਸਿੰਮਾ ਕਰਨ, ਪ੍ਰਵਾਸੀ ਵੀਰ ਅਤੇ ਸਮੂਹ ਗ੍ਰਾਮ ਪੰਚਾਇਤ ਆਦਿ ਹਾਜਰ ਸਨ।

# ਸੀਨੀਅਰ ਸਿਟੀਜੰਸ ਨੂੰ 666 ਦਿਨ ਦੀ ਐਫਡੀ ਤੇ ਕੇਨਰਾ ਬੈਂਕ ਦੇ ਰਿਹਾ 7,5% ਵਿਆਜ - ਸਤੀਸ਼ ਕੁਮਾਰ

**ਫਗਵਾੜਾ 8 ਨਵੰਬਰ (ਬੀਕੇ ਰੱਤੂ)** ਕੇਨਰਾ ਬੈਂਕ ਵਲੋਂ ਸੀਨੀਅਰ ਸਿਟੀਜੰਸ ਨੂੰ 666 ਦਿਨ ਦੇ ਫਿਕਸ ਡਿਪਾਜਿਟ ਲਈ 7.5 % ਵਿਆਜ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਕੇਨਰਾ ਬੈਂਕ ਦੀ ਫਗਵਾੜਾ ਸ਼ਾਖਾ ਦੇ ਸੀਨੀਅਰ ਮੈਨੇਜਰ ਸਤੀਸ਼ ਕੁਮਾਰ ਨੇ ਸੈਂਟਰਲ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਦਿੱਤੀ। ਇਸ ਦੌਰਾਨ ਉਹਨਾਂ ਬੈਂਕ ਦੀਆਂ ਵੱਖ ਵੱਖ ਬਚਤ ਤੇ ਮਿਆਦੀ ਸਕੀਮਾ ਬਾਰੇ ਪੈਨਸ਼ਨ ਭੋਗੀਆਂ ਨੂੰ ਵਢਮੁੱਲੀ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਪੈਨਸ਼ਨਰਜ ਐਸੋਸੀਏਸ਼ਨ ਦੀ ਨਵੀਂ ਕਾਰਜਕਾਰਣੀ ਦਾ ਐਲਾਨ ਵੀ ਕੀਤਾ ਗਿਆ। ਜਿਸ ਅਨੁਸਾਰ ਸ਼੍ਰੀ ਅਸ਼ੋਕ ਕੁਮਾਰ ਨੂੰ



ਪ੍ਰਧਾਨ, ਗੁਰਮੀਤ ਸਿੰਘ, ਦਵਿੰਦਰ ਪਾਲ ਤੇ ਸੁਭਾਸ਼ ਚੰਦਰ ਚਾਵਲਾ ਨੂੰ ਮੀਤ ਪ੍ਰਧਾਨ, ਤਰਸੇਮ ਸਿੰਘ ਨੂੰ ਜਨਰਲ ਸਕੱਤਰ, ਭਗਵੰਤ ਸਿੰਘ, ਤੇ ਦਰਸ਼ਨ ਕੁਮਾਰ ਚਾਵਲਾ ਨੂੰ ਸਹਾਇਕ ਸਕੱਤਰ ਜਦਕਿ ਦਰਸ਼ਨ ਕੁਮਾਰ ਨੂੰ ਖਜਾਨਚੀ, ਅਮਰਜੀਤ ਸਿੰਘ ਨੂੰ ਸਰਬ ਸੰਮਤੀ ਨਾਲ ਆਡੀਟਰ ਦੇ ਅਹੁਦਿਆਂ ਨਾਲ ਨਵਾਜਿਆ ਗਿਆ ਨਵ ਨਿਯੁਕਤ ਪ੍ਰਧਾਨ ਅਸ਼ੋਕ ਕੁਮਾਰ ਨੇ ਸਮੂਹ ਹਾਜਰੀਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਮਿਲੀ ਹੈ, ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਸਮੁੱਚੀ ਟੀਮ ਤੇ ਮੈਂਬਰਾਂ ਦੇ ਸਹਿਯੋਗ ਨਾਲ ਪੈਨਸ਼ਨ ਭੋਗੀਆਂ ਦੀਆਂ ਮੁਸ਼ਕਲਾਂ ਨੂੰ ਹਲ ਕਰਵਾਉਣਾ ਉਹਨਾਂ ਦੀ ਮੁਢਲੀ ਪ੍ਰਾਥਮਿਕਤਾ ਰਹੇਗੀ।

# ਬੌਬੀ ਸਿੰਘ ਐਲਨ ਐਲਕ ਗਰੋਵ ਸਿਟੀ ਦੇ ਦੁਬਾਰਾ ਮੇਅਰ ਚੁਣੇ ਗਏ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਨਾਲ ਲਗਦੇ ਸ਼ਹਿਰ ਐਲਕ ਗਰੋਵ ਦੀ ਮੌਜੂਦਾ ਮੇਅਰ ਬੌਬੀ ਸਿੰਘ



ਐਲਨ ਭਾਰੀ ਬਹੁਮਤ ਨਾਲ ਦੁਬਾਰਾ ਚੋਣ ਜਿੱਤ ਗਏ ਹਨ। ਇਹ ਚੋਣ ਜਿੱਤ ਕੇ ਉਹ ਲਗਾਤਾਰ ਦੂਜੀ ਵਾਰ ਮੇਅਰ ਬਣੇ ਹਨ। ਆਖਰੀ ਖ਼ਬਰਾਂ ਮਿਲਣ ਤੱਕ ਉਨ੍ਹਾਂ ਨੂੰ 10 ਹਜ਼ਾਰ ਤੋਂ ਵੱਧ ਵੋਟਾਂ ਪੈ ਚੁੱਕੀਆਂ ਸਨ, ਜਦਕਿ ਉਨ੍ਹਾਂ ਦੇ ਵਿਰੋਧੀ ਬਰਾਇਨ ਪਾਸਟਰ ਨੂੰ 5500 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਬੌਬੀ ਸਿੰਘ ਐਲਨ ਨੇ 65 ਫੀਸਦੀ ਵੋਟਾਂ ਹਾਸਲ ਕੀਤੀਆਂ, ਜਦਕਿ ਬਰਾਇਨ ਪਾਸਟਰ ਨੂੰ 36 ਫੀਸਦੀ ਵੋਟਾਂ ਪ੍ਰਾਪਤ ਹੋਈਆਂ। ਜ਼ਿਕਰਯੋਗ ਹੈ ਕਿ ਬੌਬੀ ਸਿੰਘ ਐਲਨ ਅਮਰੀਕਾ ਵਿਚ ਪਹਿਲੀ ਪੰਜਾਬੀ ਔਰਤ ਚੋਣ ਜਿੱਤ ਕੇ ਮੇਅਰ ਬਣੀ ਹੈ। ਪਿਛਲੀਆਂ ਚੋਣਾਂ ਵੀ ਉਸ ਨੇ ਭਾਰੀ ਬਹੁਮਤ ਨਾਲ ਜਿੱਤੀਆਂ ਸਨ। ਉਪਰੰਤ ਐਲਕ ਗਰੋਵ ਸਿਟੀ ਦੇ ਬਹੁਤ ਸਾਰੇ ਪ੍ਰਾਜੈਕਟ ਲਿਆਉਣ ਵਿਚ ਉਸ ਨੇ ਭੂਮਿਕਾ ਨਿਭਾਈ ਜਿਸ ਦੌਰਾਨ ਐਲਕ ਗਰੋਵ ਸਿਟੀ 'ਚ ਕੈਸੀਨੋ ਬਣਨ ਨਾਲ ਸੈਂਕੜੇ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ।

ਇਸ ਤੋਂ ਇਲਾਵਾ ਇਥੇ ਚਿੜੀਆਘਰ, ਹਸਪਤਾਲ ਅਤੇ ਹੋਰ ਬਹੁਤ ਸਾਰੇ ਪ੍ਰਾਜੈਕਟ ਆ ਰਹੇ ਹਨ। ਅੱਜ ਲੰਘੀ ਰਾਤ ਜਿੱਤ ਦੌਰਾਨ ਸਹਿਯੋਗੀਆਂ ਦੇ ਇਕੱਠ ਵਿੱਚ ਉਸਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਰਤੀ ਮੂਲ ਦਾ ਕਾਂਗਰਸਮੈਨ ਐਮੀ ਬੇਰਾ ਵੀ ਇਸ ਮੌਕੇ ਹਾਜਰ ਸੀ, ਉਨ੍ਹਾਂ ਦੇ ਜਿੱਤਣ 'ਤੇ ਪੰਜਾਬਿਆਂ ਭਾਈਚਾਰੇ ਦਾ ਮਾਣ ਵਧਿਆ ਹੈ ।ਵਰਨਣਯੋਗ ਹੈ ਕਿ ਬੌਬੀ ਸਿੰਘ ਦਾ ਪਿਛੋਕੜ ਜਲੰਧਰ ਨਾਲ ਹੈ ਤੇ ਨਾਮਵਰ ਵਿਆਕਤੀ ਲੱਖੀ ਸਿੰਘ ਦੀ ਬੇਟੀ ਹੈ।

# ਕੈਲੀਫੋਰਨੀਆ 'ਚ ਜਸਮੀਤ ਕੌਰ ਬੈਂਸ ਬਣੀ ਪਹਿਲੀ ਪੰਜਾਬੀ ਅਸੈਂਬਲੀ ਮੈਂਬਰ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆਂ ਪੰਜਾਬੀ ਭਾਈਚਾਰੇ ਲਈ ਸਿਆਸੀ ਖੁਸ਼ੀ ਦਾ ਮੌਕਾ ਉਸ ਵੇਲੇ ਮਿਲ ਗਿਆ ਜਦੋਂ ਕੈਲੀਫੋਰਨੀਆ ਦੇ ਡਿਸਟ੍ਰਿਕ-35 ਤੋਂ ਪੰਜਾਬੀ ਉਮੀਦਵਾਰ ਡਾ। ਜਸਮੀਤ ਕੌਰ ਬੈਂਸ ਅਸੈਂਬਲੀ ਮੈਂਬਰ ਦੀ ਚੋਣ ਜਿੱਤ ਗਏ ਹਨ। ਉਨ੍ਹਾਂ ਨੇ ਆਪਣੇ ਵਿਰੋਧੀ ਲਟੇਸੀਆ ਪਰੇਜ਼ ਨੂੰ ਹਰਾਇਆ। ਭਾਵੇਂ ਕਿ ਲਟੇਸੀਆ ਪਰੇਜ਼ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਰਾਜਨੀਤੀ ਵਿਚ ਹਨ ਅਤੇ ਉਸ ਨੇ ਪ੍ਰਾਈਮਰੀ ਚੋਣਾਂ ਵਿਚ ਵੀ ਜਿੱਤ ਹਾਸਲ ਕੀਤੀ ਸੀ। ਪਰ ਹੁਣ ਡਾ ਜਸਮੀਤ ਕੌਰ ਬੈਂਸ ਨੇ ਉਲਟ-ਫੇਰ ਕਰਦਿਆਂ ਹੋਇਆਂ ਇਸ ਹਲਕੇ ਤੋਂ ਅਸੈਂਬਲੀ ਮੈਂਬਰ ਦੀ ਚੋਣ ਜਿੱਤ ਲਈ ਹੈ, ਜਿਸ ਨਾਲ ਸਿੱਖ ਭਾਈਚਾਰਾ ਇਸ ਜਿੱਤ ਨਾਲ ਖੁਸ਼ ਹੈ। ਇਸ ਚੋਣ ਦਾ ਜਿੱਤਣਾ ਇਸ ਲਈ ਵੀ ਜਰੂਰੀ ਸੀ ਕਿਉਂ ਕਿ ਜਦੋਂ ਵੀ ਪੰਜਾਬੀ ਪ੍ਰਤੀ ਜਾਂ ਸਿੱਖ ਧਰਮ ਪ੍ਰਤੀ ਕੋਈ ਮਤਾ ਲਿਆਉਣਾ ਹੁੰਦਾ ਸੀ ਤਾਂ ਕੋਈ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਕੋਈ ਹੁੰਦਾ ਨਹੀਂ ਸੀ। ਡਾ। ਜਸਮੀਤ ਕੌਰ ਬੈਂਸ ਦੇ ਪਿਤਾ ਦਵਿੰਦਰ ਸਿੰਘ ਬੈਂਸ ਟਰਲੱਕ ਵਿਖੇ ਇਕ ਉੱਘੇ ਬਿਜ਼ਨਸਮੈਨ ਹਨ ਅਤੇ ਸਿੱਖ ਭਾਈਚਾਰੇ ਵਿਚ ਉਨ੍ਹਾਂ ਦਾ ਕਾਫੀ ਚੰਗਾ ਅਸਰ-ਰਸੂਖ ਹੈ। ਪੰਜਾਬੀ ਸਿੱਖ ਭਾਈਚਾਰੇ ਲਈ ਇਸ ਡਾ। ਜਸਮੀਤ ਕੌਰ ਬੈਂਸ ਅਸੈਂਬਲੀ ਮੈਂਬਰ ਦੀ ਚੋਣ ਦਾ ਜਿੱਤਣਾ ਪੰਜਾਬੀਆਂ ਲਈ ਆਉਣ ਵਾਲੇ



ਸਮੇਂ ਚ ਅਮਰੀਕੀ ਸਿਆਸਤ ਦੇ ਅਖਾੜੇ ਲਈ ਰਾਹ ਖੁੱਲ ਸਕਦਾ ਹੈ।

# ਪਰਾਲੀ ਦੀ ਸਾਂਭ ਸੰਭਾਲ ਅਤੇ ਕਣਕ ਦੀ ਸਿੱਧੀ ਬਿਜਾਈ ਲਈ ਸਬਸਿਡੀ ਤੇ ਮਸ਼ੀਨਾਂ ਖਰੀਦਣ ਲਈ ਮਿਆਦ ਵਿੱਚ ਵਾਧਾ: ਲਾਲ ਚੰਦ ਕਟਾਰੂਚੱਕ

**ਪਠਾਨਕੋਟ, 6 ਨਵੰਬਰ (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਪਰਾਲੀ ਦੀ ਸਾਂਭ ਸੰਭਾਲ ਲਈ ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਕਿਸਾਨਾ ਦੀ ਮਦਦ ਕਰਨ ਲਈ ਕਈ ਵੱਡੇ ਫੈਸਲੇ ਲਏ ਜਾ ਰਹੇ ਹਨ। ਇਸੇ ਲੜੀ ਦੇ ਤਹਿਤ ਪੰਜਾਬ ਸਰਕਾਰ ਨੇ ਫੈਸਲਾ ਲਿਆ ਹੈ ਕਿ ਪਰਾਲੀ ਦੀ ਸਾਂਭ ਸੰਭਾਲ ਅਤੇ ਕਣਕ ਦੀ ਸਿੱਧੀ ਬਿਜਾਈ ਲਈ ਸਬਸਿਡੀ ਤੇ ਮਸ਼ੀਨਾਂ ਖਰੀਦਣ ਲਈ ਕਿਸਾਨਾ ਨੂੰ ਜਾਰੀ ਕੀਤੀਆਂ ਪ੍ਰਵਾਨਗੀਆਂ ਦੀ ਮਿਆਦ ਵਿੱਚ 20 ਨਵੰਬਰ ਤੱਕ ਵਾਧਾ ਕੀਤਾ ਗਿਆ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਵੱਲੋਂ ਕੀਤਾ ਗਿਆ।

ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ



ਮਸ਼ੀਨਾਂ ਦੀਆਂ ਪ੍ਰਵਾਨਗੀਆਂ ਦੀ ਮਿਆਦ ਮਿਤੀ 07 ਨਵੰਬਰ, 2022 ਤੱਕ ਖਤਮ ਹੋ ਰਹੀ ਹੈ, ਉਨ੍ਹਾਂ ਦੀ ਮਿਆਦ ਵਿੱਚ 20 ਨਵੰਬਰ, 2022 ਤੱਕ ਦਾ ਵਾਧਾ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਕੈਬਨਿਟ ਮੰਤਰੀ ਨੇ ਦੱਸਿਆ ਕਿ ਬੇਲਰ ਰੈਕ ਦੀਆਂ ਹੁਣ ਤੋਂ ਜਾਰੀ ਕੀਤੀਆਂ ਜਾਣ ਵਾਲੀਆਂ ਪ੍ਰਵਾਨਗੀਆਂ ਦੀ ਮਿਆਦ 21 ਦਿਨ ਦੀ ਹੋਵੇਗੀ। ਉਹਨਾਂ ਦੱਸਿਆ ਕਿ ਇਹ ਫੈਸਲਾ ਸਰਕਾਰ ਵੱਲੋਂ ਕਿਸਾਨਾਂ ਦੀ ਪਰਾਲੀ ਦੀ ਸਾਂਭ ਸੰਭਾਲ ਅਤੇ ਕਣਕ ਦੀ ਸਿੱਧੀ ਬਿਜਾਈ ਕਰਨ ਲਈ ਵੱਧ ਤੋਂ ਵੱਧ ਮਦਦ ਕਰਨ ਦੇ ਮਕਸਦ ਨਾਲ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਇਹਨਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਕੇ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਓ।

# ਵਤਨ ਪਰਤਣ 'ਤੇ ਲੇਖਕ ਸੁਰਜੀਤ ਮਜਾਰੀ ਦਾ ਸਵਾਗਤ

**ਬੰਗਾ, (ਰੇਸ਼ਮ ਕਰਨਾਣਵੀ)** ਕੈਨੇਡਾ ਦੇ ਦੌਰੇ ਤੋਂ ਵਤਨ ਪਰਤਣ 'ਤੇ ਲੇਖਕ/ਪੱਤਰਕਾਰ ਸੁਰਜੀਤ ਮਜਾਰੀ ਦਾ ਉਹਨਾਂ ਦੇ ਜੱਦੀ ਪਿੰਡ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਨਵਜੋਤ ਸਾਹਿਤ ਸੰਸਥਾ ਔੜ ਦੇ ਪ੍ਰਧਾਨ ਸਤਪਾਲ ਸਾਹਲੋਂ ਦੀ ਅਗਵਾਈ 'ਚ ਸੰਸਥਾ ਦੇ ਮੈਂਬਰਾਂ ਵਲੋਂ ਉਹਨਾਂ ਨੂੰ ਹਾਰ ਪਹਿਨਾਏ ਗਏ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ ਸੰਧੂ ਵਰਿਆਣਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਹਨਾਂ ਕਿਹਾ ਕਿ ਸੁਰਜੀਤ ਮਜਾਰੀ ਦਾ ਲੇਖਕ/ਪੱਤਰਕਾਰ ਵਜੋਂ ਵਿਸ਼ੇਸ਼ ਯੋਗਦਾਨ ਹੈ ਅਤੇ ਇਸ ਦੇ ਨਾਲ ਸਮਾਜਿਕ ਖੇਤਰ 'ਚ ਉਸਾਰੂ ਸਰਗਰਮੀਆਂ 'ਚ ਵਧੀਆ ਭੂਮਿਕਾ ਹੈ। ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਨੇ ਕਿਹਾ ਕਿ ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਤਿੰਨ ਨੁਕਾਤੀ ਪ੍ਰੋਗਰਾਮਾਂ ਦੀ ਲੜੀ 'ਲੇਖਕ ਦੇ ਵਿਹੜੇ', 'ਸਾਹਿਤ ਉਚਾਰਨ ਮੁਕਾਬਲਾ' ਅਤੇ 'ਸਾਹਿਤਕ ਸੱਥ' ਦੀ ਸਫ਼ਲਤਾ 'ਚ ਉਸਾਰੂ ਯੋਗਦਾਨ ਹੈ। ਇਸ ਮੌਕੇ ਲੇਖਕ ਸੁਰਜੀਤ ਮਜਾਰੀ ਨੇ ਕੈਨੇਡਾ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉੱਥੇ ਕਾਨੂੰਨ ਦੀ ਪਾਲਣਾ, ਵਾਤਾਵਰਣ ਦੀ ਸ਼ੁੱਧਤਾ ਅਤੇ ਯੋਗਤਾ ਮੁਤਾਬਿਕ ਕੰਮ ਵੱਡੇ ਗੁਣ ਹਨ। ਉਹਨਾਂ ਆਪਣੇ ਇਸ ਵਿਦੇਸ਼ ਸਫ਼ਰ ਦੌਰਾਨ ਸਮਾਜਿਕ ਅਤੇ ਸਾਹਿਤਕ ਸੰਸਥਾਵਾਂ ਨਾਲ ਪਈ ਸਾਂਝ ਬਾਰੇ ਵੀ ਜਾਣਕਾਰੀ ਦਿੱਤੀ। ਦੱਸਣਯੋਗ ਹੈ ਕਿ ਸੁਰਜੀਤ ਮਜਾਰੀ 'ਦਰਿਆ ਵਗਦੇ ਰਹੇ' (ਨਾਵਲ), ਲੋਕ ਬੋਲੀਆਂ 'ਚ ਔਰਤ (ਲੇਖ ਸੰਗ੍ਰਹਿ), 'ਸ਼ਬਦ ਬਾਣ' (ਛਪਾਈ ਅਧੀਨ ਗ਼ਜ਼ਲ ਸੰਗ੍ਰਹਿ) ਦੇ ਨਾਲ ਦੋ ਦਹਾਕਿਆਂ ਤੋਂ ਪੱਤਕਾਰਤਾ ਖੇਤਰ 'ਚ ਸੇਵਾਵਾਂ ਨਿਭਾ ਰਹੇ ਹਨ। ਇਸ ਮੌਕੇ ਦਵਿੰਦਰ ਸਕੋਹਪੁਰੀ, ਰਜਨੀ ਸ਼ਰਮਾ, ਅਮਰਜੀਤ ਜਿੰਦ, ਬਿੰਦਰ ਮੱਲ੍ਹਾਬੇਦੀਆਂ ਆਦਿ ਸ਼ਾਮਲ ਸਨ।

# ਤਰਕਸ਼ੀਲਾਂ ਵੱਲੋਂ ਪਦਾਰਥਵਾਦ ਵਿਸ਼ੇ 'ਤੇ ਵਿਚਾਰ-ਗੋਸ਼ਟੀ ਆਯੋਜਿਤ

**ਦਲਜੀਤ ਕੌਰ**

**ਬਰਨਾਲਾ, 6 ਨਵੰਬਰ, 2022:** ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਬਰਨਾਲਾ-ਸੰਗਰੂਰ ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਪਦਾਰਥਵਾਦ ਵਿਸ਼ੇ ਤੇ ਵਿਚਾਰ-ਗੋਸ਼ਟੀ ਅਯੋਜਿਤ ਕੀਤੀ ਗਈ। ਜਿਸ ਦੇ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਹੇਮਰਾਜ ਸਟੈਨੋ ਸਨ।



ਸਭ ਤੋਂ ਪਹਿਲਾਂ ਜੋਨ ਮੁਖੀ ਮਾਸਟਰ ਪਰਮਵੇਦ ਨੇ ਗੋਸ਼ਟੀ ਵਿੱਚ ਸ਼ਾਮਲ ਸਾਰਿਆਂ ਦਾ ਸਵਾਗਤ ਕੀਤਾ ਅਤੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਹੇਮਰਾਜ ਸਟੈਨੋ ਨੇ ਪਦਾਰਥਵਾਦ ਬਾਰੇ ਬੋਲਦਿਆਂ ਸਭ ਤੋਂ ਪਹਿਲਾਂ ਸੰਕਲਪ ਬਾਰੇ ਕਿਹਾ ਕਿ ਇਹ ਕਿਸੇ ਪਦਾਰਥ ਦੇ ਆਮ ਤੇ ਬੁਨਿਆਦੀ ਗੁਣਾਂ ਦਾ ਨਕਸ਼ਾ ਦਿਮਾਗ ਵਿੱਚ ਲੈ ਕੇ ਆਉਂਦਾ ਹੈ। ਪਦਾਰਥ ਬਾਰੇ ਉਨ੍ਹਾਂ ਕਿਹਾ ਕਿ ਇਹ ਮੁਢਲਾ ਤੇ ਅਰੰਭਕ ਹੈ। ਪਦਾਰਥ ਨੂੰ ਨਾ ਪੈਦਾ ਕੀਤਾ ਤੇ ਨਾ ਹੀ ਖਤਮ ਕੀਤਾ ਜਾ ਸਕਦਾ ਹੈ, ਇਹ ਰੂਪ ਬਦਲਦਾ ਹੈ। ਪਦਾਰਥ ਮਨੁੱਖ ਦੀਆਂ ਗਿਆਨ ਇੰਦਰੀਆਂ 'ਤੇ ਅਸਰ ਪਾਉਂਦਾ ਹੈ।ਪਦਾਰਥ ਤੋਂ ਮਨੁੱਖ ਵਿੱਚ ਚੇਤਨਾ ਹੋਂਦ ਵਿੱਚ ਆਈ, ਇਸ ਵਿੱਚ ਅਜਿਹੇ ਗੁਣ ਮੌਜੂਦ ਹਨ ਜਿਸਨੂੰ ਮਨੁੱਖ ਦੀਆਂ ਗਿਆਨ ਇੰਦਰੀਆਂ ਤੇ ਪ੍ਰਭਾਵ ਪਾ ਕੇ ਚੇਤਨਾ ਪੈਦਾ ਕਰਦਾ ਹੈ। ਪਦਾਰਥ ਬਾਹਰਮੁਖੀ ਸੱਚ ਹੈ, ਜਿਹੜਾ ਸਾਨੂੰ ਚੇਤਨਾ ਰਾਹੀਂ ਪ੍ਰਾਪਤ ਹੁੰਦਾ ਹੈ।ਪਦਾਰਥ ਦੀ ਹਰਕਤ ਤੇ ਵਿਕਾਸ ਉਹਨਾਂ ਨਿਯਮਾਂ ਅਨੁਸਾਰ ਹੁੰਦੇ ਹਨ ਜਿਨ੍ਹਾਂ ਨੂੰ ਮਨੁੱਖ ਲਭ ਸਕਦਾ ਹੈ ਅਤੇ ਇਸਤੇ ਮਾਨ ਕਰ ਸਕਦਾ ਹੈ ਇਨ੍ਹਾਂ ਨਿਯਮਾਂ ਨੂੰ ਆਪਣੀ ਮਰਜੀ ਅਨੁਸਾਰ ਚਲਾ ਸਕਦਾ ਹੈ। ਵਿਚਾਰ ਬਾਹਰੀ ਹਕੀਕਤ ਦੇ ਜਿਉਂ ਦੇ ਜਿਉਂ ਪ੍ਰਤੀਬਿੰਬ ਹਨ ਅਤੇ ਪਦਾਰਥ ਦੀ ਹਕੀਕਤ ਚੇਤਨਾ ਤੋਂ ਬਾਹਰ ਹੈ।

ਮਨੁੱਖ ਦੇ ਵਿਚਾਰ, ਅਹਿਸਾਸ, ਭਾਵਨਾਵਾਂ, ਇਰਾਦੇ, ਖਾਹਸ਼ਾਂ ਜਿਨ੍ਹਾਂ ਨੂੰ ਨਾ ਅਸੀ ਤੋਲ ਸਕਦੇ ਹਾਂ ਨਾ ਵੇਖ ਸਕਦੇ ਹਾਂ ਅਤੇ ਨਾ ਹੀ ਸੁਣ ਸਕਦੇ ਹਾਂ, ਇਹ ਸਭ ਮਨੁੱਖ ਦੀ ਚੇਤਨਾ ਵਿੱਚ ਹੀ ਹਨ ਅਤੇ ਇਹਨਾਂ ਦੀ ਬਾਹਰ ਕੋ'ਈ ਹੋਂਦ ਨਹੀਂ ਹੈ, ਪਰ ਕਈ ਅਦਰਸ਼ਵਾਦੀ ਫਿਲਾਸਫਰ ਇਹ ਮੰਨਦੇ ਹਨ ਕਿ ਦੁਨੀਆਂ, ਮਨੁੱਖੀ ਚੇਤਨਾ ਤੋਂ ਅੱਡ (ਬਾਹਰ) ਹੋਂਦ ਵਿੱਚ ਹੈ ਪਰ ਇਹ ਨਹੀ ਮੰਨਦੇ ਕਿ ਦੁਨੀਆਂ (ਪਦਾਰਥ) ਚੇਤਨਾ ਤੋ ਆਜਾਦ ਹੈ। ਅਦਰਸ਼ਵਾਦੀ (ਵਿਚਾਰਵਾਦੀ) ਪਦਾਰਥ ਚੇਤਨਾ ਦੀ ਪੈਦਾਵਰ ਹੀ ਸਮਝਦੇ ਹਨ। ਪਰ ਦੁਨੀਆਂ ਵਿੱਚ ਸਾਇੰਸ ਤਰੱਕੀ ਨੇ ਕੁਦਰਤ ਦਾ ਭੇਦ ਪਾਉਣ ਵਿੱਚ ਸਫਲਤਾ ਨੇ ਇਹ ਦਲੀਲ ਝੁਠਲਾ ਦਿੱਤੀ ਹੈ। ਮਨੁੱਖ ਤੋਂ ਬਿਨਾ ਬਾਹਰ ਨਾ ਖਾਹਿਸ਼ ਹੈ, ਨਾ ਚੇਤਨਾ, ਨਾ ਦਿਲ, ਨਾ ਖਿਆਲ, ਨਾ ਭਾਵਨਾਵਾਂ ਆਦਿ। ਇਹ ਕੁਦਰਤ (ਪਦਾਰਥ) ਉਸ ਸਮੇਂ ਵੀ ਮੌਜੂਦ ਸੀ ਜਿਸ ਵੇਲੇ ਮਨੁੱਖ ਹੋਂਦ ਵਿੱਚ ਨਹੀਂ ਆਇਆ ਸੀ। ਚੇਤਨਾ ਮਨੁੱਖ ਤੋਂ ਪਿੱਛੋਂ ਪੈਦਾ ਹੋਈ। ਇਸ ਲਈ ਪਦਾਰਥ ਨੂੰ ਪਹਿਲ ਦੇਣ ਤੋਂ ਇਨਕਾਰ ਨਹੀਜ਼ ਕੀਤਾ ਜਾ ਸਕਦਾ। ਅੱਜ ਡਾਕਟਰੀ ਵਿਦਆ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮਨੁੱਖ ਕਿਵੇਂ ਬੇਹੋਸ਼ ਤੇ ਹੋਸ਼ ਵਿੱਚ ਲਿਆਇਆ ਜਾਂਦਾ ਹੈ। ਭਾਵ ਕਿਵੇਂ ਚੇਤਨਾ ਨੂੰ ਮਨੁੱਖੀ ਸਰੀਰ ਵਿਚੋਂ ਬਾਹਰ ਅਤੇ ਦਾਖਲ ਕੀਤਾ ਜਾ ਸਕਦਾ ਹੈ।

ਮਨੁੱਖ ਬਾਹਰਮੁਖੀ ਪਦਾਰਥਵਾਦੀ ਵਰਤਾਰਿਆਂਨੂੰ ਵੇਖ ਕੇ ਬੁਧੀਮਾਨ ਹੋਇਆ ਹੈ। ਸ਼ੁਰੂ ਵਿੱਚ ਮਨੁੱਖ ਜੰਗਲਾਂ ਅਤੇ ਗੁਫਾਵਾਂ ਵਿੱਚ ਰਹਿੰਦਾ, ਕੱਚਾ ਮਾਸ ਖਾਂਦਾ, ਪੱਥਰ ਦੇ ਟੁਕੜਿਆਂ ਨੂੰ ਟਕਰਾ ਕੇ ਅੱਗ ਦੀ ਖੋਜ ਤੋਂ ਬਾਅਦ ਮਾਸ ਭੁੰਨ ਕੇ ਖਾਣ ਲੱਗਾ, ਪਹੀਏ ਦੀ ਖੋਜ ਨਾਲ ਅਵਾਜਾਈ ਦੇ ਸਾਧਨ, ਇੰਜਣ, ਮਸ਼ੀਨਾਂ ਆਦਿ ਨਾਲ ਪੈਦਲ ਸਫਰ ਤੋਂ ਹਵਾਈ ਸਫਰ ਕਰਨ ਦੇ ਯੋਗ ਹੋਇਆ। ਤਰੰਗਾਂ ਦੀ ਖੋਜ ਨਾਲ ਸੰਦੇਸ ਭੇਜਣ, ਰੇਡੀਓ, ਟੈਲੀਵਿਜਨ, ਟੈਲੀਫੂਨ, ਫੈਕਸ, ਮੋਬਾਈਲ, ਲਾਈਵ ਸ਼ੋਅ, ਇੰਟਰਨੈਟ ਆਦਿ ਦੀ ਸਹੂਲਤਾਂ ਹੋਂਦ ਵਿੱਚ ਆਈਆਂ। ਮਨੁੱਖ ਨੇ ਬਾਹਰਮੁਖੀ ਪਦਾਰਥਵਾਦੀ ਵਰਤਾਰਿਆਂ ਤੋਂ ਜਾਣੂ ਹੋ ਕੇ ਆਪਣੇ ਤਜਰਬੇ ਵਿਚੋ ਪੈਦਾ ਕੀਤੀਆਂ ਹਨ।

ਆਪਣੇ ਆਲੇ ਦੁਆਲੇ ਦੀਆਂ ਚੀਜਾਂ ਪੱਥਰ, ਦਰੱਖਤ, ਜਾਨਦਾਰ ਪ੍ਰਾਣੀ, ਮਸ਼ੀਨਾਂ, (ਪਦਾਰਥ) ਆਦਿ ਨੂੰ ਹੱਥ ਨਾਲ ਛੋਹ ਸਕਦੇ ਹਾਂ ਅਤੇ ਚੰਦ ਸੂਰਜ, ਤਾਰਿਆਂ (ਪਦਾਰਥ) ਨੂੰ ਅੱਖਾਂ ਨਾਲ ਦੇਖ ਸਕਦੇ ਹਾਂ। ਅਸੀਂ ਇਹਨਾਂ ਚੀਜਾਂ ਨੂੰ ਦੇਖ ਕੇ, ਸੁਣ ਕੇ, ਛੋਹ ਕੇ ਸੁੰਘ ਕੇ ਅਤੇ ਚੱਖ ਕੇ ਗਿਆਨ ਇੰਦਰੀਆਂ ਰਾਹੀਂ ਭਾਂਪ ਸਕਦੇ ਹਾਂ। ਇਹ ਚੀਜਾਂ ਮਨੁੱਖ ਦੀ ਚੇਤਨਾ ਤੋ ਬਾਹਰ ਮੁਖੀ ਆਜਾਦ ਤੌਰ ਤੇ ਮੌਜੂਦ ਹਨ। ਜੇ ਮਨੁੱਖ ਹੋਂਦ ਵਿੱਚ ਨਾ ਆਉਂਦਾ ਤਾਂ ਫਿਰ ਵੀ ਇਹ ਮੌਜੂਦ ਰਹਿੰਦੀਆਂ। ਸਾਇੰਸ ਨੇ ਇਸ ਗੱਲ ਦੀ ਚੰਗੀ ਤਰ੍ਹਾਂ ਪੁਸ਼ਟੀ ਕਰ ਦਿੱਤੀ ਹੈ ਕਿ ਧਰਤੀ, ਮਨੁੱਖ ਅਤੇ ਦੂਜੀਆਂ ਜਾਨਦਾਰ ਚੀਜਾਂ ਤੋਂ ਬਹੁਤ ਸਮਾਂ ਪਹਿਲਾਂ ਹੋਂਦ ਵਿੱਚ ਆਈ। ਇਸ ਤੋਂ ਸਪੱਸ਼ਟ ਹੈ ਕਿ ਪਦਾਰਥ ਮਨੁੱਖ ਦੀ ਚੇਤਨਾ ਤੋਂ ਆਜਾਦ ਹੈਸੀਅਤ ਰੱਖਦਾ ਹੈ ਅਤੇ ਪਦਾਰਥ ਤੋਂ ਮਨੁੱਖ ਅਤੇ ਚੇਤਨਾ ਹੋਂਦ ਵਿੱਚ ਆਏ। ਪਦਾਰਥ, ਜਿਸ ਵਿੱਚ ਅਜਿਹੇ ਗੁਣ ਮੌਜੂਦ ਹਨ ਜਿਸ ਨੂੰ ਮਨੁੱਖ ਦੀਆਂ ਗਿਆਨ ਇੰਦਰੀਆਂ ਭਾਂਪ ਸਕਦੀਆਂ ਹਨ।

ਜਿਸ ਕੰਮ ਵਿੱਚ ਮਨੱਖ ਨੂੰ ਪੂਰਨ ਸਫਲਤਾ ਦਾ ਭਰੋਸਾ ਨਹੀ ਹੁੰਦਾ ਉਸ ਕੰਮ ਲਈ ਮਨੁੱਖ, ਮੁਰਾਦਾਂ ਮੰਗਦਾ ਹੈ, ਸੁੱਖਾਂ ਸੁੱਖਦਾ ਹੈ ਅਜਿਹੀਆਂ ਕਿਰਿਆਵਾਂ ਨਾਲ ਅੰਧ ਵਿਸ਼ਵਾਸ ਦੀ ਹੋਰ ਕਾਲਖ ਦਿਮਾਗ ਉਤੇ ਜੰਮ ਜਾਂਦੀ ਹੈ। ਕਿਸੇ ਕੰਮ ਵਿਚ ਸਫਲਤਾ ਲਈ ਯੋਗਤਾ ਅਤੇ ਢੁੱਕਵੇਂ ਵਸੀਲਿਆਂ ਦਾ ਹੋਣਾ ਜਰੂਰੀ ਹੈ। ਇਸ ਲਈ ਸਾਨੂੰ ਜਿੰਦਗੀ ਵਿਚ ਸਫਲਤਾ ਅਤੇ ਅਸਫਲਤਾ ਬਾਰੇ ਹਮੇਸ਼ਾ ਪਦਾਰਥਵਾਦੀ (ਵਿਗਿਆਨਕ) ਢੰਗ ਨਾਲ ਹੀ ਸੋਚਣਾ ਚਾਹੀਦਾ ਹੈ।

# ਨਵਜੋਤ ਸਾਹਿਤ ਸੰਸਥਾ ਔੜ ਵਲੋਂ 'ਸਾਹਿਤ ਉਚਾਰਨ ਮੁਕਾਬਲਾ'

## ਪ੍ਰਾਚੀ, ਹਿਮਾਨੀ, ਨੰਦਨੀ ਨੇ ਜਿੱਤੇ ਪਹਿਲੇ ਤਿੰਨ ਸਥਾਨ

**ਬੰਗਾ, (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਦਸ਼ਮੇਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਹਿਰਾਮ ਵਿਖੇ 'ਸਾਹਿਤ ਉਚਾਰਨ ਮੁਕਾਬਲਾ' ਕਰਵਾਇਆ ਗਿਆ। ਇਸ ਵਿੱਚ ਸਕੂਲ ਦੀਆਂ ਵੱਖ ਵੱਖ ਜਮਾਤਾਂ ਦੇ ਵਿਦਿਆਥੀਆਂ ਨੇ ਕਵਿਤਾਵਾਂ, ਗੀਤ ਅਤੇ ਭਾਸ਼ਣ ਦੀਆਂ ਪੇਸ਼ਕਾਰੀਆਂ ਕੀਤੀਆਂ



ਗਈਆਂ। ਇਸ ਮੁਕਾਬਲੇ ਵਿੱਚ ਦਸਵੀਂ ਦੀ ਪ੍ਰਾਚੀ, ਛੇਵੀਂ ਦੀ ਹਿਮਾਨੀ ਸ਼ਰਮਾ ਅਤੇ ਬਾਹਰਵੀਂ ਦੀ ਨੰਦਨੀ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਨੂੰ ਸੰਸਥਾ ਵਲੋਂ ਯਾਦਗਾਰ ਚਿੰਨ੍ਹ ਅਤੇ ਪ੍ਰਮਾਣ ਪੱਤਰਾਂ ਦੇ ਨਾਲ ਫ਼ੁਲਾਂ ਦੀਆਂ ਮਲਾਵਾਂ ਪਹਿਨਾਈਆਂ ਗਈਆਂ। ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੂਲ ਦੇ ਪ੍ਰਿੰਸੀਪਲ ਰੇਖਾ ਪਸਰੀਚਾ ਦੀ ਅਗਵਾਈ 'ਚ ਇਹ ਸਨਮਾਨ ਰਸਮ ਨਿਭਾਈ ਗਈ। ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਕੀਤਾ। ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਸ਼ਾਮਲ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ ਸੰਧੂ ਵਰਿਆਣਵੀ, ਮੈਸੇਜ਼ਰ ਆਫ ਪੀਸ ਦੇ ਕੌਮੀ ਪ੍ਰਚਾਰਕ ਹਾਫ਼ਿਜ ਅਲੀ ਇਸਲਾਹੀ ਅਤੇ ਸਕੂਲ ਦੇ ਚੇਅਰਮੈਨ ਇੰਦਰਜੀਤ ਪਸਰੀਚਾ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਉਹਨਾਂ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਸਾਹਿਤਕ ਅਤੇ ਸੱਭਿਆਚਾਰਕ ਸਰਗਮੀਆਂ 'ਚ ਹਿੱਸਾ ਲੈਣ ਲਈ ਪ੍ਰੇਰਦਿਆਂ ਸਮਾਜ ਅੰਦਰ ਆਪਣੇ ਆਪ ਨੂੰ ਉਦਾਹਰਣ ਬਣਾਉਣ ਦਾ ਹੋਕਾ ਦਿੱਤਾ। ਇਸ ਮੌਕੇ ਸੰਸਥਾ ਦੇ ਸੀਨੀਅਰ ਮੈਂਬਰ ਬਿੰਦਰ ਮੱਲ੍ਹਾਬੇਦੀਆਂ ਨੇ ਧੰਨਵਾਦ ਕੀਤਾ। ਮੁਕਾਬਲੇ ਦੇ ਜੱਜਮੈਂਟ ਪੈਨਲ 'ਚ ਇੰਜ ਹਰਮੇਸ਼ ਵਿਰਦੀ ਦੀ ਅਗਵਾਈ 'ਚ ਨਤੀਜਾ ਤਿਆਰ ਕੀਤਾ ਗਿਆ।

# ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਕਤਲ, ਦੋਸ਼ੀ ਗ੍ਰਿਫ਼ਤਾਰ

**ਜਲੰਧਰ ਤੋਂ ਜੇ. ਸਿੰਘ 'ਭਡਿਆਰ'**

ਮਜੀਠਾ ਰੋਡ ਸਥਿਤ ਸ਼੍ਰੀ ਗੋਪਾਲ ਮੰਦਰ ਦੇ ਬਾਹਰ ਲੱਗੇ ਕੂੜੇ ਦੇ ਢੇਰਾਂ ਵਿਚ ਸੁੱਟੀਆਂ ਹੋਈਆਂ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੇ ਰੋਸ ਵਜੋਂ ਪਹੁੰਚੇ ਸ਼ਿਵ ਸੈਨਾ ਟਕਸਾਲੀ ਦੇ ਰਾਸ਼ਟਰੀ ਪ੍ਰਧਾਨ ਸੁਧੀਰ ਕੁਮਾਰ ਸੂਰੀ ਤੇ ਇਕ ਵਿਅਕਤੀ ਵਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਹਮਲਾ ਕਰ ਦਿੱਤਾ ਤੇ ਨਜ਼ਦੀਕ ਇਕ ਘਰ ਵਿਚ ਵੜ ਗਿਆ। ਸੂਰੀ ਦੀ ਸੁਰੱਖਿਆ ਵਿਚ ਤਾਇਨਾਤ ਗਾਰਡਾਂ ਨੇ ਵਿਅਕਤੀ ਨੂੰ ਘਰੋਂ ਮੌਕੇ ਤੇ ਵੀ ਫੜ ਲਿਆ।

**5 ਹਿੰਦੂ ਨੇਤਾਵਾਂ ਨੂੰ ਮਿਲੀਆਂ ਬੁਲੇਟ ਪਰੂਫ ਜੈਕਟਾਂ**

ਲੁਧਿਆਣਾ-ਅੰਮ੍ਰਿਤਸਰ ਵਿੱਚ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਪੁਲਿਸ ਨੇ ਸੁਰੱਖਿਆ ਯਕੀਨੀ ਬਣਾਉਣ ਲਈ ਲੁਧਿਆਣਾ ਦੇ ਪੰਜ ਹਿੰਦੂ ਆਗੂਆਂ ਨੂੰ ਬੁਲੇਟ ਪਰੂਫ਼ ਜੈਕਟਾਂ ਦਿੱਤੀਆਂ ਹਨ। ਰਾਜੀਵ ਟੰਡਨ, ਯੋਗੇਸ਼ ਬਖਸ਼ੀ, ਅਮਿਤ ਅਰੋੜਾ, ਨੀਰਜ ਭਾਰਦਵਾਜ ਅਤੇ ਹਰਕੀਰਤ ਖੁਰਾਣਾ ਤੋਂ ਇਲਾਵਾ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੂੰ ਬੁਲੇਟ ਪਰੂਫ ਜੈਕਟ ਮਿਲਣ ਵਾਲਿਆਂ ਵਿਚ ਸ਼ਾਮਲ ਸਨ। ਜਾਣਕਾਰੀ ਅਨੁਸਾਰ ਸੁਰੱਖਿਆ ਸਮੀਖਿਆ ਰਿਪੋਰਟ ਭੇਜੇ ਜਾਣ ਤੋਂ ਬਾਅਦ ਐਤਵਾਰ ਨੂੰ ਪੁਲਿਸ ਹੈੱਡਕੁਆਰਟਰ ਤੋਂ ਸੁਨੇਹਾ ਆਇਆ ਕਿ ਇਨ੍ਹਾਂ ਆਗੂਆਂ ਨੂੰ ਬੁਲੇਟ ਪਰੂਫ਼ ਜੈਕਟਾਂ ਦਿੱਤੀਆਂ ਜਾਣ। ਇਸ ਮਗਰੋਂ ਇਨ੍ਹਾਂ ਸਾਰੇ ਆਗੂਆਂ ਨੂੰ ਪੁਲਿਸ ਲਾਈਨਜ਼ ਵਿੱਚ ਬੁਲਾਇਆ ਗਿਆ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਜੈਕਟਾਂ ਮੁਹੱਈਆ ਕਰਵਾਈਆਂ ਗਈਆਂ।

ਸੁਧੀਰ ਸੂਰੀ 'ਤੇ ਗੋਲ਼ੀਆਂ ਲੱਗਣ ਨਾਲ ਸੁਧੀਰ ਸੂਰੀ ਜ਼ਖ਼ਮੀ ਹੋ ਗਏ, ਜਿਨ੍ਹਾਂ ਜ਼ਖ਼ਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਸੂਰੀ ਦੇ ਨਾਲ ਆਏ ਅਹੁਦੇਦਾਰਾਂ ਤੇ ਵੱਖ-ਵੱਖ ਸ਼ਿਵ ਸੈਨਾ ਵਰਕਰਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ, ਜਿਸਤੋਂ ਬਾਅਦ ਹਾਲਾਤ ਤਣਾਅ-ਪੂਰਨ ਹੋ ਗਿਆ ਤੇ ਬਜ਼ਾਰਾਂ ਵਿਚ ਦੁਕਾਨਾਦਾਰਾਂ ਨੇ ਦੁਕਾਨਾਂ ਬੰਦ ਕਰ ਕੀਤੀਆਂ।

ਦੱਸਿਆ ਜਾ ਰਿਹਾ ਹੈ ਕਿ ਹਮਲਾਵਰਾਂ ਦੀ ਗਿਣਤੀ ਚਾਰ ਸੀ ਅਤੇ ਚਿੱਟੇ ਰੰਗ ਦੀ ਕਾਰ ਜਿਸ ਵਿੱਚ ਉਹ ਸਾਹਮਣੇ ਦੇ ਸ਼ੀਸ਼ੇ ਵਿੱਚ ਆਇਆ ਸੀ।ਖਾਲਿਸਤਾਨ ਦੀ ਮੰਗ ਕਰ ਰਹੇ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਦੀ ਫੋਟੋ ਹੈ। ਪੋਸਟਰ 'ਤੇ ਪੰਜਾਬ ਦਾ ਵਾਰਿਸ ਲਿਖਿਆ ਹੋਇਆ ਹੈ। ਮੌਕੇ ਤੇ ਮੌਜੂਦ ਪੰਜਾਬ ਪ੍ਰਧਾਨ ਕੌਸ਼ਲ ਸ਼ਰਮਾ ਨੇ ਦੱਸਿਆ ਕਿ ਪੁਲਿਸ ਦੇ ਵੱਡੇ ਅਧਿਕਾਰੀਆਂ ਦੀ ਮੌਜੂਦਗੀ ਵਿਚ ਵਿਅਕਤੀ ਨੇ ਸੂਰੀ ਤੇ ਹਮਲਾ ਕੀਤਾ ਹੈ ਅਤੇ ਪੁਲਿਸ ਦੀ ਇਸ ਵੱਡੀ ਨਾਕਾਮੀ ਨੇ ਪੰਜਾਬ ਦਾ ਮਾਹੌਲ ਖਰਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਧੀਰ ਸੂਰੀ ਨੂੰ ਪਿਛਲੇ ਲੰਮੇਂ ਸਮੇਂ ਤੋਂ ਜਾਣੋ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸੀ, ਜਿਸਦੀ ਸਾਰੀ ਜਾਣਕਾਰੀ ਪੰਜਾਬ ਸਰਕਾਰ, ਡੀਜੀਪੀ ਪੰਜਾਬ ਨੂੰ ਲਗਾਤਾਰ ਦਿੱਤੀ ਹੋਈ ਹੈ, ਪਰ ਇਸਦੇ ਬਾਵਜੂਦ ਵੀ ਸੂਰੀ ਦੀ ਸੁਰੱਖਿਆ ਕਰਨ ਵਿਚ ਪੁਲਿਸ ਨਾਕਾਮ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੰਦੂ ਹੁਣ ਗੋਲੀਆਂ ਮਾਰਨ ਵਾਲਿਆਂ ਨੂੰ ਨਹੀਂ ਬਖਸ਼ਣਗੇ। ਜਿਕਰਯੋਗ ਹੈ ਕਿ ਸੂਰੀ ਇਸ ਸਾਲ ਜੁਲਾਈ ਵਿੱਚ ਇੱਕ ਵਿਸ਼ੇਸ਼ ਭਾਈਚਾਰੇ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਸੁਰਖੀਆਂ ਵਿੱਚ ਸੀ। ਉਸ ਨੇ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਪੋਸਟ ਕੀਤੀ ਸੀ, ਜਿਸ ਵਿਚ ਉਸ ਨੂੰ ਆਪਣੇ ਕੁਝ ਸਾਥੀਆਂ ਨਾਲ ਭਾਈਚਾਰੇ ਵਿਰੁੱਧ ਇਤਰਾਜ਼ਯੋਗ ਸ਼ਬਦ ਬੋਲਦੇ ਸੁਣਿਆ ਜਾ ਸਕਦਾ ਹੈ।

**ਸੁਧੀਰ ਸੂਰੀ ਦੇ ਅੰਤਿਮ ਯਾਤਰਾ 'ਚ ਸਮਰਥਕਾਂ ਦਾ ਉਮੜਿਆ ਹਜੂਮ**

ਸੁਧੀਰ ਸੂਰੀ ਦੇ ਅੰਤਿਮ ਸੰਸਕਾਰ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਭਾਜਪਾ ਦੀ ਸਾਬਕਾ ਮੰਤਰੀ ਲਕਸ਼ਮੀ ਕਾਂਤ ਚਾਵਲਾ ਸਣੇ ਕਈ ਮਹਾਨ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ 'ਚ ਸਮਰਥਕ ਮੌਜੂਦ ਰਹੇ। ਇਥੇ ਦੱਸ ਦੇਈਏ ਕਿ ਇਸ ਦੇ ਪਹਿਲਾਂ ਸੁਧੀਰ ਸੂਰੀ ਦੀ ਅੰਤਿਮ ਯਾਤਰਾ ਉਨ੍ਹਾਂ ਦੇ ਘਰ ਤੋਂ ਸ਼ੁਰੂ ਹੋ ਕੇ ਉਨ੍ਹਾਂ ਦੇ ਦਫ਼ਤਰ ਸਾਈਨ ਟ੍ਰੈਵਲ ਤੋਂ ਹੁੰਦੀ ਹੋਈ ਦੁਰਗਿਆਣਾ ਮੰਦਿਰ ਸ਼ਿਵਪੁਰੀ 'ਚ ਪਹੁੰਚੀ। ਘਰ ਵਿਚ ਅੰਤਿਮ ਰਸਮਾਂ ਨਿਭਾਉਣ ਮਗਰੋਂ ਸੁਧੀਰ ਸੂਰੀ ਦੀ ਮ੍ਰਿਤਕ ਦੇਹ ਨੂੰ ਆਖਰੀ ਵਾਰ ਘਰ ਨੇੜੇ ਉਨ੍ਹਾਂ ਵੱਲੋਂ ਬਣਵਾਏ ਗਏ ਸਾਈਂ ਬਾਬਾ ਦੇ ਮੰਦਿਰ 'ਚ ਲਿਜਾਇਆ ਗਿਆ ਸੀ, ਫਿਰ ਇਥੋਂ ਅੰਤਿਮ ਯਾਤਰਾ ਦੁਰਗਿਆਣਾ ਮੰਦਿਰ ਸ਼ਿਵਪੁਰੀ 'ਚ ਸਥਿਤ ਸ਼ਮਸ਼ਾਨਘਾਟ ਪਹੁੰਚੀ, ਜਿੱਥੇ ਨਮ ਅੱਖਾਂ ਨਾਲ ਸੁਧੀਰ ਸੂਰੀ ਨੂੰ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਜਿੱਥੇ ਪਰਿਵਾਰ ਭੁੱਬਾਂ ਮਾਰ ਕੇ ਰੋ ਰਿਹਾ ਸੀ, ਉਥੇ ਹੀ ਹਰ ਕਿਸੇ ਦੀ ਅੱਖ ਨਮ ਵਿਖਾਈ ਦਿੱਤੀ।

**ਗੈਂਗਸਟਰ ਅੰਮ੍ਰਿਤਪਾਲ ਸਿੰਘ ਨੇ ਕਰਵਾਇਆ ਕਤਲ-ਮਾਨਿਕ ਸੂਰੀ**

ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਸ਼ਹਿਰ ਵਿੱਚ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਦੂਜੇ ਪਾਸੇ ਸ਼ਿਵ ਸੈਨਾ ਆਗੂ ਦੇ ਪੁੱਤਰ ਮਾਨਿਕ ਸੂਰੀ ਨੇ ਇਸ ਕਤਲੇਆਮ ਪਿੱਛੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਸਰਕਾਰ ਤੋਂ ਮਾਮਲੇ ਦੀ ਸੀਬੀਆਈ ਜਾਂਚ ਕਰਵਾਉਣ ਅਤੇ ਉਨ੍ਹਾਂ ਦੇ ਪਿਤਾ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ ਹੈ।

ਨਿਊਜ਼ ਏਜੰਸੀ ਏਐਨਆਈ ਮੁਤਾਬਕ ਮਾਨਿਕ ਨੇ ਕਿਹਾ, 'ਘਟਨਾ ਤੋਂ ਇੱਕ ਰਾਤ ਪਹਿਲਾਂ ਧਮਕੀ ਭਰੀ ਕਾਲ ਆਈ ਸੀ। ਮੇਰੇ ਪਿਤਾ ਨੂੰ ਯੂਕੇ ਤੋਂ ਫ਼ੋਨ ਆਇਆ। ਫੋਨ ਕਰਨ ਵਾਲੇ ਨੇ ਆਪਣੀ ਜਾਣ-ਪਛਾਣ ਅੰਮ੍ਰਿਤਪਾਲ ਸਿੰਘ ਵਜੋਂ ਕਰਵਾਈ ਅਤੇ ਕਿਹਾ ਕਿ ਉਹ ਕੁਝ ਲੋਕਾਂ ਨੂੰ ਭੇਜ ਰਿਹਾ ਹੈ ਅਤੇ ਉਸ ਦਾ ਸੌਦਾ ਹੋ ਗਿਆ ਹੈ... ਇਹ ਕਤਲ ਸੋਚੀ ਸਮਝੀ ਸੀ, ਉਨ੍ਹਾਂ 'ਤੇ 4 ਗੋਲੀਆਂ ਚਲਾਈਆਂ ਗਈਆਂ।

ਮਾਨਿਕ ਸੂਰੀ ਦਾ ਦੋਸ਼ ਹੈ ਕਿ ਉਸ ਨੂੰ ਪਾਕਿਸਤਾਨੀ ਨੰਬਰਾਂ ਤੋਂ ਵੀ ਧਮਕੀ ਭਰੇ ਕਾਲ ਆ ਰਹੇ ਹਨ। ਉਨ੍ਹਾਂ ਨੇ ਕਿਹਾ, 'ਮੈਨੂੰ ਪਾਕਿਸਤਾਨ ਦੇ ਨੰਬਰਾਂ ਤੋਂ ਧਮਕੀ ਭਰੇ ਫੋਨ ਆਏ ਹਨ। ਅਸੀਂ ਡੀਜੀਪੀ ਨੂੰ ਦੱਸ ਦਿੱਤਾ ਹੈ ਅਤੇ ਸਾਨੂੰ ਅਤੇ ਪਰਿਵਾਰ ਨੂੰ ਲਿਖਤੀ ਰੂਪ ਵਿੱਚ ਵੀ ਦਿੱਤਾ ਹੈ। ਸਖ਼ਤ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਜਦੋਂ ਤੱਕ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਅਸੀਂ ਉਨ੍ਹਾਂ ਦਾ ਅੰਤਿਮ ਸੰਸਕਾਰ ਨਹੀਂ ਕਰਾਂਗੇ। ਮਾਨਿਕ ਸੂਰੀ ਨੇ ਇਹ ਵੀ ਕਿਹਾ ਕਿ 'ਸਾਡੇ ਪਿਤਾ ਨੂੰ ਇੰਨੀ ਸੁਰੱਖਿਆ ਦੇ ਵਿਚਕਾਰ ਕਤਲ ਕਰ ਦਿੱਤਾ ਗਿਆ, ਇਹ ਪੁਲਿਸ ਦੀ ਨਾਕਾਮੀ ਹੈ। ਪੰਜਾਬ ਪੁਲਿਸ ਦੇ ਜਿਹੜੇ ਅਧਿਕਾਰੀ ਮੌਕੇ ਤੋਂ ਭੱਜ ਗਏ ਸਨ, ਉਨ੍ਹਾਂ ਨੂੰ ਬਰਖਾਸਤ ਕੀਤਾ ਜਾਵੇ। ਇਸ ਦੇ ਨਾਲ ਹੀ ਮ੍ਰਿਤਕ ਸੁਧੀਰ ਸੂਰੀ ਦੇ ਭਰਾ ਬ੍ਰਿਜਮੋਹਨ ਨੇ ਸਰਕਾਰ ਤੋਂ ਮਾਮਲੇ ਦੀ ਸੀਬੀਆਈ ਜਾਂਚ ਅਤੇ ਮਰਹੂਮ ਸ਼ਿਵ ਸੈਨਾ ਆਗੂ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, 'ਇਹ ਖਾਲਿਸਤਾਨੀ ਅੱਤਵਾਦੀਆਂ ਦਾ ਕੰਮ ਹੈ। ਅਸੀਂ ਇਸ ਮਾਮਲੇ ਦੀ ਸੀਬੀਆਈ ਜਾਂਚ ਚਾਹੁੰਦੇ ਹਾਂ। ਮੇਰੇ ਭਰਾ ਨੂੰ ਸ਼ਹੀਦ ਦਾ ਦਰਜਾ ਦਿਓ ਅਤੇ ਭੱਜਣ ਵਾਲੇ ਪੁਲਿਸ ਵਾਲਿਆਂ ਨੂੰ ਬਰਖਾਸਤ ਕਰੋ। ਨਹੀਂ ਤਾਂ ਪਰਿਵਾਰ ਦੇ ਸਾਰੇ ਮੈਂਬਰ ਬਦਲੇ ਵਿਚ ਵਾਰੀ-ਵਾਰੀ ਆਤਮਦਾਹ ਕਰ ਲੈਣਗੇ।



**ਸੂਰੀ ਕਤਲ ਕਾਂਡ ਦਾ ਮੁਲਜ਼ਮ ਸੰਦੀਪ ਸੰਨੀ ਸਤ ਦਿਨਾਂ ਪੁਲਿਸ ਰਿਮਾਂਡ 'ਤੇ**

ਸ਼ਿਵ ਸੈਨਾ ਆਗੂ ਸੁਧੀਰ ਸੂਰੀ ਕਤਲ ਮਾਮਲੇ ਦੇ ਮੁਲਜ਼ਮ ਸੰਦੀਪ ਸਿੰਘ ਸੰਨੀ ਨੂੰ ਭਾਰੀ ਪੁਲਿਸ ਸੁਰੱਖਿਆ ਹੇਠ ਅੰਮ੍ਰਿਤਸਰ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਸੰਨੀ ਨੂੰ 7 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਦੱਸ ਦਈਏ ਪੁਲਿਸ ਨੇ ਗੋਲੀ ਚਲਾਉਣ ਵਾਲੇ ਸੰਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਨੇ ਦੱਸਿਆ ਕਿ ਇੱਕ ਸਥਾਨਕ ਦੁਕਾਨਦਾਰ ਨੇ ਕਥਿਤ ਤੌਰ 'ਤੇ ਸੂਰੀ ਵਿਖੇ ਪੰਜ ਤੋਂ ਵੱਧ ਗੋਲੀਆਂ ਚਲਾਈਆਂ। ਜਿਸ ਤੋਂ ਬਾਅਦ ਸੂਰੀ ਜ਼ਮੀਨ 'ਤੇ ਡਿੱਗ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

**ਗੈਂਗਸਟਰ ਲੰਡਾ ਹਰੀਕੇ ਨੇ ਲਈ ਸੁਧੀਰ ਸੂਰੀ ਦੇ ਕਤਲ ਦੀ ਜ਼ਿੰਮੇਵਾਰੀ!!**

ਫੇਸਬੁੱਕ ਪੋਸਟ ਪਾ ਕੇ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਲੰਡਾ ਹਰੀਕੇ ਨੇ ਲਈ ਹੈ। ਉਸ ਨੇ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ, ਜਿਹੜੇ ਲੋਕ ਸੁਰੱਖਿਆ ਲੈ ਕੇ ਸੋਚਦੇ ਹਨ ਕਿ ਉਹ ਬਚ ਜਾਣਗੇ, ਉਨ੍ਹਾਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹੁਣ ਉਨ੍ਹਾਂ ਦੀ ਵਾਰੀ ਹੈ। ਹਾਲਾਂਕਿ ਇਹ ਪੋਸਟ ਸਹੀ ਹੈ ਜਾਂ ਫਰਜ਼ੀ। ਪੁਲਿਸ ਅਧਿਕਾਰੀਆਂ ਮੁਤਾਬਕ ਸਾਈਬਰ ਸੈੱਲ ਉਸ ਆਈਪੀ ਐਡਰੈੱਸ ਉਤੇ ਕੰਮ ਕਰ ਰਿਹਾ ਹੈ, ਜਿਸ ਤੋਂ ਇਹ ਪੋਸਟ ਪਾਈ ਗਈ ਹੈ। ਕਿਉਂਕਿ ਪੋਸਟ ਪਾ ਕੇ ਸਕਰੀਨ ਸ਼ਾਟ ਪਾ ਦਿੱਤਾ ਗਿਆ ਹੈ ਅਤੇ ਹੁਣ ਪੋਸਟ ਨੂੰ ਡਿਲੀਟ ਕਰ ਦਿੱਤਾ ਗਿਆ ਹੈ।

ਜਦੋਂ ਕਿ ਪੰਜਾਬ ਪੁਲਿਸ ਮੁਖੀ (ਡੀਜੀਪੀ) ਗੌਰਵ ਯਾਦਵ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਦੀ ਸਾਰੇ ਪਹਿਲੂਆਂ ਅਤੇ ਸਾਜ਼ਿਸ਼ਾਂ ਦੀ ਜਾਂਚ ਕੀਤੀ ਜਾਵੇਗੀ। ਸੁਧੀਰ ਸੂਰੀ ਦੀ ਸ਼ੁੱਕਰਵਾਰ ਨੂੰ ਮਜੀਠਾ ਰੋਡ ਉਤੇ ਸਥਿਤ ਗੋਪਾਲ ਮੰਦਿਰ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜੋ ਕਿ ਸ਼ਹਿਰ ਦੇ ਸਭ ਤੋਂ ਵਿਅਸਤ ਸਥਾਨਾਂ ਵਿਚੋਂ ਇੱਕ ਹੈ।

ਇਥੇ ਉਹ ਅਤੇ ਉਨ੍ਹਾਂ ਦੀ ਪਾਰਟੀ ਦੇ ਕੁਝ ਹੋਰ ਆਗੂ ਪ੍ਰਦਰਸ਼ਨ ਕਰ ਰਹੇ ਸਨ। ਸੂਰੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਡੀਜੀਪੀ ਯਾਦਵ ਨੇ ਕਿਹਾ ਕਿ ਇਹ ਮੰਦਭਾਗੀ ਘਟਨਾ ਹੈ ਅਤੇ ਅਸੀਂ ਇਸ ਦੀ ਸਖ਼ਤ ਨਿੰਦਾ ਕਰਦੇ ਹਾਂ। ਡੀਜੀਪੀ ਗੌਰਵ ਯਾਦਵ ਨੇ ਚੰਡੀਗੜ ਵਿੱਚ ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਸ ਘਟਨਾ ਨੂੰ ਬਹੁਤ ਮੰਦਭਾਗਾ ਕਰਾਰ ਦਿੱਤਾ ਅਤੇ ਦੱਸਿਆ ਕਿ ਇਸ ਸਬੰਧ ਵਿੱਚ ਆਈਪੀਸੀ ਦੀ ਧਾਰਾ 302 (ਕਤਲ) ਅਤੇ ਹੋਰ ਸਬੰਧਤ ਧਾਰਾਵਾਂ ਤਹਿਤ ਥਾਣਾ ਸਦਰ ਅੰਮ੍ਰਿਤਸਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ।

**ਪੰਜਾਬ 'ਚ ਵਿਰੋਧੀ ਤਾਕਤਾਂ ਦੀਆਂ ਗਤੀਵਿਧੀਆਂ ਵਧੀਆਂ-ਕੈਪਟਨ**

ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਸਫਲਤਾ ਦੀ ਵੀ ਨਿੰਦਾ ਕੀਤੀ ਜਿਸ ਨੇ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਦੇ 24 ਘੰਟੇ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ। ਕੈਪਟਨ ਨੇ ਅੱਜ ਪੰਜਾਬ ਵਿਚ 1980 ਦੇ ਕਾਲੇ ਦੌਰ ਦੀ ਵਾਪਸੀ ਵਿਰੁੱਧ ਚੇਤਾਵਨੀ ਦਿੰਦਿਆਂ ਕਿਹਾ ਕਿ ਅੱਜ ਜਿਸ ਤਰ੍ਹਾਂ ਸੂਬੇ ਵਿੱਚ ਹਾਲਾਤ ਸਾਹਮਣੇ ਆ ਰਹੇ ਹਨ, ਉਹ ਉਨ੍ਹਾਂ ਦਿਨਾਂ (1980) ਦੀ ਯਾਦ ਦਿਵਾਉਂਦਾ ਹੈ, ਜੋਕਿ ਕਾਫ਼ੀ ਚਿੰਤਾਜਨਕ ਹੈ।

ਉਨ੍ਹਾਂ ਕਿਹਾ ਕਿ ਉਹ ਇਸ ਲਈ ਜ਼ਿਆਦਾ ਚਿੰਤਤ ਹਨ ਕਿਉਂਕਿ 'ਆਪ' ਸਰਕਾਰ ਨੇ ਅਜਿਹੀ ਚਿੰਤਾਜਨਕ ਸਥਿਤੀ ਨੂੰ ਸੰਭਾਲਣ ਲਈ ਨਾ ਤਾਂ ਕੋਈ ਝੁਕਾਅ ਅਤੇ ਨਾ ਹੀ ਕੋਈ ਸਮਰੱਥਾ ਦਿਖਾਈ ਹੈ। ਉਨ੍ਹਾਂ ਕਿਹਾ, "ਇੱਕ ਵਾਰ ਜਦੋਂ ਤੁਸੀਂ ਆਪਣੀ ਕਮਜ਼ੋਰੀ ਅਤੇ ਕਮੀਆਂ ਦਾ ਦੂਜਿਆਂ ਨੂੰ ਪਤਾ ਲੱਗਣ ਦਿੰਦੇ ਹੋ, ਤਾਂ ਦੇਸ਼ ਵਿਰੋਧੀ ਸ਼ਕਤੀਆਂ ਇਸ ਦਾ ਫਾਇਦਾ ਉਠਾਉਣ ਲਈ ਪਾਬੰਦ ਹੋ ਜਾਂਦੀਆਂ ਹਨ ਅਤੇ ਹੁਣ ਪੰਜਾਬ ਵਿੱਚ ਇਹੀ ਹੋ ਰਿਹਾ ਹੈ", ਉਨ੍ਹਾਂ ਨੇ ਪੰਜਾਬ ਵਿੱਚ ਆਪ ਦੀ ਸਰਕਾਰ ਆਉਣ ਤੋਂ ਬਾਅਦ ਦੇਸ਼ ਵਿਰੋਧੀ ਤਾਕਤਾਂ ਦੀਆਂ ਵਧੀਆਂ ਗਤੀਵਿਧੀਆਂ ਦਾ ਜ਼ਿਕਰ ਕਰਦਿਆਂ ਕਿਹਾ- "ਮੈਨੂੰ 1980 ਦੇ ਦਹਾਕੇ ਦੀ ਯਾਦ ਆ ਰਹੀ ਹੈ ਜਦੋਂ ਹਾਲਾਤ ਅੱਤਵਾਦ ਵੱਲ ਵਧਣ ਅਤੇ ਵਿਗੜਨ ਲੱਗੇ ਅਤੇ ਸਾਨੂੰ ਇੰਨੀ ਵੱਡੀ ਕੀਮਤ ਚੁਕਾਉਣੀ ਪਈ ਸੀ", ਸਾਬਕਾ ਮੁੱਖ ਮੰਤਰੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਿਸੇ ਵੀ ਢਿੱਲ-ਮੱਠ ਅਤੇ ਅਕਿਰਿਆਸ਼ੀਲਤਾ ਵਿਰੁੱਧ ਸੁਚੇਤ ਕਰਦਿਆਂ ਚੇਤਾਵਨੀ ਦਿੱਤੀ।

ਕੈਪਟਨ ਅਮਰਿੰਦਰ ਨੇ ਹੈਰਾਨੀ ਜ਼ਾਹਰ ਕੀਤੀ ਕਿ ਉੱਚ ਸੁਰੱਖਿਆ ਹੇਠ ਇਕ ਵਿਅਕਤੀ ਨੂੰ ਇੰਨੇ ਸਾਰੇ ਪੁਲਿਸ ਕਰਮਚਾਰੀਆਂ ਦੇ ਹੁੰਦਿਆਂ ਪੂਰੀ ਜਨਤਕ ਦ੍ਰਿਸ਼ਟੀ ਵਿੱਚ ਗੋਲੀ ਮਾਰ ਕੇ ਕਿਵੇਂ ਮਾਰਿਆ ਜਾ ਸਕਦਾ ਹੈ। "ਸਰਕਾਰ ਨੇ ਕੀ ਕਾਰਵਾਈ ਕੀਤੀ ਹੈ?" ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ 'ਆਪ' ਸਰਕਾਰ ਦੀ ਅਪਰਾਧਿਕ ਲਾਪਰਵਾਹੀ ਹੈ ਕਿਉਂਕਿ ਇਹ ਅਪਰਾਧ ਦੀਆਂ ਗੰਭੀਰ ਘਟਨਾਵਾਂ ਨਾਲ ਨਜਿੱਠਣ 'ਚ ਵਾਰ-ਵਾਰ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰ ਵੀ ਖੁੱਲ੍ਹੇਆਮ ਭੱਜ ਰਹੇ ਹਨ ਕਿਉਂਕਿ ਉਹ ਆਪਣੀ ਇੱਛਾ ਅਨੁਸਾਰ ਅੰਤਰਰਾਸ਼ਟਰੀ ਖੇਡ ਸਿਤਾਰਿਆਂ ਅਤੇ ਗਾਇਕਾਂ ਵਰਗੇ ਲੋਕਾਂ ਨੂੰ ਮਾਰ ਰਹੇ ਹਨ। ਉਨ੍ਹਾਂ ਇਹ ਵੀ ਖਦਸ਼ਾ ਪ੍ਰਗਟਾਇਆ ਕਿ ਦੇਸ਼ ਅਤੇ ਸੂਬੇ ਦੇ ਹਿੱਤਾਂ ਦੇ ਵਿਰੋਧੀ ਤਾਕਤਾਂ ਜਲਦੀ ਹੀ ਗੈਂਗਸਟਰਾਂ ਅਤੇ ਅੱਤਵਾਦੀਆਂ ਵਿਚਕਾਰ ਗਠਜੋੜ ਬਣ ਸਕਦੀਆਂ ਹਨ।

**ਮਾਨ ਸਰਕਾਰ ਪੰਜਾਬ ਦਾ ਅਮਨ-ਕਾਨੂੰਨ ਵਿਗਾੜਨ ਦੀ ਜ਼ਿੰਮੇਵਾਰ-ਬਾਜਵਾ**

ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਆਮ ਆਦਮੀ ਪਾਰਟੀ ਦਾ ਚੋਣ-ਪ੍ਰਚਾਰ ਦਾ ਮੁੱਖ ਚਿਹਰਾ ('ਸਟਾਰ ਪ੍ਰਚਾਰਕ') ਬਣ ਕੇ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪ੍ਰਚਾਰ ਕਰ ਰਹੇ ਹਨ ਤੇ ਪੰਜਾਬ ਦੇ ਵਸਨੀਕਾਂ ਨੂੰ ਰੱਬ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਹੈ। ਬਾਜਵਾ ਨੇ ਮਾਨ 'ਤੇ ਦੋਸ਼ ਲਾਇਆ ਕਿ ਉਹ ਪੰਜਾਬ ਦਾ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਮੁੱਖ ਮੰਤਰੀ ਹੈ, ਜੋ ਸੂਬੇ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਲਗਾਮ ਲਗਾਉਣ 'ਚ ਬੁਰੀ ਤਰ੍ਹਾਂ ਅਸਫ਼ਲ ਰਹੇ ਹਨ। ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਸੂਬੇ ਵਿੱਚ ਬੰਦੂਕਧਾਰੀ ਅਪਰਾਧਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸ਼ਿਵ ਸੈਨਾ (ਟਕਸਾਲੀ) ਦੇ ਪ੍ਰਧਾਨ ਸੁਧੀਰ ਸੂਰੀ ਦੀ ਕੱਲ੍ਹ ਅੰਮ੍ਰਿਤਸਰ ਵਿੱਚ ਇੱਕ ਮੰਦਰ ਦੇ ਬਾਹਰ ਪ੍ਰਦਰਸ਼ਨ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

**ਹੁਣ ਨਿਸ਼ਾਂਤ ਸ਼ਰਮਾ ਨੂੰ ਫੋਨ ਕਰਕੇ ਕਿਹਾ 'ਹੁਣ ਤੇਰੀ ਵਾਰੀ'**

ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੇ ਪੁਲਸ ਨੂੰ ਆਪਣੀ ਸੁਰੱਖਿਆ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਸ਼ਿਕਾਇਤ ਕੀਤੀ ਹੈ ਕਿ ਉਸ ਨੂੰ ਵਿਦੇਸ਼ੀ ਨੰਬਰਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਸ਼ਿਕਾਇਤ ਵਿਚ ਨਿਸ਼ਾਂਤ ਨੇ ਦੱਸਿਆ ਹੈ ਕਿ ਹਿੰਦੂ ਨੇਤਾ ਸੂਰੀ ਦੇ ਕਤਲ ਤੋਂ ਬਾਅਦ ਉਸ ਨੂੰ ਧਮਕੀ ਦਿੱਤੀ ਗਈ ਹੈ ਕਿ ਹੁਣ ਤੇਰੀ ਵਾਰੀ ਹੈ। ਨਿਸ਼ਾਂਤ ਸ਼ਰਮਾ ਨੇ ਇਸ ਸਬੰਧੀ ਥਾਣਾ ਇੰਚਾਰਜ ਖਰੜ ਨੂੰ ਲਿਖਤੀ ਸ਼ਿਕਾਇਤ ਦੇ ਕੇ ਮੰਗ ਕੀਤੀ ਹੈ ਕਿ ਉਸ ਦੀ ਸੁਰੱਖਿਆ ਹੋਰ ਮਜ਼ਬੂਤ ਕੀਤੀ ਜਾਵੇ। ਨਿਸ਼ਾਂਤ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸੁਰੱਖਿਆ ਵਿਚ ਤਾਇਨਾਤ ਅਣਫਿੱਟ ਪੁਲਸ ਮੁਲਾਜ਼ਮਾਂ ਦੀ ਥਾਂ ਫਿੱਟ ਮੁਲਾਜ਼ਮ ਤਾਇਨਾਤ ਕੀਤੇ ਜਾਣ। ਉਨ੍ਹਾਂ ਦੀ ਮੰਗ ਦੇ ਆਧਾਰ 'ਤੇ ਉਨ੍ਹਾਂ ਦੀ ਸੁਰੱਖਿਆ ਵਿਚ ਤਾਇਨਾਤ ਕੁਝ ਪੁਲਸ ਮੁਲਾਜ਼ਮਾਂ ਨੂੰ ਬਦਲਿਆ ਗਿਆ ਹੈ। ਐੱਸ ਐੱਸ ਪੀ ਮੋਹਾਲੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਨਿਸ਼ਾਂਤ ਸ਼ਰਮਾ ਨੂੰ ਧਮਕੀਆਂ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਨਿਸ਼ਾਂਤ ਨੂੰ ਪਹਿਲਾਂ ਹੀ ਸੁਰੱਖਿਆ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਪੁਲਸ ਸਾਰਿਆਂ ਦੀ ਸੁਰੱਖਿਆ ਸਬੰਧੀ ਚੌਕਸ ਹੈ।

ਬਾਜਵਾ ਨੇ ਕਿਹਾ ਕਿ 'ਆਪ' ਦੀ ਸਰਕਾਰ ਬਣਨ ਤੋਂ ਬਾਅਦ 14 ਮਾਰਚ ਨੂੰ ਜਲੰਧਰ ਨੇੜੇ ਇੱਕ ਪਿੰਡ 'ਚ ਹੋਏ ਕਬੱਡੀ ਟੂਰਨਾਮੈਂਟ ਦੌਰਾਨ ਬਰਤਾਨੀਆ 'ਚ ਮੁੜ-ਵੱਸਣ ਵਾਲੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ । ਇਨਸਾਫ਼ ਲੈਣ ਲਈ ਉਨ੍ਹਾਂ ਦੀ ਪਤਨੀ ਹੁਣ ਤੱਕ ਸੰਘਰਸ਼ ਕਰ ਰਹੀ ਹੈ। ਨੰਗਲ ਅੰਬੀਆਂ ਦੇ ਕਤਲ ਤੋਂ ਬਾਅਦ ਇੱਕ ਕਬੱਡੀ ਖਿਡਾਰੀ, ਧਰਮਿੰਦਰ ਸਿੰਘ ਦਾ 6 ਅਪ੍ਰੈਲ ਨੂੰ ਪਟਿਆਲਾ ਵਿੱਚ ਕਤਲ ਕਰ ਦਿੱਤਾ ਗਿਆ ਸੀ । "ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ (ਸਿੱਧੂ ਮੂਸੇਵਾਲਾ) ਦੇ ਬੇਰਹਿਮੀ ਨਾਲ ਹੋਏ ਕਤਲ ਨੂੰ ਕੌਣ ਭੁੱਲ ਸਕਦਾ ਹੈ? ਆਪ ਸਰਕਾਰ ਦੇ ਇਨਸਾਫ਼ ਦਿਵਾਉਣ ਨੂੰ ਲੈ ਕੇ ਢਿੱਲੇ ਰਵੱਈਏ ਤੋਂ ਪੂਰੀ ਤਰਾਂ ਨਿਰਾਸ਼ ਹੋ ਕੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਆਖਿਆਂ ਹੈ ਕਿ ਜੇਕਰ ਉਨ੍ਹਾਂ ਨੂੰ ਇਨਸਾਫ਼ ਨਾ ਮਿਲਿਆ ਤਾਂ ਉਹ ਦੇਸ਼ ਛੱਡ ਕੇ ਚਲੇ ਜਾਣਗੇ।"

ਬਾਜਵਾ ਨੇ ਦੱਸਿਆ ਕਿ ਖ਼ੌਫ਼ਨਾਕ ਗੈਂਗਸਟਰ ਦੀਪਕ ਟੀਨੂੰ ਅਤੇ ਇੱਕ ਨਸ਼ਾ ਤਸਕਰ ਅਮਰੀਕ ਸਿੰਘ ਪੁਲਸ ਹਿਰਾਸਤ 'ਚੋਂ ਫ਼ਰਾਰ ਹੋ ਗਏ ਸਨ। ਪੰਜਾਬ ਦੇ ਲੋਕ ਲਗਾਤਾਰ ਵੱਧ ਰਹੇ ਜੁਰਮਾਂ ਅਤੇ ਗੈਂਗਸਟਰਵਾਦ ਕਾਰਨ ਅਸੁਰੱਖਿਆਂ ਦੀ ਭਾਵਨਾ ਨਾਲ ਜੂਝ ਰਹੇ ਹਨ। ਇਨਸਾਫ਼ ਨਾ ਮਿਲਣ ਕਾਰਨ ਪੀੜਤ ਪਰਿਵਾਰ ਦੇਸ਼ ਛੱਡਣ ਕੇ ਜਾਣ ਦੀਆਂ ਧਮਕੀਆਂ ਦੇ ਰਹੇ ਹਨ।

**ਸੁਧੀਰ ਸੂਰੀ ਨੂੰ ਮਾਰਨ ਵਾਲਿਆਂ ਨਾਲ ਮੇਰਾ ਸੰਬੰਧ ਨਹੀਂ-ਭਾਈ ਅੰਮ੍ਰਿਤਪਾਲ ਸਿੰਘ**

ਸ਼ਿਵ ਸੈਨਾ ਆਗੂ ਸੁਧੀਰ ਸੂਰੀ 'ਤੇ ਗੋਲੀਆਂ ਚਲਾਉਣ ਵਾਲੇ ਸਿਖ ਨੌਜਵਾਨ ਦੀ ਸਵਿਫ਼ਟ ਕਾਰ ਜੋ ਕਿ ਮੌਕੇ 'ਤੇ ਉਸ ਨੂੰ ਗ੍ਰਿਫ਼ਤਾਰ ਕਰਨ ਵੇਲੇ ਕਬਜ਼ੇ ਵਿਚ ਲੈ ਲਈ ਗਈ ਸੀ, ਉਸ਼ਪਰ ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਦਾ ਸਟਿੱਕਰ ਲੱਗਿਆ ਹੋਇਆ ਸੀ।

ਇਸ ਲਈ ਹਿੰਦੂ ਸੰਗਠਨਾਂ ਤੇ ਸ਼ਿਵ ਸੈਨਿਕਾਂ ਵਲੋਂ ਇਸ ਮਾਮਲੇ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਉਣ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਦੇ ਚਲਦਿਆਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਲੈ ਕੇ ਬੀਤੇ ਦਿਨੀਂ ਮੋਗਾ ਪੁਲਿਸ ਵਲੋਂ ਮੋਗਾ-ਬਾਘਾ ਪੁਰਾਣਾ ਰੋਡ 'ਤੇ ਪੈਂਦੇ ਪਿੰਡ ਸਿੰਘਾਂਵਾਲਾ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੋਗਾ ਪੁਲਿਸ ਵਲੋਂ ਇਕ ਘਰ ਵਿਚ ਨਜ਼ਰਬੰਦ ਕਰ ਲਿਆ ਗਿਆ ਸੀ। ਇਸ ਸਬੰਧੀ ਭਾਈ ਅੰਮ੍ਰਿਤਪਾਲ ਸਿੰਘ ਕਿਹਾ ਕਿ ਉਨ੍ਹਾਂ ਦਾ ਇਸ ਮਾਮਲੇ ਨਾਲ ਬਿਲਕੁਲ ਹੀ ਕੋਈ ਲੈਣਾ ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਗ਼ੁਲਾਮੀ ਦਾ ਹੀ ਇਹ ਅੱਜ ਦਾ ਪਹਿਲੂ ਹੈ ਕਿ ਸ਼ਿਵ ਸੈਨਿਕ ਆਗੂ ਪੁਲਿਸ ਦੀ ਹਿਫ਼ਾਜ਼ਤ ਵਿਚ ਸਿਖਾਂ ਨੂੰ ਨਸਲਕੁਸ਼ੀ ਦੀਆਂ ਧਮਕੀਆਂ ਦੇਕੇ ਸ਼ਰੇਆਮ ਘੁੰਮਦੇ ਹਨ ਪਰ ਜੇਕਰ ਕੋਈ ਸਿੱਖ ਆਗੂ ਸਿੱਖ ਕੌਮ ਦੀ ਭਲਾਈ ਲਈ ਗੱਲ ਕਰਦਾ ਹੈ, ਅੰਮ੍ਰਿਤ ਛਕਾਉਣ ਦੀ ਗਲ ਕਰਦਾ ਹੈ ਤਾਂ ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਅਗਰ ਸਰਕਾਰ ਨੂੰ ਮੇਰੇ ਉਪਰ ਕੇਸ ਕਰਨ ਦਾ ਚਾਅ ਹੈ ਤਾਂ ਉਹ ਕੇਸ ਦਰਜ ਕਰ ਕੇ ਚਾਅ ਲਾਅ ਲਵੇ।

# ਬਾਮਸੇਫ਼ ਅਤੇ ਯੂਨਿਟੀ ਆਫ਼ ਮੂਲਨਿਵਾਸੀ ਬਹੁਜਨ ਸਮਾਜ ਦੀ ਜ਼ਿਲ੍ਹਾ ਕਪੂਰਥਲਾ ਦੀ ਕਾਨਫਰੰਸ ਸਫ਼ਲਤਾ ਪੂਰਵਕ ਸੰਪੰਨ ਹੋਈ

## 'ਦੇਸ਼ ਦੁਆਬਾ' ਪੰਜਾਬੀ ਅਖਬਾਰ ਅਤੇ ਅੰਗਰੇਜ਼ੀ ਵਿਚ 'ਅੰਬੇਦਕਰ ਟਾਈਮਜ਼' ਦੇ ਵਿਸ਼ੇਸ਼ ਅੰਕ ਦਾ ਉਦਘਾਟਨ ਕੀਤਾ













ਬਾਮਸੇਫ ਅਤੇ ਯੂਨਿਟੀ ਆਫ ਮੂਲਨਿਵਾਸੀ ਬਹੁਜਨ ਸਮਾਜ ਦੀ ਜਿਲ੍ਹਾ ਕਪੂਰਥਲਾ ਦੀ ਕਾਨਫਰੰਸ ਸਫਲਤਾਪੂਰਵਕ ਸੰਪੰਨ ਹੋਈ। ਇਹ ਕਾਨਫਰੰਸ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ 100 ਸਾਲਾਂ ਬੈਰਿਸਟਰ ਡਿਗਰੀ ਹਾਸਲ ਕਰਨ ਨੂੰ ਸਮਰਪਿਤ ਸੀ। ਜਿਸ ਦੀ ਪ੍ਰਧਾਨਗੀ ਬਾਮਸੇਫ਼ ਦੇ ਰਾਸ਼ਟਰੀ ਪ੍ਰਧਾਨ ਕਮਲਕਾਂਤ ਕਾਲੇ ਵੱਲੋਂ ਕੀਤੀ ਗਈ । ਪ੍ਰੋਗਰਾਮ ਦੇ ਮੁੱਖ ਬੁਲਾਰੇ ਕੁਸ਼ਲ ਕੁਮਾਰ ਪ੍ਰਧਾਨ ਬਾਮਸੇਫ਼ ਪੰਜਾਬ, ਡਾਕਟਰ ਸਤਪਾਲ ਚੇਅਰਮੈਨ ਇੰਡੀਅਨ ਮੈਡੀਕਲ ਪਰਫੈਸ਼ਨਲ ਐਸੋਸੀਏਸ਼ਨ ਦਿੱਲੀ, ਧਨੀ ਪ੍ਰਸ਼ਾਦ ਬੋਧ ਸਾਬਕਾ ਪ੍ਰਧਾਨ ਓ।ਬੀ।ਸੀ ਐਸੋਸ਼ੀਏਸ਼ਨ, ਸਤੀਸ਼ ਕੁਮਾਰ ਕੋ-ਕਨਵੀਨਰ ਬਾਮਸੇਫ਼ ਪੰਜਾਬ ਸਨ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਰਮੇਸ਼ ਕੁਮਾਰ ਸਾਬਕਾ ਤਹਿਸੀਲਦਾਰ, ਐਡਵੋਕੇਟ ਮਧੂ ਰਚਨਾ,ਐਡਵੋਕੇਟ ਦੀਪਿਕਾ ਸ਼ੀਤਲ, ਡਾਕਟਰ ਹੁਸਨ ਲਾ.ਲ ਮਹਿਮੀ, ਡਾਕਟਰ ਰਣਜੀਤ ਰਾਏ, ਇੰਜੀਨਿਅਰ ਲਵਦੀਪ ਸਿੰਘ ਉਚੇਚੇ ਤੌਰ ਤੇ ਪਹੁੰਚੇ। ਇਸ ਤੋਂ ਇਲਾਵਾ ਜੱਥੇਦਾਰ ਮਨਧੀਰ ਸਿੰਘ ਸਰਪ੍ਰਸਤ ਦੋਆਬਾ ਪੰਥ ਸੇਵਕ ਜੱਥਾ, ਜੱਥੇਦਾਰ ਰਾਜਾ ਰਾਜ ਸਿੰਘ ਅਰਬਾਂ ਖਰਬਾਂ ਵਾ.ਲੇ, ਜੱਥੇਦਾਰ ਅਮਰੀਕ ਸਿੰਘ ਸ਼ਹਿਬਾਜ਼ਪੁਰੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ।

ਇਸ ਦੌਰਾਨ ਬਾਮਸੇਫ ਦੇ ਪ੍ਰਧਾਨ ਕਮਲਕਾਂਤ ਵੱਲੋਂ ਅਮਰੀਕਾ ਦੇ ਕੈਲੀਫ਼ੋਰਨੀਆ ਵਿੱਚੋਂ ਨਿਕਲਦੀ ਅਖਬਾਰ ਦੇਸ਼ ਦੋਆਬਾ ਪੰਜਾਬੀ ਵਿੱਚ ਅਤੇ ਅੰ-ਗਰੇਜ਼ੀ ਵਿਚ ਅੰਬੇਡਕਰ ਟਾਈਮਸ ਦੇ ਵਿਸ਼ੇਸ਼ ਅੰਕ ਦਾ ਉਦਘਾਟਨ ਕੀਤਾ ਅਤੇ ਉਚੇਚੇ ਤੌਰ ਤੇ ਦੇਸ਼ ਦੁਆਬਾ ਅਖਬਾਰ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਜੀ ਦਾ ਧੰਨਵਾਦ ਕੀਤਾ, ਜਿਨ੍ਹਾਂ ਵਲੋਂ ਸਾਰੇ ਪ੍ਰੋਗਰਾਮ ਨੂੰ Desh Doaba YouTube channel ਰਾਹੀਂ ਜਸਪਾਲ ਆਜਾਦ ਕਵਰੇਜ ਕੀਤਾ। ਮੁਖ ਬੁਲਾਰਿਆਂ ਅਤੇ ਮੁਖ ਮਹਿਮਾਨਾਂ ਦਾ ਭਾਸ਼ਣ ਬਾਬਾ ਸਾਹਿਬ ਅੰਬੇਡਕਰ ਦੇ ਕਾਕਾ ਕਲੇਲਕਰ ਕਮਿਸ਼ਨ ਨੂੰ ਦਿੱਤੇ ਬਿਆਨ ਤੇ ਕੇਂਦ੍ਰਿਤ ਰਹੀ। ਜਿਸ ਵਿੱਚ ਬਾਬਾ ਸਾਹਿਬ ਨੇ ਕਿਹਾ ਸੀ ਕਿ ਜਿਸ ਸਮਾਜ ਵਿਚ 10 ਡਾਕਟਰ, 20 ਵਕੀਲ ਅਤੇ 30 ਇੰਜੀਨੀਅਰ ਹੋਣਗੇ ਉਸ ਸਮਾਜ ਵੱਲ ਕੋਈ ਅੱਖ ਚੁੱਕ ਕੇ ਨਹੀਂ ਦੇਖ ਸਕਦਾ। ਇਸ ਵਿਸ਼ੇ ਦੀ ਮੌਜੂਦਾ ਸਥਿਤੀ ਵਿੱਚ ਪ੍ਰਸੰਗਿਕਤਾ ਤੇ ਚਰਚਾ ਕੀਤੀ ਗਈ ਸੀ। ਪ੍ਰੋਗਰਾਮ ਦੀ ਸਮਾਪਤੀ ਵਿੱਚ ਰਾਸ਼ਟਰੀ ਪ੍ਰਧਾਨ ਕਮਲਕਾਂਤ ਕਾ.ਲੇ ਨੂੰ ਪ੍ਰਬੰਧਕਾਂ ਵੱਲੋਂ ਸਿਰੋਪਾਓ ਅਤੇ ਬਾਬਾ ਸਾਹਿਬ ਦਾ ਫ਼ੋਟੋ ਵਾ.ਲਾ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਇਸ ਮੌਕੇ ਬਾਮਸੇਫ਼ ਪੰਜਾਬ ਦੇ ਇੰਚਾਰਜ਼ ਅਮਿਤ ਗੌਤਮ, ਪ੍ਰਚਾਰਕ ਚੰਚਲ ਨਾਗਵੰਸ਼ੀ ਅਤੇ ਬੰਤ ਸਿੰਘ ਤਾਲਿਬ ਵੀ ਪਹੁੰਚੇ ਸਨ।

ਇਸ ਮੌਕੇ ਮਨੋਜ ਕੁਮਾਰ, ਅਵਤਾਰ ਸਿੰਘ ਭਾਣੋਲੰਗਾ, ਸਵਰਨ ਸਿੰਘ ਭਾਣੋਲੰਗਾ, ਪ੍ਰੋ.ਫੈਸਰ ਸੁਖਵਿੰਦਰ ਸਾਗਰ, ਬਲਬੀਰ ਚੰਦ, ਅਵਤਾਰ ਸਿੰਘ ਗਿੱਲ, ਸੁਖਵਿੰਦਰ ਸਿੰਘ ਢੋਲਣ, ਰਾਜਿੰਦਰ ਰਾਣਾ, ਰਾਕੇਸ਼ ਸੱਭਰਵਾਲ, ਕਮਲਜੀਤ ਸਿੰਘ, ਪ੍ਰਿੰਸ, ਜਤਿੰਦਰ ਕੁਮਾਰ, ਕਪਿਲ, ਪਰਵੀਨ ਨਾਹਰ, ਹਰਿੰਦਰ ਕੁਮਾਰ ਸ਼ੀਤਲ, ਸੋਰਵ ਨਾਹਰ, ਅਸ਼ੋਕ ਗਿੱਲ,ਦੀਪਕ ਗਿੱਲ, ਸ਼ਾਮ ਸੁੰਦਰ ਭੱਟੀ, ਸੰਧੂਰਾ ਸਿੰਘ, ਇੰਜੀਨੀਅਰ ਹਰਭਜ.ਨ ਸਿੰਘ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਯੂਨੀ ਦੇ ਸਕੂਲ ਆਫ ਸ਼ੋਸ਼ਲ ਸਾਇੰਸਜ ਤੇ ਸਕੂਲ ਆਫ ਐਜੂਕੇਸ਼ਨ ਵੱਲੋਂ 'ਪੰਜਾਬੀ ਭਾਸ਼ਾ ਹਫਤਾ' ਤਹਿਤ ਪ੍ਰੋਗਰਾਮ




**ਚੰਡੀਗੜ (ਪ੍ਰੀਤਮ ਲੁਧਿਆਣਵੀ), 7 ਨਵੰਬਰ, 2022 :** ਰਿਆਤ ਬਾਹਰਾ ਯੁਨੀਵਰਸਿਟੀ ਦੇ ਸਕੂਲ ਆਫ ਸ਼ੋਸ਼ਲ ਸਾਇੰਸਜ ਤੇ ਸਕੂਲ ਆਫ ਐਜੂਕੇਸ਼ਨ ਵੱਲੋਂ ਪੰਜਾਬ ਸਰਕਾਰ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬੀ ਭਾਸ਼ਾ ਹਫਤਾ ਤਹਿਤ ਅਜੋਕੇ ਸਮੇਂ ਵਿੱਚ ਪੰਜਾਬੀ ਭਾਸ਼ਾ ਦੀ ਮਹੱਤਤਾ ਸੰਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਡੀਨ ਸ਼ੋਸ਼ਲ ਸਾਇੰਸਜ ਤੇ ਐਜੂਕੇਸ਼ਨ ਪ੍ਰੋ ਡਾ ਇੰਦਰਪ੍ਰੀਤ ਕੌਰ ਤੇ ਐਚ ਓ ਡੀ ਡਾ ਮਿਹਰ ਮਾਣਕ ਜੀ ਦੀ ਦੇਖ ਰੇਖ ਹੇਠ ਹੋਏ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਭਰਪੂਰ ਹੁੰਘਾਰਾ ਦਿੱਤਾ। ਇਸ ਮੌਕੇ ਪ੍ਰੋ ਸੁਖਦੀਪ ਕੌਰ ਨੇ ਬੋਲ-ਦਿਆਂ ਪੰਜਾਬੀ ਭਾਸ਼ਾ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਮਾਂ ਬੋਲੀ ਪੰਜਾਬੀ ਨੂੰ ਅਪਨਾਉਣ ਦਾ ਸੁਨੇਹਾ ਦਿੱਤਾ। ਡਾ ਕਮਲਾ ਸੈਣੀ ਨੇ ਮਾਂ ਬੋਲੀ ਦੀ ਵਿਦੇਸ਼ਾਂ ਵਿੱਚ ਵੱਧ ਰਹੀ ਲੋਕ ਪ੍ਰਿਅਤਾ ਅਤੇ ਪੰਜਾਬੀ ਨੂੰ ਸਤਿਕਾਰਨ ਅਤੇ ਵਿਸਥਾਰਨ ਵਾਸਤੇ ਕਿਹਾ। ਡਾ ਮਿਹਰ ਮਾਣਕ ਨੇ ਆਪਣੇ ਸੰਬੋਧਨ ਵਿੱਚ ਪੰਜਾਬੀ ਬੋਲੀ ਦੀ ਮਹਾਨਤਾ, ਇਸ ਦੀਆਂ ਉਪ ਬੋਲੀਆਂ ਅਤੇ ਵੰਡ ਵੇਲੇ ਪੰਜਾਬੀ ਦੇ ਹੋਏ ਨੁਕਸਾਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਡਾ ਜਸਪਾਲ ਸਿੰਘ ਨੇ ਮੰਚ ਸੰਚਾਲਨ ਦੇ ਨਾਲ ਨਾਲ ਪੰਜਾਬੀ ਬੋਲੀ ਦੇ ਨਿਕਾਸ ਤੇ ਵਿਕਾਸ ਬਾਰੇ ਚਰਚਾ ਕਰਦਿਆਂ ਨਾਥਾਂ ਜੋਗੀਆਂ ਤੋਂ ਲੈਕੇ, ਬਾਬਾ ਫਰੀਦ ਤੇ ਗੁਰੂ ਸਾਹਿਬਾਨ ਅਤੇ ਸੂਫੀ ਸੰਤਾਂ ਫਕੀਰਾਂ ਵੱਲੋਂ ਪੰਜਾਬੀ ਬੋਲੀ ਪ੍ਰਤੀ ਪਾਏ ਯੋਗਦਾਨ ਅਤੇ ਪੰਜਾਬੀ ਮਾਂ ਬੋਲੀ ਦੇ ਸੁਨਹਿਰੀ ਭਵਿੱਖ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਵੱਲੋਂ ਪ੍ਰੋਗਰਾਮ ਦੀ ਖ਼ੂਬ ਪ੍ਰਸੰਸਾ ਕੀਤੀ ਗਈ। ਇਸ ਮੌਕੇ ਪ੍ਰੋ ਕਾਮਨਾ ਸ਼ਰਮਾ, ਪ੍ਰੋ ਗੁਰਜੀਤ ਸਿੰਘ, ਪ੍ਰੋ ਦਿਵਿਆ, ਪ੍ਰੋ ਤਰਸੇਮ ਕੌਰ ਬੈਂਸ, ਪੋ ਜਗਜੀਤ ਕੌਰ ਅਤੇ ਸਮੂੰਹ ਸਟਾਫ ਮੈਂਬਰ ਹਾਜਰ ਸਨ।

# 'ਵੈਟਰਨਜ਼ ਡੇ' ਬਨਾਮ ਅਮਰੀਕਾ ਦੇ ਸਾਬਕਾ ਫੌਜੀਆਂ ਦਾ ਸਨਮਾਨ ਦਿਵਸ

ਵੈਟਰਨਜ਼ ਡੇ ਸੰਯੁਕਤ ਰਾਜ ਅਮਰੀਕਾ ਦੀ ਇਕ ਅਧਿਕਾਰਿਤ ਛੁੱਟੀ ਹੈ ਜੋ ਹਥਿਆਰਬੰਦ ਸੇਵਾ ਵਿਚ, ਸੇਵਾ ਕਰਨ ਵਾਲੇ ਲੋਕਾਂ ਦਾ ਸਨਮਾਨ ਕਰਦੀ ਹੈ, ਜਿਨ੍ਹਾਂ ਨੂੰ ਵੈਟਰਨਜ਼ ਜਾਂ ਸਾਬਕਾ ਫੌਜੀ ਵੀ ਕਿਹਾ ਜਾਂਦਾ ਹੈ। ਇਹ ਇਕ ਸੰਘੀ ਛੁੱਟੀ ਹੈ ਜੋ 11 ਨਵੰਬਰ ਨੂੰ ਮਨਾਈ ਜਾਂਦੀ ਹੈ। ਇਹ ਹੋਰ ਛੁੱਟੀਆਂ ਜਿਵੇਂ ਕਿ 'ਆਰਮਿਸਟਿਸ ਡੇ' ਅਤੇ 'ਰੀਮੇਮਬਰੈਂਸ ਡੇ' ਦੇ ਨਾਲ ਮੇਲ ਖਾਂਦੀ ਹੈ, ਜੋ ਕਿ ਵਿਸ਼ਵ ਦੇ ਦੂਸਰੇ ਹਿੱਸਿਆਂ ਵਿਚ ਮਨਾਈ ਜਾਂਦੀ ਹੈ ਅਤੇ ਵਿਸ਼ਵ ਯੁੱਧ 1 ਦੇ ਅੰਤ ਦੀ ਵਰ੍ਹੇਗੰਢ ਨੂੰ ਵੀ ਚਿੰਨ੍ਹਿਤ ਕਰਦੀ ਹੈ। 1918 ਦੇ 11ਵੇਂ ਮਹੀਨੇ ਦੇ 11ਵੇਂ ਦਿਨ ਦੇ 11ਵੇਂ ਘੰਟੇ 'ਤੇ ਪਹਿਲੇ ਵਿਸ਼ਵ ਯੁੱਧ ਦੀਆਂ ਵੱਡੀਆਂ ਦੁਸ਼ਮਣੀਆਂ ਰਸਮੀ ਤੌਰ 'ਤੇ ਖਤਮ ਹੋ ਗਈਆਂ ਸਨ, ਜਦੋਂ ਜਰਮਨੀ ਨਾਲ ਆਰਮਿਸਟਿਸ ਲਾਗੂ ਹੋ ਗਿਆ ਸੀ।

ਵੈਟਰਨਜ਼ ਡੇ ਇਕ ਮਹੱਤਵਪੂਰਨ ਦਿਨ ਹੈ ਜੋ ਉਨ੍ਹਾਂ ਸਾਰਿਆਂ ਲਈ ਸਨਮਾਨ ਅਤੇ ਪ੍ਰਸ਼ੰਸਾ ਦਿਖਾਉਣ ਲਈ ਰੱਖਿਆ ਗਿਆ ਹੈ ਜਿਨ੍ਹਾਂ ਨੇ ਸੰਯੁਕਤ ਰਾਜ ਦੀ ਫੌਜ ਵਿਚ ਸੇਵਾ ਕੀਤੀ ਹੈ- ਯੁੱਧ ਦੇ ਸਮੇਂ ਜਾਂ ਸ਼ਾਂਤੀ ਦੇ ਸਮੇਂ ਜਿਊਂਦੇ ਜਾਂ ਮਰੇ ਹੋਏ। ਵੈਟਰਨਜ਼ ਡੇ ਨੂੰ ਮੈਮੋਰੀਅਲ ਡੇ ਨਾਲ ਉਲਝਣ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ; ਵੈਟਰਨਜ਼ ਡੇ ਸਾਰੇ ਅਮਰੀਕੀ ਫੌਜੀ ਸਾਬਕਾ ਸੈਨਿਕਾਂ ਦੀ ਸੇਵਾ ਦਾ ਜਸ਼ਨ ਮਨਾਉਂਦਾ ਹੈ, ਜਦੋਂ ਕਿ ਮੈਮੋਰੀਅਲ ਡੇ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਯਾਦ ਕਰਨ ਦਾ ਦਿਨ ਹੈ ਜੋ ਸੇਵਾ ਕਰਦੇ ਹੋਏ ਮਰ ਗਏ ਸਨ।

''ਅਸੀਂ ਸਾਰੇ ਹੀਰੋ ਨਹੀਂ ਹੋ ਸਕਦੇ, ਕਿਸੇ ਨੂੰ ਕਰਬ 'ਤੇ ਬੈਠਣਾ ਪੈਂਦਾ ਹੈ ਅਤੇ ਜਦੋਂ ਉਹ ਜਾਂਦੇ ਹਨ ਤਾੜੀਆਂ ਵਜਾਉਂਦੇ ਹਨ''।-ਰਾਏ ਰੋਜਰਸ।

ਕੈਨੇਡਾ ਵਿਚ, 11 ਨਵੰਬਰ ਨੂੰ 'ਯਾਦ ਦਿਵਸ' ਕਿਹਾ ਜਾਂਦਾ ਹੈ। ਇਹ ਦਿਨ, ਜੋ ਕਿ 'ਵੈਟਰਨਜ਼ ਡੇ' ਨਾਲੋਂ 'ਮੈਮੋਰੀਅਲ ਦਿਵਸ' ਨਾਲ ਮਿਲਦਾ-ਜੁਲਦਾ ਹੈ, ਆਪਣੇ ਦੇਸ਼ ਦੀ ਸੇਵਾ ਵਿਚ ਸ਼ਹੀਦ ਹੋਏ ਸਾਬਕਾ ਸੈਨਿਕਾਂ ਦਾ ਸਨਮਾਨ ਕਰਦਾ ਹੈ।

'ਵੈਟਰਨਜ਼ ਡੇ' ਅਤੇ 'ਮੈਮੋਰੀਅਲ ਡੇ' ਵਿਚ ਕੀ ਫਰਕ ਹੈ? ਵੈਟਰਨਜ਼ ਡੇ ਅਤੇ ਮੈਮੋਰੀਅਲ ਡੇ ਦੋਵਾਂ 'ਤੇ ਦੇਸ਼ ਦੇ ਇਤਿਹਾਸ ਦੌਰਾਨ ਸੰਯੁਕਤ ਰਾਜ ਅਮਰੀਕਾ ਦੀ ਸੇਵਾ ਕਰਨ ਵਾਲੇ ਅਣਗਿਣਤ ਸਾਬਕਾ ਸੈਨਿਕਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦਾ ਸਨਮਾਨ ਕਰਨ ਲਈ ਸਮਾਂ ਬਿਤਾਉਣ ਦਾ ਰਿਵਾਜ਼ ਹੈ। ਹਾਲਾਂਕਿ, ਦੋ ਛੁੱਟੀਆਂ ਵਿਚ ਅੰਤਰ ਹੈ।

ਵੈਟਰਨਜ਼ ਡੇ ਉਹ ਦਿਨ ਹੁੰਦਾ ਹੈ ਜੋ ਉਹਨਾਂ ਸਾਰਿਆਂ ਦਾ ਧੰਨਵਾਦ ਅਤੇ ਸਨਮਾਨ ਕਰਨ ਲਈ ਰੱਖਿਆ ਜਾਂਦਾ ਹੈ, ਜਿਨ੍ਹਾਂ ਨੇ ਸੇਵਾ ਕੀਤੀ ਹੈ, ਜਿਊਂਦੇ ਜਾਂ ਮਰੇ ਹਨ, ਪਰ ਖਾਸ ਤੌਰ 'ਤੇ ਸਾਡੇ ਵਿਚਕਾਰ ਜੀਵਿਤ ਬਜ਼ੁਰਗਾਂ ਦਾ। ਯਾਦਗਾਰੀ ਦਿਵਸ ਵਿਸ਼ੇਸ਼ ਤੌਰ 'ਤੇ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਯਾਦ ਕਰਦਾ ਹੈ ਜੋ ਆਪਣੇ ਦੇਸ਼ ਦੀ ਸੇਵਾ ਦੌਰਾਨ ਸ਼ਹੀਦ ਹੋਏ ਅਤੇ ਆਪਣੇ ਦੇਸ਼ ਲਈ ਆਖਰੀ ਕੁਰਬਾਨੀ ਦਿੱਤੀ।

ਵੈਟਰਨਜ ਡੇ ਦਾ ਇਕ ਛੋਟਾ ਇਤਿਹਾਸ ਵੀ ਹੈ। ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਸਭ ਤੋਂ ਪਹਿਲਾਂ 11 ਨਵੰਬਰ, 1919 ਨੂੰ ਆਰਮਿਸਟਿਸ ਡੇ ਦੀ ਘੋਸ਼ਣਾ ਕੀਤੀ। ਛੁੱਟੀ ਦਾ ਐਲਾਨ ਕਰਦੇ ਹੋਏ, ਉਨ੍ਹਾਂ ਨੇ ਕਿਹਾ:
"ਅਮਰੀਕਾ ਵਿਚ ਸਾਡੇ ਲਈ, ਆਰਮਿਸਟਿਸ ਦਿਵਸ ਦੇ ਪ੍ਰਤੀਬਿੰਬ ਦੇਸ਼ ਦੀ ਸੇਵਾ ਵਿਚ ਮਰਨ ਵਾਲਿਆਂ ਦੀ ਬਹਾਦਰੀ ਵਿਚ ਅਤੇ ਜਿੱਤ ਲਈ ਧੰਨਵਾਦ ਦੇ ਨਾਲ, ਉਸ ਚੀਜ਼ ਦੇ ਕਾਰਨ, ਜਿਸ ਤੋਂ ਇਸ ਨੇ ਸਾਨੂੰ ਮੁਕਤ ਕੀਤਾ ਹੈ ਅਤੇ ਇਸ ਕਾਰਨ ਕਰਕੇ, ਮਾਣ ਨਾਲ ਭਰਿਆ ਹੋਵੇਗਾ। ਇਸ ਨੇ ਅਮਰੀਕਾ ਨੂੰ ਰਾਸ਼ਟਰਾਂ ਦੀਆਂ ਕੌਂਸਲਾਂ ਵਿਚ ਸ਼ਾਂਤੀ ਅਤੇ ਨਿਆਂ ਪ੍ਰਤੀ ਆਪਣੀ ਹਮਦਰਦੀ ਦਿਖਾਉਣ ਦਾ ਮੌਕਾ ਦਿੱਤਾ ਹੈ।''

ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਨੇ ਸੱਤ ਸਾਲ ਬਾਅਦ 4 ਜੂਨ, 1926 ਨੂੰ ਇਕ ਸਮਕਾਲੀ ਮਤਾ ਪਾਸ ਕੀਤਾ, ਜਿਸ ਵਿਚ ਬੇਨਤੀ ਕੀਤੀ ਗਈ ਕਿ ਰਾਸ਼ਟਰਪਤੀ ਕੈਲਵਿਨ ਕੂਲਿਜ 11 ਨਵੰਬਰ ਨੂੰ ਢੁਕਵੇਂ ਰਸਮਾਂ ਨਾਲ ਮਨਾਉਣ ਲਈ ਇਕ ਹੋਰ ਘੋਸ਼ਣਾ ਜਾਰੀ ਕਰਨ। ਇਕ ਕਾਂਗਰੇਸ਼ਨਲ ਐਕਟ (52 ਸਟੇਟ 351; 5 ਯੂ. ਐਸ. ਕੋਡ, ਸੈਕਸ਼ਨ 87ਏ) ਨੇ 13 ਮਈ, 1938 ਨੂੰ ਮਨਜ਼ੂਰੀ ਦਿੱਤੀ, ਹਰ ਸਾਲ 11 ਨਵੰਬਰ ਨੂੰ ਇਕ ਕਾਨੂੰਨੀ ਛੁੱਟੀ ਬਣਾ ਦਿੱਤੀ: ''ਵਿਸ਼ਵ ਸ਼ਾਂਤੀ ਦੇ ਕਾਰਨਾਂ ਨੂੰ ਸਮਰਪਿਤ ਇਕ ਦਿਨ ਅਤੇ ਇਸ ਤੋਂ ਬਾਅਦ ਮਨਾਇਆ ਜਾਵੇਗਾ ਅਤੇ 'ਆਰਮਿਸਟਿਸ ਡੇ' ਵਜੋਂ ਜਾਣਿਆ ਜਾਵੇਗਾ।''




1945 ਵਿਚ, ਬਰਮਿੰਘਮ, ਅਲਾਬਾਮਾ ਤੋਂ ਦੂਜੇ ਵਿਸ਼ਵ ਯੁੱਧ ਦੇ ਅਨੁਭਵੀ ਰੇਮੰਡ ਵੀਕਸ ਨੇ ਸਾਰੇ ਸਾਬਕਾ ਸੈਨਿਕਾਂ ਨੂੰ ਮਨਾਉਣ ਲਈ ਆਰਮਿਸਟਿਸ ਦਿਵਸ ਦਾ ਵਿਸਤਾਰ ਕਰਨ ਦਾ ਵਿਚਾਰ ਰੱਖਿਆ ਸੀ, ਨਾ ਕਿ ਸਿਰਫ਼ ਉਨ੍ਹਾਂ ਲੋਕਾਂ ਨੂੰ ਜੋ ਪਹਿਲੇ ਵਿਸ਼ਵ ਯੁੱਧ ਵਿਚ ਮਾਰੇ ਗਏ ਸਨ। ਹਫਤਿਆਂ ਨੇ ਇਕ ਵਫ਼ਦ ਦੀ ਅਗਵਾਈ ਜਨਰਲ ਡਵਾਈਟ ਆਈਜ਼ਨਹਾਵਰ ਕੋਲ ਕੀਤੀ, ਜਿਸ ਨੇ ਰਾਸ਼ਟਰੀ ਵੈਟਰਨਜ਼ ਡੇ ਦੇ ਵਿਚਾਰ ਦਾ ਸਮਰਥਨ ਕੀਤਾ। ਵੀਕਸ ਨੇ 1947 ਵਿਚ ਅਲਾਬਾਮਾ ਵਿਚ ਪਹਿਲੇ ਰਾਸ਼ਟਰੀ ਜਸ਼ਨ ਦੀ ਅਗਵਾਈ ਕੀਤੀ ਅਤੇ 1985 ਵਿਚ ਆਪਣੀ ਮੌਤ ਤੱਕ ਹਰ ਸਾਲ। ਰਾਸ਼ਟਰਪਤੀ ਰੀਗਨ ਨੇ 1982 ਵਿਚ ਵਾਈਟ ਹਾਊਸ ਵਿਚ ਵੀਕਸ ਨੂੰ ਰਾਸ਼ਟਰੀ ਛੁੱਟੀਆਂ ਲਈ ਪ੍ਰੇਰਕ ਸ਼ਕਤੀ ਵਜੋਂ ਪ੍ਰੈਜ਼ੀਡੈਂਸ਼ੀਅਲ ਸਿਟੀਜ਼ਨਸ਼ਿਪ ਮੈਡਲ ਨਾਲ ਸਨਮਾਨਿਤ ਕੀਤਾ। ਐਲਿਜ਼ਾਬੈਥ ਡੋਲ, ਜਿਸ ਨੇ ਰਾਸ਼ਟਰਪਤੀ ਰੀਗਨ ਲਈ ਬ੍ਰੀਫਿੰਗ ਤਿਆਰ ਕੀਤੀ, ਨੇ ਹਫਤਿਆਂ ਨੂੰ ''ਵੈਟਰਨਜ਼ ਡੇ ਦਾ ਪਿਤਾ'' ਵਜੋਂ ਨਿਸ਼ਚਿਤ ਕੀਤਾ।

ਐਂਪੋਰੀਆ, ਕੰਸਾਸ ਤੋਂ ਯੂ. ਐਸ. ਦੇ ਪ੍ਰਤੀਨਿਧੀ ਐਡ ਰੀਸ ਨੇ ਕਾਂਗਰਸ ਦੁਆਰਾ ਛੁੱਟੀ ਸਥਾਪਤ ਕਰਨ ਵਾਲਾ ਇਕ ਬਿਲ ਪੇਸ਼ ਕੀਤਾ। ਰਾਸ਼ਟਰਪਤੀ ਡਵਾਈਟ ਡੀ. ਆਈਜ਼ਨਹਾਵਰ, ਜੋ ਕਿ ਕੰਸਾਸ ਤੋਂ ਵੀ ਸੀ, ਨੇ 26 ਮਈ, 1954 ਨੂੰ ਬਿਲ 'ਤੇ ਦਸਤਖ਼ਤ ਕੀਤੇ। ਕਾਂਗਰਸ ਨੇ 1 ਜੂਨ, 1954 ਨੂੰ ਇਸ ਐਕਟ ਵਿਚ ਸੋਧ ਕੀਤੀ, ਜਿਸ ਵਿਚ ''ਆਰਮਿਸਟਿਸ'' ਨੂੰ ''ਵੈਟਰਨਜ਼'' ਨਾਲ ਬਦਲਿਆ ਗਿਆ, ਅਤੇ ਇਸ ਨੂੰ ਵੈਟਰਨਜ਼ ਡੇ ਵਜੋਂ ਜਾਣਿਆ ਜਾਂਦਾ ਹੈ।

1954 ਵਿਚ ਬਣੇ ਨੈਸ਼ਨਲ ਵੈਟਰਨਜ਼ ਅਵਾਰਡ ਦੀ ਸ਼ੁਰੂਆਤ ਵੀ ਬਰਮਿੰਘਮ ਵਿਚ ਹੋਈ। ਕੰਸਾਸ ਦੇ ਕਾਂਗਰਸਮੈਨ ਰੀਸ ਨੂੰ ਅਲਬਾਮਾ ਵਿਚ ਵੈਟਰਨਜ਼ ਡੇ ਨੂੰ ਸੰਘੀ ਛੁੱਟੀ ਬਣਾਉਣ ਲਈ ਸਮਰਥਨ ਦੀ ਪੇਸ਼ਕਸ਼ ਕਰਨ ਵਾਲੇ ਕਾਨੂੰਨ ਲਈ ਪੁਰਸਕਾਰ ਦੇ ਪਹਿਲੇ ਪ੍ਰਾਪਤਕਰਤਾ ਵਜੋਂ ਸਨਮਾਨਿਤ ਕੀਤਾ ਗਿਆ ਸੀ, ਜਿਸ ਵਿਚ ਰੇਮੰਡ ਵੀਕਸ ਦੁ-ਆਰਾ ਨੌਂ ਸਾਲਾਂ ਦੀ ਕੋਸ਼ਿਸ਼ ਕੀਤੀ ਗਈ ਸੀ। ਹਫਤਿਆਂ ਨੇ 1945 ਵਿਚ ਇਸ ਵਿਚਾਰ ਦੀ ਕਲਪਨਾ ਕੀਤੀ, 1946 ਵਿਚ ਜਨਰਲ ਆਈਜ਼ਨਹਾਵਰ ਨੂੰ ਪਟੀਸ਼ਨ ਦਿੱਤੀ, ਅਤੇ 1947 ਵਿਚ ਪਹਿਲੇ ਵੈਟਰਨਜ਼ ਡੇ ਜਸ਼ਨ ਦੀ ਅਗਵਾਈ ਕੀਤੀ (1954 ਵਿਚ ਵੈਟਰਨਜ਼ ਡੇ ਨੂੰ ਕਾਨੂੰਨੀ ਹੋਣ ਤੱਕ ਅਧਿਕਾਰਿਤ ਨਾਮ ਆਰਮਿਸਟਿਸ ਡੇ ਰੱਖਣਾ)।


ਪ੍ਰੋ. ਐਚ. ਐਲ. ਕਪੂਰ

ਹਾਲਾਂਕਿ ਅਸਲ ਵਿਚ ਹਰ ਸਾਲ 11 ਨਵੰਬਰ ਨੂੰ ਜਸ਼ਨ ਮਨਾਉਣ ਲਈ ਤਹਿ ਕੀਤਾ ਗਿਆ ਸੀ, ਯੂਨੀਫਾਰਮ ਸੋਮਵਾਰ ਛੁੱਟੀ ਐਕਟ ਦੇ ਅਨੁਸਾਰ 1971 ਵਿਚ ਸ਼ੁਰੂ ਕਰਕੇ, ਵੈਟਰਨਜ਼ ਡੇ ਨੂੰ ਅਕਤੂਬਰ ਦੇ ਚੌਥੇ ਸੋਮਵਾਰ ਵਿਚ ਤਬਦੀਲ ਕਰ ਦਿੱਤਾ ਗਿਆ ਸੀ। 1978 ਵਿਚ, ਇਸ ਨੂੰ 11 ਨਵੰਬਰ ਨੂੰ ਇਸ ਦੇ ਅਸਲ ਜਸ਼ਨ ਵਿਚ ਵਾਪਸ ਭੇਜ ਦਿੱਤਾ ਗਿਆ ਸੀ। ਜਦੋਂ ਕਿ ਕਾਨੂੰਨੀ ਛੁੱਟੀ 11 ਨਵੰਬਰ ਨੂੰ ਰਹਿੰਦੀ ਹੈ, ਜੇਕਰ ਉਹ ਮਿਤੀ ਸ਼ਨੀਵਾਰ ਜਾਂ ਐਤਵਾਰ ਨੂੰ ਹੁੰਦੀ ਹੈ, ਤਾਂ ਰਸਮੀ ਤੌਰ 'ਤੇ ਛੁੱਟੀ ਮਨਾਉਣ ਵਾਲੀਆਂ ਸੰਸਥਾਵਾਂ ਆਮ ਤੌਰ 'ਤੇ ਨੇੜੇ ਦੇ ਦਿਨ ਬੰਦ ਹੋ ਜਾਣਗੀਆਂ। ਕ੍ਰਮਵਾਰ ਸ਼ੁੱਕਰਵਾਰ ਜਾਂ ਸੋਮਵਾਰ।

ਕਿਉਂਕਿ ਵੈਟਰਨਜ਼ ਡੇ ਇਕ ਸੰਘੀ ਛੁੱਟੀ ਹੈ, ਕੁਝ ਅਮਰੀਕੀ ਕਾਮਿਆਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਕੋਲ ਕੰਮ ਜਾਂ ਸਕਲ ਤੋਂ ਵੈਟਰਨਜ਼ ਡੇ ਦੀ ਛੁੱਟੀ ਹੈ। ਜਦੋਂ ਵੈਟਰਨਜ਼ ਡੇ ਸ਼ਨੀਵਾਰ ਨੂੰ ਆਉਂਦਾ ਹੈ ਤਾਂ ਸ਼ਨੀਵਾਰ ਜਾਂ ਪਿਛਲੇ ਸ਼ੁੱਕਰਵਾਰ ਨੂੰ ਛੁੱਟੀ ਵਜੋਂ ਮਨੋਨੀਤ ਕੀਤਾ ਜਾ ਸਕਦਾ ਹੈ, ਜਦੋਂ ਕਿ ਜੇਕਰ ਇਹ ਐਤਵਾਰ ਨੂੰ ਆਉਂਦਾ ਹੈ ਤਾਂ ਇਹ ਆਮ ਤੌਰ 'ਤੇ ਅਗਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 2010 ਵਿਚ ਇਕ 'ਸੋਸਾਇਟੀ ਫਾਰ ਹਿਊਮਨ ਰਿਸੋਰਸ ਮੈਨੇਜਮੈਂਟ ਪੋਲ' ਵਿਚ ਪਾਇਆ ਗਿਆ ਕਿ 21 ਪ੍ਰਤੀਸ਼ਤ ਮਾਲਕਾਂ ਨੇ 2011 ਵਿਚ ਛੁੱਟੀ ਮਨਾਉਣ ਦੀ ਯੋਜਨਾ ਬਣਾਈ ਸੀ।

ਗੈਰ-ਜ਼ਰੂਰੀ ਫੈਡਰਲ ਸਰਕਾਰੀ ਦਫ਼ਤਰ ਬੰਦ ਹਨ। ਕੋਈ ਮੇਲ ਨਹੀਂ ਡਿਲੀਵਰ ਕੀਤਾ ਗਿਆ ਹੈ। ਸਾਰੇ ਸੰਘੀ ਕਰਮਚਾਰੀਆਂ ਨੂੰ ਛੁੱਟੀ ਲਈ ਭੁਗਤਾਨ ਕੀਤਾ ਜਾਂਦਾ ਹੈ; ਜਿਨ੍ਹਾਂ ਨੂੰ ਛੁੱਟੀ ਵਾਲੇ ਦਿਨ ਕੰਮ ਕਰਨ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਕਈ ਵਾਰੀ ਉਨ੍ਹਾਂ ਦੀ ਤਨਖਾਹ ਤੋਂ ਇਲਾਵਾ ਉਸ ਦਿਨ ਲਈ ਛੁੱਟੀਆਂ ਦੀ ਤਨਖਾਹ ਮਿਲਦੀ ਹੈ।

ਵੈਟਰਨਜ਼ ਲਈ ਮੁਫ਼ਤ ਭੋਜਨ ਬਹੁਤ ਸਾਰੇ ਫਾਸਟ ਫੂਡ ਅਤੇ ਕੈਜ਼ੂਅਲ ਡਿਨਰ ਰੈਸਟੋਰੈਂਟ ਚੇਨਾਂ ਵਿਚ ਪੇਸ਼ ਕੀਤੇ ਜਾਂਦੇ ਹਨ। ਕਾਂਗਰਸ ਨੂੰ ਆਪਣੇ ਆਰਮਿਸਟਿਸ ਡੇ ਦੇ ਸੰਬੋਧਨ ਵਿਚ, ਵਿਲਸਨ ਕਮਜ਼ੋਰ ਯੁੱਧ ਦੇ ਸਾਲਾਂ ਦੇ ਮਨੋਵਿਗਿਆਨਕ ਟੋਲ ਪ੍ਰਤੀ ਸੰਵੇਦਨਸ਼ੀਲ ਸੀ: ''ਭੁੱਖ ਸੁਧਾਰ ਨੂੰ ਜਨਮ ਨਹੀਂ ਦਿੰਦੀ; ਇਹ ਪਾਗਲਪਣ ਪੈਦਾ ਕਰਦੀ ਹੈ,'' ਉਸ ਨੇ ਟਿੱਪਣੀ ਕੀਤੀ।

ਵੈਟਰਨਜ਼ ਡੇ ਅਤੇ ਯੂਨਾਈਟਿਡ ਸਟੇਟਸ ਮਰੀਨ ਕੋਰ (10 ਨਵੰਬਰ, 1775) ਦਾ ਜਨਮ ਦਿਨ ਸਿਰਫ਼ ਇਕ ਦਿਨ ਦਾ ਫਾਸਲਾ ਹੋਣ ਕਰਕੇ, ਆਰਮਡ ਫੋਰਸਿਸ ਦੀ ਉਹ ਸ਼ਾਖਾ ਰਵਾਇਤੀ ਤੌਰ 'ਤੇ ਦੋਵਾਂ ਮੌਕਿਆਂ ਨੂੰ 96 ਘੰਟੇ ਦੀ ਆਜ਼ਾਦੀ ਦੀ ਮਿਆਦ ਵਜੋਂ ਮਨਾਉਂਦੀ ਹੈ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਅਨਾਜ ਮੰਡੀ ਲੌਂਗੋਵਾਲ ਵਿਖੇ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ







**ਦਲਜੀਤ ਕੌਰ**

**ਲੌਂਗੋਵਾਲ/ ਸੰਗਰੂਰ, 8 ਨਵੰਬਰ, 2022–** ਮੁੱਖ ਮੰਤਰੀ ਸ੍ਰ। ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨ ਹਿੱਤਾਂ ਨੂੰ ਮੁੱਖ ਰੱਖਦਿਆਂ ਅਨਾਜ ਮੰਡੀਆਂ ਅੰਦਰ ਕਿਸਾਨ ਭਰਾਵਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾ ਰਹੀ। ਇਹਨਾਂ ਸਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ, ਨਵੀਂ ਅਤੇ ਨਵਿਆਉਣਯੋਗ ਊਰਜਾ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਨੇ ਲੌਂਗੋਵਾਲ ਅਨਾਜ ਮੰਡੀ ਦਾ ਦੌਰਾ ਕਰਦਿਆਂ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਸਮੇਂ ਕੀਤਾ। ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਖਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਅਗਵਾਈ ਵਾਲੀ ਕਿਸਾਨ ਹਿਤੈਸ਼ੀ ਪੰਜਾਬ ਸਰਕਾਰ ਦੀ ਬਦੌਲਤ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਅੰਨਦਾਤੇ ਨੂੰ ਮੰਡੀਆਂ ਵਿੱਚ ਰੁਲਣਾ ਨਹੀਂ ਪੈ ਰਿਹਾ ਅਤੇ ਕਿਸਾਨ 12 ਘੰਟਿਆਂ ਵਿੱਚ ਆਪਣੀ ਫਸਲ ਵੇਚ ਕੇ ਘਰ ਜਾ ਰਿਹਾ ਹੈ ਅਤੇ 48 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਫਸਲ ਦੀ ਅਦਾਇਗੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਤੋਂ ਕਿਸਾਨ ਅਤੇ ਆੜਤੀਏ ਪੂਰੀ ਤਰਾਂ ਖੁਸ਼ ਹਨ । ਕੈਬਨਿਟ ਮੰਤਰੀ ਨੇ ਕਿਹਾ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸੂਬੇ ਵਿੱਚ ਝੋਨੇ ਦੀ ਖਰੀਦ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਾ ਆਵੇ ਅਤੇ ਇਸ ਮੰਤਵ ਤਹਿਤ ਸੁਚਾਰੂ ਅਤੇ ਪਾਰਦਰਸ਼ੀ ਖਰੀਦ ਪ੍ਰਬੰਧ ਯਕੀਨੀ ਬਣਾਏ ਹਨ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਦੂਜਿਆਂ ਸੂਬਿਆਂ ਤੋਂ ਆਉਣ ਵਾਲਾ ਝੋਨਾ, ਜੋ ਪੰਜਾਬ ਦੇ ਕਿਸਾਨਾਂ ਲਈ ਖੱਜਲ ਖੁਆਰੀ ਦਾ ਕਾਰਨ ਬਣਦਾ ਸੀ, ਉਸ ਉੱਤੇ ਪੂਰੀ ਤਰਾਂ ਸਖਤੀ ਨਾਲ ਪਾਬੰਦੀ ਲਗਾਈ ਹੈ।

ਇਸ ਮੌਕੇ ਸਰਪੰਚ ਬਲਵਿੰਦਰ ਸਿੰਘ, ਯਾਦਵਿੰਦਰ ਸਿੰਘ ਰਾਜਾ ਚੱਠੇ ਨਕਟੇ, ਰਾਜ ਸਿੰਘ ਰਾਜੂ, ਕਰਮ ਸਿੰਘ ਬਰਾੜ, ਸੁਖਪਾਲ ਬਾਜਵਾ, ਪ੍ਰੀਤਮ ਸਿੰਘ, ਸੀਸ਼ਨਪਾਲ ਐਮ ਸੀ, ਜਗਦੇਵ ਸਿੰਘ ਪ੍ਰਧਾਨ, ਗੁਰਮੀਤ ਸਿੰਘ ਫੌਜੀ ਤਰਸੇਮ ਸਿੰਘ ਸੇਮਾ, ਸਿੰਪੀ, ਬਬਲਾ ਪ੍ਰਧਾਨ ਆੜਤੀਆ ਅਸੋਸੀਏਸ਼ਨ, ਬਾਰੂ ਰਾਮ ਲੰਬੂ, ਗਿਆਨ ਚੰਦ ਆਦਿ ਵੀ ਮੌਜੂਦ ਸਨ।

# ਮਾਮਲਾ: ਬਾਸਮਤੀ ਖਰੀਦ ਦਾ – ਪੰਜਾਬ ਦੀਆਂ ਮੰਡੀਆਂ ਉੱਪਰ ਕਬਜ਼ਾ ਕਰਨ ਲੱਗਾ ਅਡਾਨੀ ਗਰੁੱਪ

**ਦਲਜੀਤ ਕੌਰ**

**ਲੌਂਗੋਵਾਲ/ ਸੰਗਰੂਰ, 8 ਨਵੰਬਰ, 2022–** ਪੰਜਾਬ ਦੀਆਂ ਮੰਡੀਆਂ ਉੱਪਰ ਕਬਜ਼ਾ ਕਰਨ ਲੱਗਾ ਅਡਾਨੀ ਗਰੁੱਪ ਨੇ ਬਾਸਮਤੀ ਦੀ ਖਰੀਦ ਰਾਹੀਂ ਕਬਜ਼ਾ ਜਮਾਉਣਾ ਸ਼ੁਰੂ ਕਰ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਮਨਜੀਤ ਧਨੇਰ ਨੇ ਦੱਸਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚੋਂ ਬਾਸਮਤੀ ਅਡਾਨੀ ਗਰੁੱਪ ਖਰੀਦ ਰਿਹਾ ਹੈ। ਸ੍ਰੀ ਮਨਜੀਤ ਧਨੇਰ ਨੇ ਦੱਸਿਆ ਕਿ ਤਰਨਤਾਰਨ, ਭਿੱਖੀਵਿੰਡ ਝੁਬਾਲ, ਪੱਟੀ, ਖੇਮਕਰਨ ਆਦਿ ਮੰਡੀਆਂ 'ਚ ਬਾਸਮਤੀ 1121 ਅਤੇ 1509 ਆਦਿ ਦੀ ਖ਼ਰੀਦਦਾਰੀ ਇਹੋ ਅਡਾਨੀ ਕੰਪਨੀ ਕਰ ਰਹੀ ਹੈ। ਇਹਨਾਂ ਮੰਡੀਆਂ 'ਚ ਜਿੰਨੇ ਵੀ ਵਿਉਪਾਰੀ ਹਨ, ਸਾਰੇ ਹੀ ਪ੍ਰਾਈਵੇਟ ਆਦਾਰੇ ਅਡਾਨੀ ਗਰੁੱਪ ਦੇ ਹਨ ਤੇ



ਫਰਜ਼ੀ ਬੋਲੀ ਲਾਉਂਦੇ ਹਨ। ਕਿਸਾਨਾਂ ਦੀ ਮਜਬੂਰੀ ਹੈ ਕਿ ਉਹ ਏਕਾ ਅਧਿਕਾਰ ਜਮਾਉਣ ਜਾ ਰਹੇ ਅਡਾਨੀ ਗਰੁੱਪ ਨੂੰ ਫ਼ਸਲ ਵੇਚ ਕੇ ਘਰ ਨੂੰ ਜਾਣ।ਇਹ ਆਡਾਨੀ ਘਰਾਣਾ ਬਾਸਮਤੀ ਦੀਆਂ ਦੋ ਕਿਸਮਾਂ 1121 ਤੇ 1509 ਹੀ ਖ਼ਰੀਦਦੇ ਹਨ। ਬਨਾਸਪਤੀ ਦੀ ਫਭ-7 ਕਿਸਮ ਖ਼ਰੀਦਦੇ ਹੀ ਨਹੀਂ । ਇਸ ਵੱਡੇ ਕਾਰਪੋਰੇਟ ਘਰਾਣੇ ਕਿਸਾਨਾਂ ਨੂੰ ਮਹਿਜ਼ 3200 ਰੁਪਏ ਵੇਚਣ ਦੀ ਮਜਬੂਰ ਕਰ ਰਹੇ ਹਨ।

ਕਿਸਾਨ ਆਗੂ ਨੇ ਕਿਹਾ ਏਕਾ ਅਧਿਕਾਰ ਜਮਾਉਣ ਜਾ ਰਹੇ ਇਸ ਕਾਰਪੋਰੇਟ ਘਰਾਣੇ ਦੇ ਫੌਰੀ ਅਤੇ ਲੰਬੇ ਦਾਅ ਦੇ ਮਨਸੂਬੇ ਅਤੇ ਕਿਸਾਨਾਂ ਦੀ ਲੁੱਟ ਬੰਦ ਕਰਾਉਣ ਲਈ ਪੰਜਾਬ ਸਰਕਾਰ ਤੋਂ ਜੋਰਦਾਰ ਮੰਗ ਕੀਤੀ ਹੈ ਕਿ ਬਾਸਮਤੀ ਦੀਆਂ ਸਾਰੀਆਂ ਕਿਸਮਾਂ ਦੀ ਘੱਟੋ-ਘੱਟ ਖਰੀਦ ਕੀਮਤ 4800 ਰੁ। ਉੱਤੇ ਖਰੀਦ ਯਕੀਨੀ ਬਣਾਵੇ।




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556

# ਸੰਤ ਨਿਰੰਕਾਰੀ ਮਿਸ਼ਨ ’ਚ ਸਤਿਗੁਰੂ ਦਾ ਸਥਾਨ

**ਇਸ ਸਾਲ ਦਾ 75ਵਾਂ ਪਲੈਟੀਨਮ ਜੁਬਲੀ ਸਲਾਨਾ ਨਿਰੰਕਾਰੀ ਸੰਤ ਸਮਾਗਮ 16 ਤੋਂ 20 ਨਵੰਬਰ, 2022 ਤੱਕ ਨਿਰੰਕਾਰੀ ਅਧਿਆਤਮਿਕ ਸਥਲ, ਸਮਾਲਖਾ (ਹਰਿਆਣਾ) ਵਿਖੇ ਆਯੋਜਿਤ ਕੀਤਾ ਜਾਵੇਗਾ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੂਰੇ ਵਿਸ਼ਵ ਭਰ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਸ ਸਮਾਗਮ ਪਹੁੰਚ ਰਹੇ ਹਨ।**

ਸਤਿਗੁਰੂ ਨੂੰ ਸਦਾ ਨਿਰੰਕਾਰ, ਪ੍ਰਭੂ ਪਰਮਾਤਮਾ ਦਾ ਸਾਕਾਰ ਰੂਪ ਮੰਨਿਆ ਗਿਆ ਹੈ। ਪਰਮਾਤਮਾ ਖੁਦ ਸਤਿਗੁਰੂ ਦੇ ਘਟ ਵਿਚ ਪ੍ਰਗਟ ਹੁੰਦਾ ਹੈ। ਸਤਿਗੁਰੂ ਦੇ ਕੋਲ ਸਾਰੇ ਦੈਵੀ ਗੁਣ ਤੇ ਦੈਵੀ ਸ਼ਕਤੀਆਂ ਹੁੰਦੀਆਂ ਹਨ ਜੋ ਉਹ ਸ੍ਰਿਸ਼ਟੀ ਦੇ ਕਲਿਆਣ ਲਈ ਪ੍ਰਯੋਗ ਕਰਦਾ ਹੈ। ਭੁੱਲੇ ਭਟਕੇ ਲੋਕ ਜੋ ਕੇਵਲ ਸ਼ਰੀਰ ਦੇ ਬਲ ’ਤੇ ਹੀ ਜਿਉਂਦੇ ਹਨ ਅਤੇ ਸ਼ਰੀਰ ਦੇ ਹੀ ਸੁੱਖਾਂ ਨੂੰ ਜੀਵਨ ਜਿਉਣ ਦਾ ਟੀਚਾ ਮੰਨਦੇ ਹਨ, ਸੱਚ ਦੇ ਮਾਰਗ ਨੂੰ ਭੁੱਲ ਕੇ ਸੰਸਾਰਿਕ ਪਦਾਰਥਾਂ ਦੇ ਮਾਇਆ ਜਾਲ ਵਿਚ ਫਸੇ ਰਹਿੰਦੇ ਹਨ, ਸਤਿਗੁਰੂ ਉਨ੍ਹਾਂ ਦਾ ਮਾਰਗ ਦਰਸ਼ਨ ਕਰਦਾ ਹੈ, ਉਧਾਰ ਕਰਦਾ ਹੈ।




ਸੰਤ ਨਿਰੰਕਾਰੀ ਮਿਸ਼ਨ ਵਿਚ ਅਸੀਂ ਭਾਗਾਂ ਵਾਲੇ ਹਾਂ ਕਿ ਸਤਿਗੁਰੂ ਸਦਾ ਹੀ ਨਿਰੰਕਾਰ ਅਤੇ ਸਾਕਾਰ ਦੋਹਾਂ ਰੂਪਾਂ ਵਿਚ ਸਾਡੇ ਅੰਗ-ਸੰਗ ਰਹਿੰਦਾ ਹੈ। ਜਿਥੇ ਸਤਿਗੁਰੂ ਸ਼ਰੀਰ ਰੂਪ ਵਿਚ ਨਿਰੰਕਾਰ ਪ੍ਰਭੂ ਪਰਮਾਤਮਾ ਦਾ ਹੀ ਰੂਪ ਹੈ। ਇਸਦੇ ਦੋਨੋਂ ਹੀ ਰੂਪ ਹਨ ਦੋਹਾਂ ਦੀ ਪਹਿਚਾਣ ਹੈ। ਜਦੋਂ ਅਸੀਂ ਸਤਿਗੁਰੂ ਨੂੰ ਉਸਦੇ ਨਿਰੰਕਾਰ ਰੂਪ ਵਿਚ ਯਾਦ ਕਰਦੇ ਹਾਂ ਤਾਂ ਸਤਿਗੁਰੂ ਅਤੇ ਨਿਰੰਕਾਰ ਪਰਮਾਤਮਾ ਵਿਚ ਕੋਈ ਅੰਤਰ, ਕੋਈ ਭੇਦ ਨਹੀਂ ਹੁੰਦਾ। ਇਕ ਦੇ ਪ੍ਰਤੀ ਕੀਤੀ ਜਾਣ ਵਾਲੀ ਅਰਦਾਸ ਦੂਸਰੇ ਤੱਕ ਖੁਦ ਪਹੁੰਚ ਰਹੀ ਹੁੰਦੀ ਹੈ ਦੋਨੋਂ ਹੀ ਸੁਣਦੇ ਹਨ।

ਜਦੋਂ ਇਨਸਾਨ ਪੂਰੇ ਸਤਿਗੁਰੂ ਦੀ ਕ੍ਰਿਪਾ ਨਾਲ ਨਿਰੰਕਾਰ ਪ੍ਰਮਾਤਮਾ ਦੀ ਜਾਣਕਾਰੀ ਹਾਸਲ ਕਰਕੇ ਨਿਰੰਕਾਰ ਨਾਲ ਧਿਆਨ ਜੋੜਦਾ ਹੈ ਤਾਂ ਉਸਨੂੰ ਹਰ ਇਨਸਾਨ ਵਿੱਚ ਹੀ ਨਿਰੰਕਾਰ ਦਾ ਰੂਪ ਨਜ਼ਰ ਆਉਣ ਲੱਗ ਪੈਂਦਾ ਹੈ। ਪੂਰਾ ਸਤਿਗੁਰੂ ਉਹੀ ਹੁੰਦਾ ਹੈ ਜੋ ਕਿ ਸਾਨੂੰ ਪ੍ਰਭੂ ਪ੍ਰਮਾਤਮਾ ਦੀ ਜਾਣਕਾਰੀ ਕਰਵਾਏ। ਸਤਿਗੁਰੂ ਸੰਸਾਰ ਦੇ ਸਾਰੇ ਜਾਤ-ਧਰਮ, ਨਸਲ, ਭਾਸ਼ਾ ਅਤੇ ਸੰਸਕ੍ਰਿਤੀ ਤੋਂ ਉੱਪਰ ਹੁੰਦਾ ਹੈ, ਅਜਿਹੇ ਸਾਰੇ ਬੰਧਨਾਂ ਤੋਂ ਮੁਕੱਤ ਹੁੰਦਾ ਹੈ।

ਇਸ ਨਾਲ ਅਸੀਂ ਇਸ ਤੱਥ ’ਤੇ ਪਹੁੰਚ ਜਾਂਦੇ ਹਾਂ ਕਿ ਨਿਰੰਕਾਰ ਪ੍ਰਭੂ ਦੀ ਤਰ੍ਹਾਂ ਸਤਿਗੁਰੂ ਵੀ ਸਰਵਵਿਆਪੀ ਹੈ। ਪਰਮਾਤਮਾ ਦੀ ਤਰ੍ਹਾਂ ਹੀ ਨਾ ਹੀ ਇਸਦਾ ਜਨਮ ਹੈ ਨਾ ਮਰਨ। ਆਪਣੇ ਨਿਰੰਕਾਰ ਰੂਪ ਵਿਚ ਸਦਾ ਵਿਰਾਜਮਾਨ ਰਹਿੰਦੇ ਹੋਏ ਕੇਵਲ ਸ਼ਰੀਰ ਬਦਲਦਾ ਹੈ ਜੋ ਕਿ ਉਹ ਕਦੇ ਵੀ ਬਦਲ ਸਕਦਾ ਹੈ। ਉਹ ਨਵਾਂ ਘਟ ਨਵਾਂ ਸ਼ਰੀਰ ਕਿਹੜਾ ਹੋਵੇ ਇਸਦਾ ਫੈਸਲਾ ਵੀ ਪਰਮਾਤਮਾ ਜਾਂ ਗੁਰੂ ਖੁਦ ਹੀ ਕਰਦੇ ਹਨ। ਸੰਸਾਰ ਵਿਚ ਕਿਸੇ ਸ਼ਕਤੀ, ਸੰਗਠਨ ਅਤੇ ਸੰਸਥਾ ਦੇ ਕੋਲ ਇਹ ਅਧਿਕਾਰ ਨਹੀਂ ਹੈ।

ਇਸ ਸੱਚੇ ਸਿਧਾਂਤ ਦੇ ਸੰਤ ਨਿਰੰਕਾਰੀ ਮਿਸ਼ਨ ਦੇ ਇਤਿਹਾਸ ਵਿਚ ਸਪਸ਼ਟ ਪ੍ਰਮਾਣ ਮਿਲਦੇ ਹਨ। ਮਿਸ਼ਨ ਦੇ ਸੰਸਥਾਪਕ ਬਾਬਾ ਬੂਟਾ ਸਿੰਘ ਜੀ ਨੇ ਸੰਨ 1943 ਵਿਚ ਆਪਣੇ ਇਸ ਨਸ਼ਵਰ ਸ਼ਰੀਰ ਨੂੰ ਤਿਆਗ ਕਰਨ ਤੋਂ ਪਹਿਲਾਂ ਹੀ ਆਪਣੀ ਨਿਰੰਕਾਰ ਰੂਪ ਵਿਚ ਸਤਿਗੁਰੂ ਦੀ ਪਹਿਚਾਣ ਚਿੱਟਾ ਦੁਪਟਾ ਪਹਿਨਾ ਕੇ ਬਾਬਾ ਅਵਤਾਰ ਸਿੰਘ ਜੀ ਸੌਂਪ ਦਿੱਤੀ ਅਤੇ ਉਨ੍ਹਾਂ ਨੂੰ ਮਿਸ਼ਨ ਦਾ ਅਧਿਆਤਮਿਕ ਮਾਰਗ ਦਰਸ਼ਕ ਘੋਸ਼ਿਤ ਕਰ ਦਿੱਤਾ। ਇਸੇ ਸਿਧਾਂਤ ਨੂੰ ਮੰਨਦੇ ਹੋਏ ਬਾਬਾ ਅਵਤਾਰ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ 3 ਦਸੰਬਰ 1962 ਨੂੰ ਬਾਬਾ ਗੁਰਬਚਨ ਸਿੰਘ ਜੀ ਨੂੰ ਮਿਸ਼ਨ ਦਾ ਸਤਿਗੁਰੂ ਘੋਸ਼ਿਤ ਕੀਤਾ ਅਤੇ ਉਨ੍ਹਾਂ ਦਾ ਸਤਿਗੁਰੂ ਨਿਰੰਕਾਰ ਰੂਪ ਬਾਬਾ ਗੁਰਬਚਨ ਸਿੰਘ ਜੀ ਦੇ ਘਟ ਵਿੱਚ ਪ੍ਰਗਟ ਹੋ ਗਿਆ। ਇਸਦੇ ਬਾਅਦ ਬਾਬਾ ਅਵਤਾਰ ਸਿੰਘ ਜੀ 7 ਸਾਲ ਆਪਣੇ ਆਖਰੀ ਸਾਹਾਂ ਤੱਕ ਇਕ ਗੁਰਸਿੱਖ ਦੇ ਰੂਪ ਵਿਚ ਮਿਸ਼ਨ ਦੀ ਸੇਵਾ ਕਰਦੇ ਰਹੇ।

ਬਾਬਾ ਗੁਰਬਚਨ ਸਿੰਘ ਜੀ ਨੇ 17 ਸਾਲ ਤੱਕ ਇਸ ਮਿਸ਼ਨ ਦਾ ਮਾਰਗ ਦਰਸ਼ਨ ਕੀਤਾ ਅਤੇ 24 ਅਪ੍ਰੈਲ 1980 ਨੂੰ ਉਹ ਬ੍ਰਹਮਲੀਨ ਹੋ ਗਏ ਅਤੇ ਉਨ੍ਹਾਂ ਦਾ ਸਤਿਗੁਰੂ ਨਿਰੰਕਾਰ ਰੂਪ ਬਾਬਾ ਹਰਦੇਵ ਸਿੰਘ ਜੀ ਦੇ ਘਟ ਵਿੱਚ ਪ੍ਰਗਟ ਹੋ ਗਿਆ।

ਬਾਬਾ ਹਰਦੇਵ ਸਿੰਘ ਜੀ ਨੇ 36 ਸਾਲ ਇਸ ਮਿਸ਼ਨ ਦਾ ਮਾਰਗ ਦਰਸਨ ਕੀਤਾ ਅਤੇ 13 ਮਈ 2016 ਨੂੰ ਬ੍ਰਹਮ ਲੀਨ ਹੋ ਗਏ, ਪਰੰਤੂ ਉਨ੍ਹਾਂ ਨੇ ਉਸ ਤੋਂ ਪਹਿਲਾ ਹੀ ਮਿਸ਼ਨ ਦੇ ਆਉਣ ਵਾਲੇ ਅਧਿਆਤਮਿਕ ਮਾਰਗ ਦਰਸ਼ਕ ਦੇ ਰੂਪ ਵਿਚ ਇਸਦੀ ਸੰਭਾਲ ਕਰਨ ਲਈ ਪੂਜਨੀਕ ਮਾਤਾ ਸਵਿੰਦਰ ਹਰਦੇਵ ਜੀ ਦੇ ਨਾਮ ਦੇ ਸੰਕੇਤ ਦਿੱਤੇ ਸਨ। ਇਸ ਤਰਾਂ ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਿਸ਼ਨ ਦੇ ਪੰਜਵੇਂ ਸਤਿਗੁਰੂ ਬਣੇ।

ਕ੍ਰਿਪਾ ਸਾਗਰ ਦਿੱਲੀ
ਪ੍ਰਮੋਦ ਧੀਰ ਜੈਤੋ
ਫੋਨ: 98550-31081

ਮਾਤਾ ਸਵਿੰਦਰ ਹਰਦੇਵ ਜੀ ਨੇ ਵੀ ਇਸ ਦੈਵੀ ਸਿਧਾਂਤ ਦਾ ਪਾਲਣ ਕਰਦੇ ਹੋਏ ਆਪਣੇ ਜੀਵਨ ਵਿਚ ਹੀ 16 ਜੁਲਾਈ 2018 ਨੂੰ ਸਤਿਕਾਰਯੋਗ ਮਾਤਾ ਸੁਦੀਕਸ਼ਾ ਜੀ ਨੂੰ ਨਿਰੰਕਾਰੀ ਸਤਿਗੁਰੂ ਘੋਸ਼ਿਤ ਕਰ ਦਿੱਤਾ ਅਤੇ ਅਗਲੇ ਦਿਨ 17 ਜੁਲਾਈ ਨੂੰ ਇਕ ਵਿਸ਼ਾਲ ਸਤਸੰਗ ਪ੍ਰੋਗਰਾਮ ਦੌਰਾਨ ਮਾਤਾ ਸਵਿੰਦਰ ਹਰਦੇਵ ਜੀ ਨੇ ਮਾਤਾ ਸੁਦੀਕਸ਼ਾ ਜੀ ਨੂੰ ਤਿਲਕ ਲਗਾਇਆ ਅਤੇ ਸਤਿਗੁਰੂ ਦੇ ਪਾਵਨ ਆਸਨ ’ਤੇ ਵਿਰਾਜਮਾਨ ਕਰਕੇ ਮਿਸ਼ਨ ਵਿਚ ਸਤਿਗੁਰੂ ਦੀ ਅਧਿਆਤਮਿਕ ਸ਼ਕਤੀਆਂ ਦਾ ਪ੍ਰਤੀਕ ਮੰਨੇ ਜਾਣ ਵਾਲਾ ਚਿੱਟਾ ਦੁਪਟਾ ਪਹਿਨਵਾਇਆ ਅਤੇ ਗੁਰਗੱਦੀ ਸੌਂਪੀ । ਅੱਜ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਇਸ ਮਿਸ਼ਨ ਦਾ ਮਾਰਗ ਦਰਸ਼ਨ ਕਰ ਰਹੇ ਹਨ।

ਸੰਤ ਨਿਰੰਕਾਰੀ ਮਿਸ਼ਨ ਵਿਚ ਸਤਿਗੁਰੂ ਇਕ ਪੂਰਨ ਬ੍ਰਹਮਵੇਤਾ ਦੇ ਰੂਪ ਵਿਚ ਹਰ ਉਸ ਭਗਤ ਦਾ ਸਵਾਗਤ ਕਰਦਾ ਹੈ, ਜਿਸਦੇ ਮਨ ਵਿਚ ਇਸ ਪਰਮ ਸੱਚ ਨੂੰ ਜਾਣਨ ਦੀ ਇੱਛਾ ਹੈ ਜਿਗਿਆਸਾ ਹੈ। ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਕਿਸੇ ਵੀ ਜਾਤੀ ਨਾਲ ਸੰਬੰਧ ਰੱਖਦਾ ਹੋਵੇ, ਕਿਸੇ ਵੀ ਧਰਮ ਗ੍ਰੰਥਾਂ ਦਾ ਪਠਣ-ਪਾਠਣ ਕਰਦਾ ਹੋਵੇ, ਕਿਸੇ ਵੀ ਧਾਰਮਿਕ ਸਥਾਨ ’ਤੇ ਜਾ ਕੇ ਕਿਸੇ ਵੀ ਰੂਪ ਵਿਚ ਪੂਜਾ, ਅਰਚਨਾ ਜਾਂ ਇਬਾਦਤ ਕਰਦਾ ਹੋਵੇ, ਸਤਿਗੁਰੂ ਉਸਨੂੰ ਕੋਈ ਨਵਾਂ ਮਾਰਗ ਨਹੀਂ ਦਸਦੇ ਬਲਕਿ ਬ੍ਰਹਮ ਗਿਆਨ ਪ੍ਰਦਾਨ ਕਰਕੇ ਇਸ ਨਿਰੰਕਾਰ ਪ੍ਰਭੂ ਨਾਲ ਨਾਲਾ ਜੋੜ ਦਿੰਦੇ ਹਨ, ਮੰਜਿਲ ’ਤੇ ਪਹੁੰਚਾ ਦਿੰਦੇ ਹਨ।

ਇਸ ਤਰ੍ਹਾਂ ਜਿਗਿਆਸੂ ਵਲੋਂ ਕੀਤੀ ਜਾ ਰਹੀ ਸੱਚ ਦੀ ਤਲਾਸ਼ ਖਤਮ ਹੋ ਜਾਂਦੀ ਹੈ ਅਤੇ ਅੱਗੇ ਦੇ ਲਈ ਵੀ ਕਿਸੇ ਪ੍ਰਕਾਰ ਦੇ ਰੀਤੀ ਰਿਵਾਜਾਂ ਦੀ ਲੋੜ ਨਹੀਂ ਰਹਿੰਦੀ। ਹੁਣ ਸਤਿਗੁਰੂ ਉਸਦੇ ਬ੍ਰਹਮ ਗਿਆਨ ਦੀ ਸੰਭਾਲ ਕਰਦੇ ਹਨ ਅਤੇ ਇਸਦੇ ਜੀਵਨ ਵਿਚ ਲਾਭ ਕਿਵੇਂ ਲੈਣਾ ਇਸਦੇ ਲਈ ਆਪਣੇ ਭਗਤਾਂ ਦਾ ਨਿਰੰਤਰ ਮਾਰਗ ਦਰਸਨ ਕਰਦੇ ਹਨ। ਵਾਸਤਵ ਵਿਚ ਬ੍ਰਹਮ ਗਿਆਨ ਦੇ ਕੇ ਭਗਤ ਨੂੰ ਆਪਣੀ ਪਹਿਚਾਨ ਦੇ ਰਹੇ ਹਨ ਅਤੇ ਭਗਤ ਵੀ ਸਤਸੰਗ ਆਦਿ ਦੌਰਾਨ ਸਤਿਗੁਰੂ ਦੀ ਅਗਵਾਈ ਕਰਨ ਲਗ ਜਾਂਦਾ ਹੈ।

ਬ੍ਰਹਮ ਗਿਆਨ ਨਾਲ ਮਾਨਵਤਾ ਦੇ ਪ੍ਰਤੀ ਸਭ ਤੋਂ ਵੱਡਾ ਪਰਉਪਕਾਰ ਇਹ ਹੈ ਕਿ ਮਾਨਵ ਮਾਨਵ ਦੇ ਨੇੜੇ ਆ ਜਾਂਦਾ ਹੈ ਦੂਰੀਆਂ ਖਤਮ ਹੋ ਜਾਂਦੀਆਂ ਹਨ। ਹਰ ਭਗਤ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਹ ਇਕ ਹੀ ਪ੍ਰਮਾਤਮਾ ਦੀ ਸੰਤਾਨ ਹਨ। ਧਰਮ, ਜਾਤੀ, ਭਾਸ਼ਾ, ਸੰਸਕ੍ਰਿਤੀ ਅਤੇ ਖੇਤਰ ਦੇ ਅਧਾਰ ’ਤੇ ਕੀਤੇ ਜਾ ਰਹੇ ਸਾਰੇ ਭੇਦਭਾਵ ਖਤਮ ਹੋ ਜਾਂਦੇ ਹਨ। ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੇ ਹੀ ਜਾਣਕਾਰੀ ਹੋ ਜਾਂਦੀ ਹੈ ਕਿ ਅਸੀਂ ਸਾਰੇ ਇਕ ਹੀ ਪਰਮ ਪਿਤਾ ਪਰਮਾਤਮਾ ਦੀ ਸੰਤਾਨ ਹਾਂ ਤਾਂ ਸਾਡੇ ਅੰਦਰ ਖੁਦ ਹੀ ਸਾਰਾ ਸੰਸਾਰ ਇਕ ਪਰਿਵਾਰ ਦੀ ਭਾਵਨਾ ਜਾਗ੍ਰਤ ਹੋ ਜਾਂਦੀ ਹੈ। ਸਾਨੂੰ ਅਨੇਕਤਾ ਵਿਚ ਏਕਤਾ ਦਾ ਅਹਿਸਾਸ ਹੋਣ ਲਗਦਾ ਹੈ। ਸਾਡੇ ਮਨਾਂ ਵਿਚੋਂ ਦੂਸਰਿਆਂ ਦੇ ਪ੍ਰਤੀ ਕਿਸੇ ਪ੍ਰਕਾਰ ਦੀ ਦੁਰਭਾਵਨਾ ਨਹੀਂ ਰਹਿੰਦੀ ਅਤੇ ਅਸੀਂ ਸਦਭਾਵ ਅਤੇ ਸਾਂਤੀ ਦੇ ਵਾਤਾਵਰਨ ਵਿਚ ਸ਼ਾਮਲ ਹੋ ਜਾਂਦੇ ਹਨ।

ਜਿਥੇ ਸਤਿਗੁਰੂ ਇਹ ਸਿੱਖਿਆ ਦਿੰਦੇ ਹਨ ਸੰਸਾਰਿਕ ਉਪਲਬਧੀਆਂ ਅਤੇ ਅਧਆਤਮਿਕ ਵਿਚਾਰਧਾਰਾ ਵਿਚ ਕੋਈ ਟਕਰਾਅ ਨਹੀਂ। ਦੋਨੋਂ ਪਹਿਲੂ ਨਾਲ ਨਾਲ ਚਲ ਸਕਦੇ ਹਨ ਮਗਰ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਟੀਚਾ ਦੋਹਾਂ ਦਾ ਹੀ ਮਾਨਵ ਮਾਤਰ ਦਾ ਕਲਿਆਣ ਹੋਵੇ, ਹਰ ਵਿਅਕਤੀ ਦਾ ਭਲਾ ਕਰਨ ਵਾਲਾ ਹੋਵੇ। ਅਸੀਂ ਕੋਈ ਵੀ ਕੰਮ ਕਰੀਏ ਅਸੀਂ ਇਹ ਨਾਂ ਭੁਲੀਏ ਕਿ ਅਸੀਂ ਸਾਰੇ ਇਨਸਾਨ ਹਾਂ ਕੋਈ ਮਸ਼ੀਨ ਜਾਂ ਜੜ੍ਹ ਵਸਤੂ ਨਹੀਂ।

ਸਾਡੇ ਸਾਰਿਆਂ ਦੇ ਅੰਦਰ ਆਤਮਾ ਹੈ, ਸਾਡੀਆਂ ਭਾਵਨਾਵਾਂ ਹਨ, ਟੀਚਾ ਹੈ, ਅਨੇਕ ਸਮਾਜਿਕ ਜਿੰਮੇਵਾਰੀਆਂ ਹਨ। ਸੰਸਾਰ ਦੀ ਉਨਤੀ, ਇਸਦਾ ਸੁਧਾਰ ਭੌਤਿਕ ਉਪਲਬਧੀਆਂ ਭਾਵ ਪਦਾਰਥਾਂ ਵਿਚ ਨਹੀਂ, ਇਨਸਾਨ ਦੀ ਬੇਹਤਰੀ ਵਿਚ ਹੈ। ਇਨਸਾਨ ਦੇ ਵਿਚਾਰ, ਉਸਦੀਆਂ ਭਾਵਨਾਵਾਂ ਬਿਹਤਰ ਹੋਣ, ਸ਼ੁੱਧ ਅਤੇ ਨਿਰਮਲ ਹੋਵੇ ਅਤੇ ਇਸਦਾ ਇਕ ਮਾਤਰ ਸਾਧਨ ਹੈ, ਬ੍ਰਹਮ ਗਿਆਨ। ਅਸੀਂ ਹਰ ਸਥਾਨ ’ਤੇ ਹਰ ਪਰਸਥਿਤੀ ਵਿਚ ਨਿਰੰਕਾਰ ਪ੍ਰਭੂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝ ਕੇ ਜੀਵਨ ਵਿਚ ਕੋਈ ਕਦਮ ਚੁਕੀਏ।

# ਡਾ. ਬੀ. ਆਰ. ਅੰਬੇਡਕਰ ਪਾਰਕ ਵਿਖੇ ਆਈਲੇਟ ਸੈਂਟਰ ਦਾ ਹੋਇਆ ਸ਼ੁੱਭ ਆਰੰਭ, ਰਾਜ ਰਤਨ ਅੰਬੇਡਕਰ ਵਿਸ਼ੇਸ਼ ਤੋਰ 'ਤੇ ਹੋਏ ਸ਼ਾਮਲ

**ਫਗਵਾੜਾ 3 ਨਵੰਬਰ (ਬੀਕੇ ਰੱਤੂ)** ਡਾ. ਬੀ. ਆਰ. ਅੰਬੇਡਕਰ ਪਾਰਕ ਹਦੀਆਵਾਦ ਫਗਵਾੜਾ ਵਿਖੇ ਡਾ. ਬੀ. ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਸੁਸਾਇਟੀ ਦੀ ਪ੍ਰਧਾਨ ਸ੍ਰੀਮਤੀ ਸੀਤਾ ਕੌਲ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਤਥਾਗਤ ਬੁੱਧ ਫੂਲੇ ਸ਼ਾਹੂ ਅੰਬੇਡਕਰ ਐਜੂਕੇਸ਼ਨ ਸੈਂਟਰ ਵਿਖੇ ਆਇਲਟ ਸੈਂਟਰ ਦਾ ਉਦਘਾਟਨ ਸ੍ਰੀਮਤੀ ਊਸ਼ਾ ਰਾਜ ਜਰਮਨ ਪਤਨੀ ਸ੍ਰੀ ਦੇਸ ਰਾਜ ਜਰਮਨ ਤੋਂ ਇਲਾਵਾ ਇੰਟਰਨੈਸ਼ਨਲ ਬੁੱਧਇਸਟ ਅੰਬੇਡਕਰੀ ਰਾਜ ਰਤਨ ਪਾਰਕ ਦੇ ਵਿਸ਼ੇਸ਼ ਦਾਨੀ ਗੁਰਪ੍ਰੀਤ ਬੰਸੀ ਯੂ।ਕੇ ਉਹਨਾਂ ਦੀ ਧਰਮ ਪਤਨੀ ਨੀਲਮ ਬੰਸੀ, ਪੁੱਤਰ ਅਮ੍ਰਿਤਪਾਲ ਸਿੰਘ ਤੇ ਪੁੱਤਰੀ ਅਮਰੋਜ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਾਬਕਾ ਕੌਂਸਲਰ ਤੇ ਸਮਾਜ ਸੇਵੀ ਰਮੇਸ਼ ਕੌਲ ਨੇ ਦੱਸਿਆ ਕਿ ਆਈਲਟ ਸੈਂਟਰ ‘ਚ ਕਲਾਸਾਂ ਦਾ ਸ਼ੁੱਭ ਆਰੰਭ 1 ਨਵੰਬਰ ਤੋਂ ਕਰ ਦਿੱਤਾ ਗਿਆ ਹੈ। ਜਿੱਥੇ ਗਰੀਬ ਪਰਿਵਾਰਾਂ ਦੇ ਬੱਚਿਆ ਨੂੰ ਫਰੀ ਕੋਚਿੰਗ ਦਿੱਤੀ ਜਾਏਗੀ। ਉਹਨਾਂ ਦੱਸਿਆ ਕਿ ਸ੍ਰੀ ਮਦਨ ਸਰੋਏ ਯੂ।ਕੇ ਅਤੇ ਸਵ। ਸੁਰਿੰਦਰ ਕੁਮਾਰੀ ਸਰੋਏ ਯੂਕੇ ਦੇ ਪਰਿਵਾਰ ਵੱਲੋਂ ਹਾਲ ਦੀ ਤਿਆਰੀ ਕਰਵਾਈ ਗਈ ਹੈ ਅਤੇ ਪੰਜ ਕੰਪਿਊਟਰ ਭੇਟ ਕਰਨ ਦੇ ਨਾਲ ਕੋਚਿੰਗ ਦੇ ਰਹੇ ਅਧਿਆਪਕਾਂ ਦਾ ਮਾਣ ਭੱਤਾ ਵੀ ਉਹਨਾਂ ਵਲੋਂ ਦਿੱਤਾ ਜਾ ਰਿਹਾ ਹੈ ਜਿਸ ਲਈ ਉਹ ਸਮੂਹ ਦਾਨੀ ਸੱਜਣਾਂ ਦੇ ਤਹਿ ਦਿਲੋਂ ਧੰਨਵਾਦੀ ਹਨ। ਸਮਾਗਮ



ਦੌਰਾਨ ਮੁੱਖ ਮਹਿਮਾਨਾਂ ਤੋਂ ਇਲਾਵਾ ਸ੍ਰੀ ਗੁਰਦਿਆਲ ਬੋਧ ਅਤੇ ਪਵਨ ਮਹਿਮੀ ਨੇ ਤਥਾਗਤ ਬੁੱਧ, ਸ੍ਰੀ ਗੁਰੂ ਰਵਿਦਾਸ ਮਹਾਰਾਜ, ਗੁਰੂ ਨਾਨਕ ਦੇਵ ਜੀ, ਗੁਰੂ ਕਬੀਰ ਜੀ, ਰਾਸ਼ਟਰ ਪਿਤਾ ਜੋਤੀ ਰਾਊ ਫੂਲੇ, ਸ਼ਾਹੂ ਮਾਤਾ ਸਵਿੱਤਰੀ ਬਾਈ ਫੂਲੇ, ਮਾਤਾ ਰਾਮਾਬਾਈ ਅੰਬੇਡਕਰ, ਮਾਤਾ ਫਾਤਿਮਾ ਸ਼ੇਖ, ਬਾਬਾ ਸਾਹਿਬ ਅੰਬੇਡਕਰ, ਸਾਹਿਬ ਕਾਂਸ਼ੀਰਾਮ ਜੀ ਦੇ ਮਿਸ਼ਨ ਸਬੰਧੀ ਵਡਮੁੱਲੀ ਜਾਣਕਾਰੀ ਦਿੱਤੀ। ਬੱਚਿਆਂ ਨੇ ਗੀਤ, ਭਾਸ਼ਣ, ਕਵਿਤਾਵਾਂ ਆਦਿ ਰਾਹੀਂ ਮਹਾਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਹਾਜਰੀਨ ਦੀ ਵਾਹਵਾਹੀ ਖੱਟੀ। ਆਜਾਦ ਰੰਗ ਮੰਚ ਕਲਾ ਭਵਨ ਫਗਵਾੜਾ ਦੇ ਸਾਥੀਆਂ ਨੇ ਬਾਬਾ ਸਾਹਿਬ ਅੰਬੇਡਕਰ ਅਤੇ ਸਾਹਿਬ ਕਾਂਸ਼ੀਰਾਮ ਦੇ ਜੀਵਨ ਬਾਰੇ ਕੋਰੀਓਗ੍ਰਾਫੀ ਪੇਸ਼ ਕੀਤੀ। ਸਟੇਜ ਦੀ ਸੇਵਾ ਸਾਬਕਾ ਕੌਂਸਲਰ ਰਮੇਸ਼ ਕੋਲ ਵਲੋਂ ਬਾਖੂਬੀ ਨਿਭਾਈ ਗਈ। ਇਸ ਮੋਕੇ ਬਿਹਾਰੀ ਲਾਲ ਮਾਹੀ, ਬਲਦੇਵ ਲਾਲ ਬਾਹਮਣੀਆ, ਮਾਸਟਰ ਕੁਲਦੀਪ ਸਿੰਘ, ਮੈਡਮ ਰੇਖਾ, ਹਰਭਜਨ ਸੁੰਮਨ, ਜੋਗਿੰਦਰ ਝੱਲੀ, ਮੋਹਨ ਲਾਲ, ਅਜੇ ਕੁਮਾਰ, ਸੁਰਿੰਦਰ ਕੋਲ, ਗੁਰਦੀਪ ਪੀਕਾ, ਲੈਂਬਰ ਰਾਮ, ਜਯਕਰਨ, ਸਰਬਜੀਤ, ਬਿੰਦਰ, ਕਿਰਨਾ, ਸੋਨੀਆ, ਪ੍ਰਿਆ, ਸੁਨੀਤਾ ਸ਼ਰਮਾ, ਅਮਨ ਅੰਬੇਡਕਰ, ਮੀਨਾ ਕੁਮਾਰੀ, ਰਾਕੇਸ਼ ਬੱਧਣ, ਭਾਰਤ ਭੂਸ਼ਣ, ਚਰਨਜੀਤ ਚੰਨੀ, ਤਰਸੇਮ ਬੱਧਣ, ਦੇਵ ਰਾਜ ਸੁੰਮਨ, ਬਲਦੇਵ ਰੱਲਣ, ਧਰਮਪਾਲ ਕੁਠਾਰ ਤੇ ਟੀਮ, ਅੰਬੇਡਕਰੀ ਟੀਮ ਗੜ੍ਹਸ਼ੰਕਰ, ਫਿਲੌਰ ਟੀਮ, ਮੁਕੇਰੀਆਂ ਟੀਮ ਦੇ ਮੈਂਬਰ ਹਾਜਰ ਸਨ।

# ਬਾਬੇ ਨਾਨਕ ਦੇ ਗੁਰ ਪੁਰਬ ਤੇ ਉਹਨਾਂ ਦੀ ਬਾਣੀ ਬਹੁਤ ਯਾਦ ਆਉਂਦੀ ਹੈ

"ਰਾਜੇ ਸ਼ੀਂਹ ਮੁਕੱਦਮ ਕੁੱਤੇ
ਜਾਇ ਜਗਾਇਨ ਬੈਠੇ ਸੁੱਤੇ। "

ਸੋਨੇ ਦੀ ਚਿੜੀਆ ਕਹੇ ਜਾਣ ਵਾਲਾ ਭਾਰਤ ਦੇਸ਼ ਦੇ ਵਸਿੰਦਿਆਂ ਖਾਸ ਕਰ ਕੇ ਸਵਰਨ ਜਾਤੀਆਂ, ਰਾਜਿਆਂ-ਰਾਣਿਆਂ ਦੀ ਗੈਰ-ਅਣਖੀ ਤੇ ਲਾਲਚੀ ਸੋਚ ਕਾਰਣ ਸਦੀਆਂ ਗੁਲਾਮ ਰਿਹਾ। ਸਮਾਜਿਕ ਵਿਵਸਥਾ ਪਹਿਲਾਂ ਅੰਗਰੇਜ਼ਾਂ ਨੇ ਸੁਧਾਰੀ ਤੇ ਫਿਰ ਅਜ਼ਾਦ ਦੇਸ਼ ਦੇ ਸੰਵਿਧਾਨ ਕਾਰਣ ਹੌਲੀ-ਹੌਲੀ ਹਾਲਤ ਸੁਧਰ ਰਹੀ ਹੈ।

ਸ਼ੂਦਰ ਕਹੇ ਜਾਣ ਵਾਲੀ 80 ਪ੍ਰਤੀਸ਼ਤਜਨਤਾ ਨੂੰ ਹਥਿਆਰ ਚੁੱਕਣ ਅਤੇ ਫ਼ੌਜ ਵਿੱਚ ਭਰਤੀ ਹੋਣ ਤੱਕ ਦਾ ਅਧਿਕਾਰ ਨਹੀਂ ਸੀ। ਆਪਣੇ ਹੀ ਧਰਮੀਆਂ ਨਾਲ ਛੂਆ-ਛਾਤ, ਊਚ-ਨੀਚ, ਪੜਾਈ ਨਾ ਕਰਨ ਜਿਹੀਆਂ ਬੰਧਸ਼ਾਂ, ਖਾਣ ਪੀਣ ਤੇ ਬੰਧਸ਼ਾ, ਕੱਪੜਾ ਪਹਿਨਣ ਤੇ ਬੰਧਸ਼ਾ, ਇਥੋਂ ਤੱਕ ਕਿ ਸ਼ੂਦਰਾਂ ਦੀ ਤੁਲਨਾ ਰਮਾਇਣ ਵਰਗੇ ਧਾਰਮਿਕ ਗ੍ਰੰਥ ਵਿੱਚ ਪਸ਼ੂਆਂ ਨਾਲ ਹੋਣੀ ਸ਼ੁਰੂ ਹੋ ਗਈ ਸੀ। ਇਨਸਾਨ ਤੋਂ ਇਨਸਾਨੀਅਤ ਖੋ ਲਈ ਗਈ। ਲੋਕ ਪਸ਼ੂਆਂ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹੋ ਗਏ। ਫਿਰ ਕੌਣ ਰਾਜ ਕਰਦਾ ਹੈ, ਕੀ ਫਰਕ ਪੈਂਦਾ ਹੈ ਉਹਨਾਂ ਲੋਕਾਂ ਨੂੰ। ਜੇਕਰ ਸ਼ੇਰ ਦੇ ਬੱਚੇ ਨੂੰ ਵੀ ਭੇਡਾਂ ਵਿੱਚ ਪਾਲਿਆ ਜਾਵੇ ਤਾਂ ਉਹ ਸ਼ੇਰਾਂ ਵਾਂਗ ਨਹੀਂ ਭੇਡਾਂ ਵਾਂਗ ਵਿਵਹਾਰ ਕਰਨ ਲੱਗ ਪੈਂਦਾਂ ਹੈ, ਸ਼ਾਇਦ ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਮਹਾਰਾਜ ਨੇ ਫਰਮਾਇਆ ਹੈ, "ਨਰਪਤਿ ਏਕ ਸਿੰਘਾਸਨ ਸੋਇਆ , ਸੁਪਨੇ ਭਇਆ ਭਿਖਾਰੀ।।
ਇਛਤ ਰਾਜ ਬਿਛਰਤ ਦੁੱਖ ਪਾਇਉ ਸੋ ਗਤ ਭਈ ਹਮਾਰੀ"। ਦੇਸ਼ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਧੱਕਣ ਵਾਲਿਆਂ ਦੇ ਵੰਸ਼ਜ ਅੱਜ ਦੇਸ਼ ਦਾ ਸੰਵਿਧਾਨ ਲਾਗੂ ਨਹੀਂ ਹੋਣ ਦੇ ਰਹੇ, ਕਿਵੇਂ?
ਆਉ ਵੇਖੀਏ:

ਦੇਸ਼ ਦਾ ਸੰਵਿਧਾਨ ਅਬਾਦੀ ਮੁਤਾਬਕ ਰਾਜਨੀਤਿਕ, ਸਿੱਖਿਆ ਅਤੇ ਨੌਕਰੀਆਂ ਵਿੱਚ ਅਬਾਦੀ ਮੁਤਾਬਕ ਰਾਖਵਾਂਕਰਣ ਦੇਣ ਦੀ ਵਕਾਲਤ ਕਰਦਾ ਹੈ। ਪਰ ਕੋਰਟਾਂ ਵੱਲੋਂ ਰਾਖਵਾਂਕਰਣ 50 ਪ੍ਰਤੀਸ਼ਤ ਤੋਂ ਉੱਪਰ ਨਹੀਂ ਜਾ ਸਕਦਾ ਵਰਗਾ ਅਦਾਲਤੀ ਹੁਕਮ ਦੱਸੋ ਕਿੱਥੇ ਲਿਖਿਆ ਦੇਸ਼ ਦੇ ਸੰਵਿਧਾਨ ਵਿੱਚ ? ਕੀ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਅਖਤਿਆਰ ਅਦਾਲਤਾਂ ਨੂੰ ਦਿੱਤੇ ਗਏ ਸਨ? ਨਹੀਂ। ਫਿਰ ਕੌਣ ਲੋਕ ਹਨ ਜੋ ਦੇਸ਼ ਦੇ ਸੰਵਿਧਾਨ ਦੇ ਉਲਟ ਅਦੇਸ਼ ਦੇ ਰਹੇ ਹਨ?

ਜੇਕਰ 1992 ਵਿੱਚ ਸੁਪਰੀਮ ਕੋਰਟ ਦੇ ਅਦੇਸ਼ਾ ਤੇ ਕੇਂਦਰ ਸਰਕਾਰ ਨੇ ਪੱਛੜੀਆ ਸ਼੍ਰੇਣੀਆਂ ਨੂੰ 27 ਪ੍ਰਤੀ ਸ਼ਤ ਰਾਖਵਾਂਕਰਣ ਦਿੱਤਾ ਤਾਂ ਪੰਜਾਬ ਸਰਕਾਰ 12% ਕਿਉਂ ਦੇ ਰਹੀ ਹੈ? ਕਰੀਮੀ ਲੇਅਰ ਵਰਗੇ ਬੇਤੁੱਕੇ ਵਿਚਾਰ ਕਿੱਥੋਂ ਆ ਰਹੇ ਹਨ?

ਪੰਜਾਬ ਸਰਕਾਰ ਨੇ 2001 ਦੀ ਜਨਗਣਨਾ ਨੂੰ ਅਧਾਰ ਬਣਾ ਕੇ ਪੰਜਾਬ ਅੰਦਰ 28।9 ਪ੍ਰਤੀ ਸ਼ਤ ਐਸ ਸੀ ਅਬਾਦੀ ਦੀਆਂ ਪਾਰਲੀਮੈਂਟ ਸੀਟਾਂ ਤਿੰਨ ਤੋਂ ਵਧਾ ਕੇ ਚਾਰ ਕਰ ਦਿੱਤੀਆਂ। ਵਿਧਾਨ ਸਭਾ ਸੀਟਾਂ 29 ਤੋਂ ਵਧਾ ਕੇ 34 ਕਰ ਦਿੱਤੀਆਂ।ਪਰ ਹਾਲੇ ਵੀ ਬਹੁਤ ਸਾਰੀਆਂ ਕਮੀਆਂ ਰਹਿੰਦੀਆਂ ਹਨ, ਜਿਵੇਂ:



1 ਪੰਜਾਬ ਅੰਦਰ ਐਸ ਸੀ ਅਬਾਦੀ 2011 ਦੀ ਜਨਗਣਨਾ ਮੁਤਾਬਕ 31,94 ਪ੍ਰਤੀਸ਼ਤ ਹੈ ਜੋ 2021 ਵਿੱਚ ਵੱਧ ਕੇ 34 ਪ੍ਰਤੀਸ਼ਤ ਹੋ ਜਾਵੇਗੀ। ਪੰਜਾਬ ਅੰਦਰ 1975 ਤੋਂ 25 ਪ੍ਰਤੀ ਸ਼ਤ ਰਾਖਵਾਂਕਰਣ ਚੱਲਿਆ ਆ ਰਿਹਾ। ਕੇਂਦਰ ਸਰਕਾਰ ਵੀ ਗਰੁੱਪ ਸੀ ਅਤੇ ਡੀ ਨੂੰ 29% ਅ। ਜਾਤੀ ਨੂੰ ਅਤੇ ਪੰਜਾਬ ਦੇ ਬੀ ਸੀ ਨੂੰ 21% ਦੇ ਰਹੀ ਹੈ ਤੇ ਪੰਜਾਬ 12%। ਹੈ ਨਾ ਘੋਰ ਅਨਿਆਂ!

2 ਪੰਜਾਬ ਅੰਦਰ ਰਾਏ ਸਿੱਖ (ਮਹਾਤਮ, ਸਿਰਕੀਬੰਦ) ਆਦਿ ਨਵੀਆਂ ਅਨੁਸੂਚਿਤ ਜਾਤੀਆਂ ਜੁੜ ਗਈਆਂ ਹਨ ਲੇਕਿਨ ਰਾਖਵਾਂਕਰਣ 1975 ਦੀ ਪਾਲਿਸੀ ਮੁਤਾਬਕ 25 ਪ੍ਰਤੀ ਸ਼ਤ ਹੀ ਚੱਲਿਆ ਆ ਰਿਹਾ ਹੈ।

3 ਬਾਲਮੀਕੀ/ਮਜਬੀ ਸਿੱਖ ਜਾਤੀ ਦੀ ਅਬਾਦੀ 2011 ਦੀ ਜਨਗਣਨਾ ਮੁਤਾਬਕ 12,6 ਪ੍ਰਤੀ ਸ਼ਤ ਹੈ ਉਹਨਾਂ ਨੂੰ 12,5 ਪ੍ਰਤੀ ਸ਼ਤ ਰਾਖਵਾਂਕਰਣ (25% ਦਾ 50 %) ਦਿੱਤਾ ਜਾ ਰਿਹਾ ਹੈ ਜੋ ਠੀਕ ਹੈ ਪਰ ਬਾਕੀ 37 ਅਨੁਸੂਚਿਤ ਜਾਤੀਆਂ ਜੋ ਕੁੱਲ ਅਬਾਦੀ ਦਾ 34-12।6=21।4 % ਹੈ ਨੂੰ ਪੰਜਾਬ ਸਰਕਾਰ 12।5%, ਲੱਗਭੱਗ 9 ਪ੍ਰਤੀ ਸ਼ਤ ਘੱਟ ਕਿਉਂ ਦੇ ਰਹੀ ਹੈ ?

4। ਦੇਸ਼ ਦਾ ਸੰਵਿਧਾਨ ਰਾਖਵਾਂਕਰਣ ਦੇ ਅੰਦਰ ਰਾਖਵਾਂਕਰਣ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਇਹ ਮਨੂਵਾਦੀ ਲੀਡਰਾਂ ਦੀ ਦਲਿਤ ਸਮਾਜ ਨੂੰ ਪਾੜਨ ਦੀ ਗੈਰ-ਸੰਵਿਧਾਨਿਕ ਚਾਲ ਹੈ ਕਿ ਲੜੀ ਜਾਣ ਆਪਸ ਵਿੱਚ।

4 ਅਗਸਤ 30,2007 ਨੂੰ ਰਾਏ ਸਿੱਖ ਅਬਾਦੀ ਐਸ ਸੀ ਘੋਸ਼ਿਤ ਹੋਣ ਨਾਲ 4,63,123 ਲੋਕ ਹੋਰ ਰਾਖਵਾਂਕਰਣ ਲਈ ਲਾਭਪਾਤਰੀ ਹੋ ਗਏ ਪਰ ਪੰਜਾਬ ਸਰਕਾਰ ਨੇ ਅਬਾਦੀ ਮੁਤਾਬਕ ਰਾਖਵਾਂਕਰਣ ਵਿੱਚ ਵਾਧਾ ਕਿਉ ਨਹੀਂ ਕੀਤਾ ?
ਕਿਸੇ ਪੁੱਛਿਆ ਸਰਕਾਰ ਨੂੰ?

5 ਰਾਏ ਸਿੱਖਾਂ ਦੇ ਅ। ਜਾਤੀ ਬਣਨ ਨਾਲ
ਜਲਾਲਾਬਾਦ (57%)
ਗੁਰੂ ਹਰ ਸਹਾਇ(58%)
ਫਾਜਿਲਕਾ (50।0%)ਵਿੱਚ ਅ ਜਾਤੀ ਅਬਾਦੀ ਵੱਧ ਗਈ ਪਰ ਕੀ ਰਿਜ਼ਰਵ ਹਲਕੇ ਨਹੀਂ ਸੀ ਵਧਣੇ ਚਾਹੀਦੇ?

2001 ਦੀ ਜਨਗਣਨਾ ਅਨੁਸਾਰ ਇਹ ਤਿੰਨੋਂ ਹਲਕੇ ਰਾਖਵੇਂ ਹੋਣੇ ਲਾਜ਼ਮੀ ਹਨ, ਨਹੀਂ ਤਾਂ ਇਹ ਸੰਵਿਧਾਨ ਦਾ ਘੋਰ ਨਿਰਾਦਰ ਹੈ। ਅਬਾਦੀ ਅ। ਜਾਤੀ ਦੀ ਤੇ ਨੁਮਾਇੰਦੇ ਸਵਰਨ ਜਾਤੀਆਂ ਦੇ ਤਾਂਹੀ ਤਾਂ ਕਾਂਸ ਰਾਮ ਜੀ ਕਹਿੰਦੇ ਸਨ ਕਿ ,"ਵੋਟ ਹਮਾਰੀ ਰਾਜ ਤੁਮਾਹਰਾ ਨਹੀਂ ਚੱਲੇਗਾ।" ਇੱਥੇ ਤਾਂ ਪਾਰਟੀਆਂ ਦੇ ਪ੍ਰਧਾਨ ਹੀ ਇੱਥੇ ਬਹੁ-ਗਿਣਤੀ ਗਰੀਬ ਅ।ਜਾਤੀ ਲੋਕਾਂ ਦੀਆਂ ਵੋਟਾਂ ਦੇ ਸਿਰ ਤੇ ਸਿਆਸਤ ਕਰਦੇ ਹਨ।

6। ਦੇਸ਼ ਦੇ ਕਿਸੇ ਵੀ ਸੂਬੇ ਵਿੱਚ ਇੱਕ ਪ੍ਰਤੀ ਸ਼ਤ ਤੋਂ ਉੱਪਰ ਥੱਲੇ ਰਾਖਵਾਂਕਰਣ ਨਹੀਂ ਹੈ ਪਰ ਪੰਜਾਬ ਵਿੱਚ ਅ। ਜਾਤੀਆਂ ਲਈ ਅਬਾਦੀ ਤੋਂ 9% ਘੱਟ ਹੈ ਤੇ ਸਰਕਾਰ ਨੇ ਫੋਟੋ ਲਾਈ ਹੈ ਦਫ਼ਤਰਾਂ ਵਿੱਚ ਸ। ਭਗਤ ਸਿੰਘ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਅੰਬੇਡਕਰ ਦੀ। ਕੀ ਇਹ ਦੋਨੋ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦਲਿਤ ਵਿਰੋਧੀ ਸੀ ?

ਬਾਬੇ ਨਾਨਕ ਦੀ ਧਰਤੀ ਤੇ ਮਲਕ ਭਾਗੋ ਦਾ ਰਾਜ ਹੈ ਤੇ ਭਾਈ ਲਾਲੋ ਨੂੰ ਕੋਧਰੇ ਦੀ ਰੋਟੀ ਖਾਣ ਲਈ ਮਜ਼ਬੂਰ ਕੀਤਾ ਜਾ ਰਿਹਾ। ਭਾਰਤ ਸਰਕਾਰ 43% ਪੰਜਾਬੀਆਂ ਨੂੰ ਆਟਾ-ਦਾਲ ਸਕੀਮ ਤਹਿਤ ਰਾਸ਼ਨ ਦੇ ਰਹੀ ਹੈ ਨਹੀਂ ਤਾਂ ਕੋਧਰੇ ਦੀ ਰੋਟੀ ਵੀ ਪੰਜਾਬ ਸਰਕਾਰ ਭਾਈ ਲਾਲੋ ਨੂੰ ਨਹੀਂ ਦੇਣਾ ਚਹੁੰਦੀ।



ਐਸ ਆਰ ਲੱਧੜ
ਸਾਬਕਾ ਆਈ ਏ ਐਸ
91-94175-00610

7 ਪੰਜਾਬ ਸਰਕਾਰ ਨੇ ਅ ਜਾਤੀ ਕਮਿਸ਼ਨ ਦਾ ਚੇਅਰਮੈਨ ਨਹੀਂ ਲਾਇਆ ਭਾਵੇ ਸਰਕਾਰ ਬਣੀ ਨੂੰ ਵੀ ਸਤ ਮਹੀਨੇ ਹੋ ਚਲੇ ਹਨ, ਆਪ ਸਰਕਾਰ ਦਲਿਤ ਵਿਰੋਧੀ ਹੈ ਨਹੀਂ ਤਾਂ ਤਿੰਨ ਦਿੱਲੀ ਵਿੱਚ ਅਤੇ ਸੱਤ ਪੰਜਾਬ ਵਿੱਚ ਰਾਜ ਸਭਾ ਐਮ ਪੀ ਨਾਮਜ਼ਦ ਕਰਨ ਵੇਲੇ ਇੱਕ ਵੀ ਪੱਛੜੀਆ ਸ਼੍ਰੇਣੀ ਜਾਂ ਅ ਜਾਤੀ ਦਾ ਵਿਅਕਤੀ ਨਜ਼ਰ ਨਹੀਂ ਆਇਆ।

8। ਆਪ ਪਾਰਟੀ ਦੇ ਸੁਪਰੀਮੋ ਆਪਣੀ ਪਾਰਟੀ ਨੂੰ ਕੱਟੜ ਇਮਾਨਦਾਰਾਂ ਦੀ ਪਾਰਟੀ ਕਹਿੰਦੇ ਹਨ , 52 ਐਮ ਐਲ ਏਜ ਪੰਜਾਬ ਵਿੱਚ ਕਰਿਮੀਨਲ ਰਿਕਾਰਡ ਵਾਲੇ ਹਨ ਜ਼ਿਹਨਾਂ ਖ਼ਿਲਾਫ਼ ਕਤਲ ,ਫਿਰੌਤੀ ਅਤੇ ਨਾਜਾਇਜ਼ ਕਬਜ਼ਿਆਂ ਵਰਗੇ ਸੰਗੀਨ ਜੁਰਮ ਹਨ।

ਪੰਜਾਬ ਦੇ ਲੋਕੀ ਜਦੋਂ ਨਵੰਬਰ 8 ਨੂੰ ਬਾਬੇ ਨਾਨਕ ਦਾ ਜਨਮ ਉਤਸਵ ਮਨਾ ਰਹੇ ਹੋਣਗੇ ਤਾਂ ਮੈਂ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਆਉ ਬਾਬੇ ਨਾਨਕ ਨੂੰ ਸਮਝੀਏ। ਬਾਦਸ਼ਾਹ ਬਾਬਰ ਨੂੰ ਵੰਗਾਰਦਿਆਂ ਸਮੇਂ ਦੇ ਹਾਕਮਾਂ ਨੂੰ ਕੁੱਤੇ ਤੇ ਸ਼ੀਂਹ ਤੱਕ ਕਹਿ ਦਿੱਤਾ:
"ਰਾਜੇ ਸ਼ੀਂਹ ਮੁਕੱਦਮ ਕੁੱਤੇ
ਜਾਇ ਜਗਾਇਨ ਬੈਠੇ ਸੁੱਤੇ"

ਹੁਣ ਤਾਂ ਕਿਸੇ ਰਾਜੇ ਦਾ ਰਾਜ ਨਹੀਂ , ਸਰਕਾਰ ਲੋਕ ਚੁਣਦੇ ਹਨ ਪਰ ਭੋਲ਼ੇ ਭਾਲੇ ਪੰਜਾਬੀ ਕਦੋਂ ਖ਼ੂਨ ਚੂਸਦੇ ਮਲਿਕ ਭਾਗੋਆਂ ਅਤੇ ਕੌਡੇ ਰਾਕਸ਼ਾਂ ਦੀ ਪਹਿਚਾਣ ਕਰਨਗੇ? ਕਦੋਂ ਗੁਰੂ ਰਵਿਦਾਸ ਮਹਾਰਾਜ ਦਾ ਸੁਪਨਾ ਪੂਰਾ ਹੋਵੇਗਾ,
" ਐਸਾ ਚਾਹੂੰ ਰਾਜ ਮੈਂ ,
ਜਹਾਂ ਮਿਲੇ ਸਭਨ ਕੋ ਅੰਨ,
ਛੋਟ ਬੜੋ ਸਭ ਸੰਗ ਵਸੇ
ਰਵਿਦਾਸ ਰਹੇ ਪ੍ਰਸੰਨ। ਗੁਰੂ ਸਾਹਿਬਾਨ ਦੇ ਸਰਬੱਤ ਦੇ ਭਲੇ ਤੇ ਚੱਲਦਿਆਂ ਪੰਜਾਬ ਪੂਰੇ ਭਾਰਤ ਦੀ ਰਹਿਨੁਮਾਈ ਕਦੋਂ ਕਰੇਗਾ?

# ਪੜ੍ਹਾਈ-ਲਗਨ, ਦੇਸ਼-ਵਿਦੇਸ਼ ਯੀਅਰ-ਟੂ-ਯੀਅਰ, ਮਹਿਮੀਆਂ ਦਾ ਮੁੰਡਾ ਬਣ ਗਿਆ ਮਹਾਂ ਇੰਜੀਨੀਅਰ

## ਡਾ ਜਸਪ੍ਰਭਜੀਤ ਮਹਿਮੀ ਨੇ ਮੈਕਾਟ੍ਰੋਨਿਕਸ ਤੋਂ ਅੱਗੇ ਡਾਕਟਰ ਆਫ ਫਿਲਾਸਫੀ ਇੰਜੀਨੀਅਰਿੰਗ ਪੂਰੀ ਕੀਤੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਇੰਜੀਨੀਅਰਿੰਗ ਦੇ ਵੱਖ-ਵੱਖ ਵਿਸ਼ਿਆਂ ਨੂੰ ਇਕੱਤਰ ਕਰਕੇ ਜਦੋਂ ਇਕ ਸੰਯੁਕਤ ਇੰਜੀਨੀਅਰਿੰਗ ਬਨਾਉਣ ਦੀ ਗੱਲ ਚੱਲੀ ਤਾਂ ਇੰਜੀਨੀਅਰਾਂ ਦੀ ਮੀਟਿੰਗ ਹੋਣ ਲੱਗੀ। 1969 ਦੇ ਵਿਚ ਜਾਪਨ ਦੀ ਇਕ ਕੰਪਨੀ ਨੇ ਜਦੋਂ ਇਸ ਉਤੇ ਕੰਮ ਕੀਤਾ ਤਾਂ ਸ਼ਬਦ 'ਮੈਕਾਟ੍ਰੋਨਿਕਸ' ਹੋਂਦ ਵਿਚ ਆਇਆ। ਦਰਅਸਲ ਇਹ ਸ਼ਬਦ ਮਕੈਨਿਕਸ ਅਤੇ ਇਲੈਕਟ੍ਰੋਨਿਕਸ ਦੇ ਜੋੜ ਨਾਲ ਬਣਿਆ ਹੈ। ਇਸ ਸੰਯੁਕਤ ਵਿਸ਼ੇ ਦੇ ਵਿਚ ਇਲੈਕਟ੍ਰੀਕਲ, ਇਲੈਕਟ੍ਰੋਨਿਕਸ, ਕੰਪਿਊਟਰ, ਮਕੈਨੀਕਲ, ਕੰਟਰੋਲ ਅਤੇ ਟੈਲੀਕਾਮ ਵਰਗੇ ਵਿਸ਼ੇ ਸ਼ਾਮਿਲ ਹੁੰਦੇ ਹਨ। ਇੰਜੀਨੀਅਰਿੰਗ ਦੀ ਪੜ੍ਹਾਈ ਤਾਂ ਇਕ ਵਿਸ਼ੇ ਦੀ ਹੀ ਕਰਨੀ ਔਖੀ ਹੁੰਦੀ ਹੈ, ਪਰ ਤੇਜ਼ ਦਿਮਾਗ ਵਾਲੇ ਬੱਚੇ ਸਾਰਾ ਕੁਝ ਇਕੱਠਾ ਵੀ ਕਰ ਜਾਂਦੇ ਹਨ, ਜਿਨ੍ਹਾਂ 'ਤੇ ਮਾਣ ਕਰਨਾ ਬਣਦਾ ਹੈ।

ਗੱਲ ਮਹਿਮੀਆਂ ਦੇ ਮੁੰਡੇ ਦੀ: ਨਿਊਜ਼ੀਲੈਂਡ ਵਸਦੇ ਪੰਜਾਬੀਆਂ ਨੂੰ ਮਾਣ ਹੋਵੇਗਾ ਇਕ ਆਪਣਾ ਇਕ ਪੰਜਾਬੀ ਨੌਜਵਾਨ ਜਿਸ ਨੂੰ ਹੁਣ ਡਾ। ਜਸਪ੍ਰਭਜੀਤ ਮਹਿਮੀ (ਜੈਸੀ ਮਹਿਮੀ-26) ਕਿਹਾ ਜਾ ਸਕਦਾ, ਹਾਰਡ ਵਰਕਰ ਜੋੜੀ ਸ੍ਰੀ ਪਰਮਜੀਤ ਮਹਿਮੀ (ਫਾਊਂਡੇਸ਼ਨ ਮੈਂਬਰ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿਲ ਔਕਲੈਂਡ) ਅਤੇ ਸ੍ਰੀਮਤੀ ਪਰਵਿੰਦਰ ਮਹਿਮੀ (ਲਾਈਫ ਮੈਂਬਰ) ਦਾ ਵੱਡਾ ਬੇਟਾ ਹੈ। ਜੈਸੀ ਮਹਿਮੀ ਮੈਕਾਟ੍ਰੋਨਿਕਸ ਤੋਂ ਇਕ ਕਦਮ ਅੱਗੇ ਵਧਦਿਆਂ ਹੁਣ ਡਾਕਟਰ ਆਫ ਫਿਲਾਸਫੀ ਇੰਜੀਨੀਅਰਿੰਗ ਬਣ ਗਿਆ ਹੈ। ਸੌਖੇ ਅਤੇ ਸਮਝਾਊ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਉਹ ਇਸ ਛੋਟੀ ਉਮਰੇ ਮਹਾਂ ਇੰਜੀਨੀਅਰ ਬਣ ਗਿਆ ਹੈ। ਯੂਨੀਵਰਸਿਟੀ ਆਫ ਟੈਕਨਾਲੋਜੀ ਸਿਡਨੀ ਦੇ ਵਿਚ ਉਹ 2019 ਤੋਂ ਪੜ੍ਹਾਈ ਕਰਨ ਗਿਆ ਹੋਇਆ ਹੈ, ਉਸਨੇ ਹਾਈਪਰਸਪੈਕਟਰਲ ਕੈਮਰਿਆਂ (100 ਰੰਗਾਂ ਦੀ ਪਕੜ ਵਾਲੇ) ਦੀ ਵਰਤੋਂ ਨਾਲ ਸੰਭਾਵੀ ਪਦਾਰਥ ਸੰਪਤੀ ਦਾ ਅਨੁਮਾਨ ਲਾਉਣ ਦੀ ਖੋਜ਼ ਉਤੇ ਬਾਰੀਕ ਕੰਮ ਕੀਤਾ। ਇਸ ਤੋਂ ਪਹਿਲਾਂ ਉਸਨੇ ਬੈਚਲਰ ਆਫ ਇੰਜੀਨੀਅਰਿੰਗ (ਆਨਰਜ਼) ਸਪੈਸ਼ਲਾਈਜ਼ਿੰਗ ਇਨ ਮੈਕ-ਟ੍ਰੋਨਿਕਸ ਵੀ 2018 'ਚ 'ਦਾ ਯੂਨੀਵਰਸਿਟੀ ਆਫ ਔਕਲੈਂਡ' ਤੋਂ ਫਸਟ ਕਲਾਸ ਆਨਰ ਨਾਲ ਪੂਰੀ ਕੀਤੀ। ਇਹ ਵੀ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀ ਆਫ ਔਕਲੈਂਡ ਨੇ ਉਸਨੂੰ ਬਿਨਾਂ ਮਾਸਟਰ ਕੀਤਿਆਂ ਹੀ ਯੂਨੀਵਰਸਿਟੀ ਆਫ ਟੈਕਨਾਲੋਜੀ ਸਿਡਨੀ ਵਿਖੇ ਪੀ। ਐਚ। ਡੀ। ਕਰਨ ਦਾ ਮੌਕਾ ਦਿੱਤਾ। ਰੋਬੋਟ ਦਾ ਨਿਰਮਾਣ ਅਤੇ ਉਸ ਤੋਂ ਕੰਮ ਲੈਣ ਦੇ ਵਿਚ ਇਸਦਾ ਉਤਸ਼ਾਹ ਉਸਨੂੰ ਖੋਜ ਕਾਰਜਾਂ ਤੱਕ ਲੈ ਗਿਆ।




ਵੱਡੇ ਪ੍ਰਾਜੈਕਟਾਂ ਵਿਚ ਸ਼ਮੂਲੀਅਤ: ਜੈਸੀ ਮਹਿਮੀ ਨੇ 3ਡੀ ਲਾਈਟ ਬਲਬ ਦੀ ਵਰਤੋਂ, ਹਾਈਪਰਸਪੈਕਟਰਲ ਕੈਮਰਿਆਂ ਦੀ ਮਦਦ ਨਾਲ ਨਵਾਂ ਅਧਿਆਏ ਸ਼ੁਰੂ ਕੀਤਾ। ਪ੍ਰਜ਼ੀਸ਼ਨ ਅਤੇ ਡਾਇਰੈਕਸ਼ਨ ਕੈਲੀਬ੍ਰੇਸ਼ਨ ਵਿਚ ਇਨਕਲਾਬ ਲਿਆਂਦਾ। ਰੌਸ਼ਨੀ ਦੀ ਤੀਬਰਤਾ ਦੇ ਖੇਤਰ ਵਿਚ ਖੋਜ਼ ਕੀਤੀ। ਸਮਾਟ ਫੈਕਟਰੀ ਵਾਤਾਵਰਣ ਦੇ ਵਿਚ ਰੋਬੋਟ ਤੋਂ ਲਏ ਜਾਣ ਵਾਲੇ ਕੰਮਾਂ ਵਿਚ ਵੱਡੀ ਪ੍ਰਾਪਤ ਕੀਤੀ। ਇੰਟਰਫੇਸਿੰਗ ਆਰ। ਐਫ। ਆਈ। ਡੀ। (ਰੇਡੀਓ ਫ੍ਰੀਕੁਏਂਸੀ) ਡਿਵਾਈਸਾਂ ਦੀ ਵਰਤੋਂ ਕੀਤੀ। ਬੰਦ ਪਈਆਂ ਪਾਈਪਾਂ ਦੀ ਬਲੌਕਿੰਗ ਵੇਖਣ ਵਾਸਤੇ ਰੇਡੀਓ ਫ੍ਰੀਕੁਏਂਸੀ ਦੀ ਵਰਤੋਂ ਉਤੇ ਕੰਮ ਕੀਤਾ।

ਦੋ ਮਹਾਨ ਖੋਜਾਂ: ਇਸਨੇ ਦੱਸਿਆ ਕਿ ਹਾਈਪਰਸਪੈਕਟਰਲ ਚਿੱਤਰਾਂ ਦੀ ਵਰਤੋਂ ਕਰਦੇ ਹੋਏ ਜਾਨਵਰਾਂ ਅੰਦਰ ਚਰਬੀ-ਡੂੰਘਾਈ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਭੇਡ ਜਾਂ ਲੇਲੇ ਵਰਗੇ ਜਾਨਵਰਾਂ ਦੇ ਸਰੀਰ 'ਤੇ ਚਰਬੀ ਦੀ ਮਾਤਰਾ, ਮੀਟ ਦੀ ਗੁਣਵੱਤਾ ਦਾ ਮਾਪ ਕੀਤਾ ਜਾ ਸਕਦਾ ਹੈ। ਇਸ ਨੇ ਦੱਸਿਆ ਕਿ ਮਿਲੀਮੀਟਰਾਂ ਵਿੱਚ ਚਮੜੀ ਦੇ ਹੇਠਾਂ ਚਰਬੀ-ਡੂੰਘਾਈ (ਚਮੜੀ ਦੇ ਹੇਠਾਂ ਚਰਬੀ) ਨੂੰ ਨਿਰਧਾਰਤ ਕਰਨ ਲਈ ਹਾਈਪਰਸਪੈਕਟਰਲ ਚਿੱਤਰਾਂ ਦੀ ਵਰਤੋਂ ਕਰ ਸਕਦੇ ਹਾਂ। ਇਹ ਆਮ ਤੌਰ 'ਤੇ ਮਾਹਿਰਾਂ ਦੁਆਰਾ ਸਰੀਰਕ ਮਾਪਾਂ ਦੀ ਵਰਤੋਂ (ਸਪਰਸ਼) ਕਰਕੇ ਕੀਤਾ ਜਾਂਦਾ ਹੈ, ਪਰ ਇਸਨੇ ਦੱਸਿਆ ਕਿ ਬਿਨਾਂ ਜਾਨਵਰ ਜਾਂ ਲਾਸ਼ ਨੂੰ ਛੂਹਣ ਤੋਂ ਰਿਮੋਟ ਤਰੀਕੇ ਨਾਲ ਵੀ ਇਹ ਕੀਤਾ ਜਾ ਸਕਦਾ ਹੈ। ਇਸਨੇ ਮਸ਼ੀਨ ਲਰਨਿੰਗ ਮਾਡਲ ਬਣਾਏ ਜੋ ਹਾਈਪਰਸਪੈਕਟਰਲ ਚਿੱਤਰ ਡਾਟਾ ਤੋਂ ਅਸਲੀ ਰੰਗ ਅਤੇ ਅਸਲ ਜਾਨਵਰ ਦੀ ਲਾਸ਼ ਦੇ ਸੀਟੀ-ਸਕੈਨ ਤੋਂ ਫੈਟ-ਡੂੰਘਾਈ ਦੀ ਵਰਤੋਂ ਕਰਦੇ ਸਨ ਅਤੇ ਸਹੀ ਮਾਤਰਾ ਦੱਸਦੇ ਹਨ।

ਇਸ ਨੇ ਦੂਜੀ ਖੋਜ ਇਸ ਗੱਲ ਉਤੇ ਕੀਤੀ ਕਿ ਹਾਈਪਰਸਪੈਕਟਰਲ ਕੈਮਰੇ ਕਿਵੇਂ ਭੌਤਿਕ ਵਸਤਾਂ ਦੀ ਅੰਦਰਲੀ ਸੰਪਤੀ ਦਾ ਅਨੁਮਾਨ ਲਗਾਉਂਦੇ ਹਨ। ਹਰ ਇੱਕ ਸਮੱਗਰੀ ਦਾ ਇੱਕ ਵਿਲੱਖਣ ਸਪੈਕਟਰਲ ਰੰਗ ਹੁੰਦਾ ਹੈ ਜੋ ਇਸਦੀ ਮੌਜੂਦਗੀ ਦਾ ਪਤਾ ਲਗਾਉਣ ਲਈ ਵਰਤਿਆ ਜਾ ਸਕਦਾ ਹੈ। ਅਸਲ ਵਿੱਚ ਅਸੀਂ ਕਿਸੇ ਵਸਤੂ ਦਾ ਅਸਲੀ ਰੰਗ ਨਹੀਂ ਦੇਖਦੇ, ਅਸੀਂ ਪ੍ਰਤੀਬਿੰਬਿਤ ਰੋਸ਼ਨੀ ਦੇਖਦੇ ਹਾਂ, ਜੋ ਸਤਹਾ ਤੋਂ ਅਤੇ ਵਸਤੂ ਦੇ ਅੰਦਰੋਂ, ਉਸ ਦਿਸ਼ਾ ਵਿੱਚ ਆਉਂਦੀ ਹੈ ਜਿਸ ਵੱਲ ਅਸੀਂ ਦੇਖ ਰਹੇ ਹਾਂ। ਵਸਤੂ ਦੀ ਸ਼ਕਲ, ਰੋਸ਼ਨੀ ਅਤੇ ਦੇਖਣ ਦੀ ਦਿਸ਼ਾ ਚਿੱਤਰ ਨੂੰ ਪ੍ਰਭਾਵਤ ਕਰਦੀ ਹੈ। ਇਸ ਨੌਜਵਾਨ ਨੇ ਭੌਤਿਕ ਵਿਗਿਆਨ-ਅਧਾਰਿਤ ਪ੍ਰਤੀਬਿੰਬ ਦੀ ਵਰਤੋਂ ਕਰਕੇ ਕਿਸੇ ਵਸਤੂ ਦੇ ਅਸਲੀ ਰੰਗ ਨੂੰ ਮੁੜ ਪ੍ਰਾਪਤ ਕਰਨ ਦਾ ਤਰੀਕਾ ਤਿਆਰ ਕੀਤਾ। ਸਿਡਨੀ 'ਚ ਕੀਤਾ ਕੰਮ: ਡੇਵੋਨਸ਼ਾਇਰ ਸੁਰੰਗ ਵਿੱਚ ਯਾਤਰੀਆਂ ਨੂੰ ਟਰੈਕ ਕਰਨ ਲਈ ਵਰਤੇ ਗਏ ਚਾਰ ਕੈਮਰਿਆਂ ਦੀ ਇੱਕ ਪ੍ਰਣਾਲੀ ਸੀ ਜੋ ਕਿ ਸਿਡਨੀ (ਸਭ ਤੋਂ ਵੱਡਾ ਰੇਲਵੇ ਸਟੇਸ਼ਨ) ਵਿੱਚ ਸੈਂਟਰਲ ਸਟੇਸ਼ਨ 'ਤੇ ਸਥਿਤ ਹੈ। ਇਥੇ ਦੇ ਸਾਰੇ ਚਾਰ ਕੈਮਰਿਆਂ ਦੀ ਪੂਰੀ ਕੈਲੀਬ੍ਰੇਸ਼ਨ ਇਸ ਨੌਜਵਾਨ ਨੇ ਕੀਤੀ, ਜਿਸ ਵਿੱਚ ਸੁਰੰਗ ਦੀ ਜ਼ਮੀਨ 'ਤੇ ਟਾਈਲਾਂ ਦੀ ਵਰਤੋਂ ਕਰਦੇ ਹੋਏ ਸਾਰੇ ਕੈਮਰਿਆਂ ਵਿਚਕਾਰ 34 ਪੋਜ਼ (ਅਨੁਵਾਦ ਅਤੇ ਰੋਟੇਸ਼ਨ) ਨੂੰ ਨਿਰਧਾਰਤ ਕਰਨਾ ਸ਼ਾਮਲ ਹੈ। ਅਜਿਹਾ ਕੈਲੀਬ੍ਰੇਸ਼ਨ ਤੁਹਾਨੂੰ ਆਬਜੈਕਟ ਦੇ ਪੂਰੇ 34 ਮਾਡਲ ਬਣਾਉਣ ਦੀ ਇਜਾਜ਼ਤ ਦਿੰਦਾ ਹੈ ਜੋ ਉਹਨਾਂ ਦੀ ਸਥਿਤੀ ਅਤੇ ਸਥਿਤੀ ਨੂੰ ਟਰੈਕ ਕਰਨ ਲਈ ਵਰਤੇ ਜਾ ਸਕਦੇ ਹਨ।

ਇਹ ਨੌਜਵਾਨ 2014 ਵਿਚ ਸਕਾਲਰਸ਼ਿਪ ਪ੍ਰਾਪਤ ਕਰ ਚੁੱਕਾ ਹੈ। 18 ਤੋ 22 ਜੂਨ 2018 ਦੇ ਵਿਚ ਉਹ ਟੈਕਸਾਸ ਅਮਰੀਕਾ ਵਿਖੇ ਖੋਜ਼ ਪਰਚਾ ਪੜ੍ਹਨ ਗਿਆ, 14 ਤੋਂ 16 ਸਤੰਬਰ 2021 ਦੇ ਵਰਚੂਅਲ ਰੂਪ ਵਿਚ ਜ਼ਰਮਨੀ ਦੇ ਵਿਗਿਆਨੀਆਂ ਨਾਲ ਸ਼ਾਮਿਲ ਹੋਇਆ, 23 ਤੋਂ 27 ਅਕਤੂਬਰ ਟੋਕੀਓ ਜਾਪਾਨ ਗਿਆ। ਹੁਣ ਇਹ ਨੌਜਵਾਨ ਅਮਰੀਕਾ ਵਿਖੇ ਅਗਲੇ ਖੋਜ ਕਾਰਜਾਂ ਵਾਸਤੇ ਨਿਕਲੇਗਾ। ਇਸਦੀ ਮੁਹਾਰਿਤ ਰੋਬੋਟ ਪ੍ਰੀਸੈਪਸ਼ਨ, ਕੈਮਰਾ ਕਲੀਬ੍ਰੇਸ਼ਨ, ਮਲਟੀ ਕੈਮਰਾ ਸਿਸਟਮਜ, ਕੰਪਿਊਟਰ ਵਿਜ਼ਨ, ਮਲਟੀ-ਮਾਡਲ ਸੈਂਸਿੰਗ, ਹਾਈਪਰਸਪੈਕਟ੍ਰਲ ਇਮੇਜਿੰਗਸ ਮੈਥੇਮੈਟੀਕਲ ਆਪਟੀ ਮਾਈਜੇਸ਼ਨ, 3ਡੀ ਪੋਸ ਏਸਟੀਮੇਸ਼ਨ ਅਤੇ ਮਸ਼ੀਨ ਲਰਨਿੰਗ ਦੇ ਵਿਚ ਹੈ।

ਅੰਤ ਇਸ ਮੁੰਡੇ ਦੀ ਪੜ੍ਹਾਈ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਜਿਹੜੀ ਪੜ੍ਹਾਈ ਆਟੋਮੈਟਿਕ ਸਿਸਟਮ ਜਿਵੇਂ ਆਪਣੇ-ਆਪ ਦਰਵਾਜ਼ੇ ਖੁੱਲ੍ਹਣੇ ਬੰਦ ਹੋਣੇ, ਸਮਾਰਟ ਘੜੀਆਂ, ਸਮਾਰਟ ਫੋਨ, ਲੈਪਟਾਪ, ਕਾਰ, ਬਾਈਕਸ, ਮੈਡੀਕਲ ਖੇਤਰ ਦੇ ਵਿਚ ਕਿਰਣਾਂ ਵਾਲੀਆਂ ਮਸ਼ੀਨਾਂ, ਰਾਕਟ, ਜ਼ੈਟ ਅਤੇ ਸੈਂਸਰ ਆਦਿ ਵਿਚ ਕੰਮ ਆਉਂਦੀ ਹੈ, ਇਹ ਨੌਜਵਾਨ ਪੂਰੀ ਕਰ ਚੁੱਕਾ ਹੈ ਅਤੇ ਡਾਕਟਰ ਬਣ ਚੁੱਕਾ ਹੈ। ਪਰਿਵਾਰਕ ਮੈਂਬਰ ਅਤੇ ਕਮਿਊਨਿਟੀ ਮੈਂਬਰ ਕੱਲ੍ਹ 4 ਨਵੰਬਰ ਨੂੰ ਸ਼ਾਮ 5।30 ਵਜੇ ਇਸ ਮਾਣਮੱਤੇ ਨੌਜਵਾਨ ਦਾ ਸਵਾਗਤ ਕਰਨ ਵਾਸਤੇ ਏਅਰਪੋਰਟ ਜਾ ਰਹੇ ਹਨ। ਵਰਨਣਯੋਗ ਹੈ ਕਿ ਸ੍ਰੀ ਪਰਮਜੀਤ ਮਹਿਮੀ ਦਾ ਛੋਟਾ ਬੇਟਾ ਨਿਖਨਜੀਤ ਮਹਿਮੀ ਵੀ ਇਸ ਵੇਲੇ ਐਮ। ਬੀ। ਬੀ। ਐਸ। (ਮੈਡੀਸਨ) ਡੁਨੀਡਨ ਵਿਖੇ ਕਰ ਰਿਹਾ ਹੈ ਤੇ ਅਗਲੇ ਸਾਲ ਵਲਿੰਗਟਨ ਹਸਪਤਾਲ ਵਿਖੇ ਟ੍ਰੇਨਿੰਗ ਵਾਸਤੇ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਚਕਾਰ ਵਾਲਾ ਬੇਟਾ ਅਭੈਜੀਤ ਮਹਿਮੀ ਜਿੱਥੇ ਇਲੈਕਟ੍ਰੀਕਲ ਇੰਜੀਨੀਅਰਿੰਗ ਕਰ ਰਿਹਾ ਹੈ ਉਥੇ ਗਲਿਨਬਰੁੱਕ ਵਿਖੇ ਸਕਾਫ ਫੋਲਡਿੰਗ ਤੇ ਇਕਵਮੈਂਟ ਹਾਇਰ ਦਾ ਕਾਰੋਬਾਰ ਵੀ ਕਰ ਰਿਹਾ ਹੈ। ਸ਼ਾਲਾ! ਇਹ ਨੌਜਵਾਨ ਹੋਰ ਤਰੱਕੀਆਂ ਕਰੇ।

# ਕਲਮ ਤੇ ਤੇਗ਼ ਦੇ ਧਨੀ : ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ। ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।



ਡਾ.ਚਰਨਜੀਤ ਸਿੰਘ ਗੁਮਟਾਲਾ
0019375739812

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉਂਤੇ ਤੁਲਿਆ ਹੋਇਆ ਸੀ, ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ।



ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਹ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉਂਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ 13 ਨਵੰਬਰ 1757 ਈ ਨੂੰ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋ ਆਪ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਮ ਮਨਾਇਆ ਜਾ ਰਿਹ ਹੈ।

# ਬੰਗੜ ਜਠੇਰਿਆਂ ਦਾ ਜੋੜ ਮੇਲੇ ਦੋਰਾਨ ਅਨੇਕਾਂ ਕਲਾਕਾਰਾਂ ਨੇ ਹਾਜਰੀ ਲਗਾਈ

**ਉੜਾਪੜ/ਲਸਾੜਾ (ਬੱਗਾ ਸੇਲਕੀਆਣਾ)**- ਗੋਤ ਬੰਗੜ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਪਿੰਡ ਪਾਸਲਾ ਵਿਖੇ ਧੰਨ ਧੰਨ ਬਾਬਾ ਜਸਦੇਵ ਬੰਗੜ ਜੀ ਦੇ ਧਾਰਮਿਕ ਅਸਥਾਨ ਤੇ ਸਮੁੱਚੀ ਬੰਗੜ ਪ੍ਰਬੰਧਕ ਕਮੇਟੀ, ਬੰਗੜ ਪਰਿਵਾਰਾਂ ਦੇ ਮੈਂਬਰ ਸਾਹਿਬਾਨਾਂ ਵਲੋਂ ਆਪਣੇ ਵੱਡੇ ਵਡੇਰਿਆਂ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਧਾਰਮਿਕ ਅਸਥਾਨ ਤੇ ਨਿਸ਼ਾਨ ਸਾਹਿਬ ਦੇ ਚੋਲੇ ਸੰਗਤ ਦੇ ਸਹਿਜੋਗ ਨਾਲ ਪਹਿਨਾਏ ਗਏ ਤੇ ਸੰਗਤਾਂ ਵਲੋਂ ਹੋਰ ਧਾਰਮਿਕ ਰਸਮਾ ਵੀ ਕੀਤੀਆਂ ਗਈਆਂ ਧਾਰਮਿਕ ਅਸਥਾਨ ਤੇ ਰੱਖੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈਕੁਲਦੀਪ ਸਿੰਘ ਰਸੀਲਾ ਦੇ ਕੀਰਤਨੀ ਜਥੇ ਵਲੋਂ ਸ਼ਬਦ ਕੀਰਤਨ ਕਰਕੇ ਇਸ ਮੇਲੇ ਚ ਪੁਜੀਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ ਬਾਅਦ ਦੁਪਿਹਰ ਖੁੱਲੇ ਪੰਡਾਲ ਚ ਮੇਲੇ ਦਾ ਅਗਾਜ ਕੀਤਾ ਗਿਆ ਸਟੇਜ ਦੀ ਸ਼ੁਰੂਆਤ ਅਨੇਕਾਂ ਕਲਾਕਾਰਾਂ ਨੇ ਹਾਜਰੀ ਭਰੀ ਤੇ ਮਿਸ਼ਨਰੀ ਗਾਇਕ ਮਿਸ਼ਨਰੀ ਵਿੱਕੀ ਬਹਾਦਰ ਕੇ ਵਲੋਂ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ ਤੇ ਸਿਖਰ ਦੁਪਿਹਰ ਵਰਗਾ ਸੁਰੀਲਾ ਗਾਇਕ ਫਿਰੋਜ ਖਾਨ ਨੇ ਪ੍ਰੋਗਰਾਮ ਦੀ ਸ਼ੁਰਆਤ ਧਾਰਮਿਕ ਗੀਤ ਤੋਂ ਸ਼ੁਰੂ ਕੀਤੀ ਤੇ ਬਾਅਦ ਅਨੇਕਾ ਹਿੱਟ ਗੀਤ ਗਾਕੇ ਵਾਹ ਵਾਹ ਖੱਟੀ ਸਮੁੱਚੀ ਪ੍ਰਬੰਧਕ ਕਮੇਟੀ ਵਲੋਂ ਮੇਲੇ ਚ ਵੱਧ ਚੜ ਕੇ ਸਹਿਜੋਗ ਦੇਣ ਵਾਲੀਆਂ ਸੰਗਤਾਂ ਦਾ ਸਨਮਾਨਤ ਵੀ ਕੀਤਾ ਗਿਆ ਆਪਣੇ ਸੰਬੋਧਨ ਚ ਪ੍ਰਧਾਨ ਲੇਖ ਰਾਜ ਜਮਾਲਪੁਰੀ ਨੇ ਆਖਿਆ ਕਿ ਸਾਨੂੰ ਆਪਣੇ ਬਜੁਰਗਾਂ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਕਿ ਅੱਜ ਅਸੀ ਜੋ ਵੀ ਹਾਂ ਆਪਣੇ ਮਾਤਾ ਪਿਤਾ ਦੀ ਬਦੋਲਤ ਹਾਂ ਸਾਨੂੰ ਇਸ ਮੁਕਾਮ ਪਹੁੰਚਾਉਣ ਲਈ ਸਾਡੇ, ਮਾਪਿਆਂ ਨੇ ਬੜੀ ਮਿਹਨਤ ਕੀਤੀ ਹੈ ਤੁੇ ਸਾਨੂੰ ਆਪਣੇ ਵੱਡੇ ਵਡੇਰਿਆਂ ਦੀ ਯਾਦ ਚ ਸਲਾਨਾ ਜੋੜ ਮੇਲੇ ਬੜੀ ਸ਼ਰਧਾਂ ਨਾਲ ਮਨਾਉਣੇ ਚਾਹੀਦੇ ਹਨ ਤਾਂ ਹੀ ਸਾਡੀ ਨੋਜਵਾਨ ਪੀੜੀ ਨੂੰ ਸਾਡੇ ਬਜੁਰਗਾਂ ਬਾਰੇ ਪਤਾ ਚੱਲੇਗਾ ਉਨਾ ਸਾਰੇ ਦਾਨੀ ਸ਼ਖਸ਼ੀਅਤਾਂ ਅਤੇ ਸਮੂੰਹ ਸੰਗਤਾਂ ਦਾ ਤੁਹਿ ਦਿਲੋਂ ਧੰਨਵਾਦ ਕੀਤਾ ਇਸ ਮੋਕੇ ਉਨਾ ਬੰਗੜ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਮੇਲੇ ਦੀ ਵਧਾਈ ਦਿਤੀ ਮੇਲੋ ਦੋਰਾਨ ਤਨ. ਮਨ. ਧੰਨ ਤੇ ਸੇਵਾ ਕਰਨ ਵਾਲੀਆਂ ਸ਼ਖਸ਼ੀਅਤਾਂ ਦ ਪ੍ਰਬੰਧਕਾਂ ਵਲੋ ਸੰਗਤਾਂ ਵਾਸਤੇ ਚਾਹ, ਪਕੋੜੇ, ਭੁਜੀਆ, ਬਦਾਨੇ ਤੇ ਗੁਰੁ ਕੇ ਲੰਗਰ ਤੇ ਫਲ ਵੀ ਵਰਤਾਏ ਗਏ ਇਸ ਮੋਕੇ ਗਿਰਧਾਰੀ ਲਾਲ, ਅਮਰਜੀਤ ਬੰਗੜ ਪਾਸਲਾ, ਮੇਹਰ ਚੰਦ ਫਕੀਰ ਚੰਦ, ਹਰਬੰਸ ਲਾਲ, ਗੁਰਨੇਕ ਚੰਦ, ਹੁਸਨ ਲਾਲ, ਰਾਜ ਕੁਮਾਰ, ਸਤਨਾਮ ਸਿੰਘ, ਗੁਰਨਾਮ ਚੰਦ, ਸੋਖਾ ਤੱਗੜ, ਤਰਸੇਮ ਲਾਲ, ਗਿਆਨ ਚੰਦ, ਹਰਭਜਨ ਲਾਲ ਰਿਟਾਇਰ ਐਸਐਚਓ ਬੜਾ ਪਿੰਡ, ਇੰਦਰਜੀਤ ਸਿੰਘ, ਗੁਰਨਾਮ ਪਾਸਲਾ, ਹੁਸਨ ਲਾਲ ਕੰਦੋਲਾ, ਚੈਨ ਰਾਮ, ਕਸ਼ਮੀਰੀ ਲਾਲ, ਪ੍ਰੀਤ ਬੰਗੜ, ਸੋਨੂੰ ਬੰਗੜ, ਪੰਮਾ ਭੈਣੀ ਕਰਮ ਚੰਦ ਬੰਗੜ, ਬਿੰਦਰੀ ਬੰਗੜ ਤੌ ਇਲਾਵਾ ਹੋਰ ਵੀ ਹਾਜਰ ਸਨ।





# ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਜਥੇਬੰਦਕ ਕਨਵੈਨਸ਼ਨ 12 ਨੂੰ

**ਫਗਵਾੜਾ 7 ਨਵੰਬਰ (ਬੀਕੇ ਰੱਤੂ)** ਪੰਜਾਬ ਦੇ ਸਰਕਾਰੀ,ਅਰਧ ਸਰਕਾਰੀ ਅਤੇ ਜਨਤਕ ਬੋਰਡਾਂ ਵਿੱਚ ਕੰਮ ਕਰਦੀਆਂ ਇਸਤਰੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਇ ਇਸਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਜਥੇਬੰਦਕ ਕਨਵੈਨਸ਼ਨ 12 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਵੇਗੀ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰ ਕੇ ਇਸ ਸੂਬਾ ਕਾਨਫਰੰਸ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੀ ਸੂਬਾ ਜਨਰਲ ਸਕੱਤਰ ਅਵਤਾਰ ਕੌਰ ਬਾਸੀ ਨੇ ਦੱਸਿਆ ਕਿ ਇਸ ਜਥੇਬੰਦਕ ਕਾਨਫ਼ਰੰਸ ਵਿੱਚ ਪਿਛਲੀ ਟਰਮ ਦੌਰਾਨ ਕੀਤੇ ਕੰਮਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਲਈ ਨਵੀਂ ਸੂਬਾ ਕਮੇਟੀ ਦੀ ਵੀ ਚੋਣ ਕੀਤੀ ਜਾਵੇਗੀ।ਇਸ ਕਾਨਫ਼ਰੰਸ ਵਿੱਚ ਜਿੱਥੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੀਆਂ ਸੂਬਾਈ ਆਗੂ ਆਪਣੇ ਵਿਚਾਰ ਪੇਸ਼ ਕਰਨਗੀਆਂ ਉੱਥੇ ਭਰਾਤਰੀ ਜਥੇਬੰਦੀਆਂ ਦੇ ਸੂਬਾਈ ਆਗੂ ਵੀ ਇਸ ਜਥੇਬੰਦਕ ਕਾਨਫ਼ਰੰਸ ਨੂੰ ਵਿਸ਼ੇਸ਼ ਤੌਰ ਤੇ ਸੰਬੋਧਨ ਕਰਨਗੇ।ਇਸ ਮੌਕੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਮਲਜੀਤ ਕੌਰ ਜ਼ਿਲ੍ਹਾ ਜਨਰਲ ਸਕੱਤਰ ਸੁਰਿੰਦਰ ਕੌਰ ਸਹੋਤਾ ਮੀਤ ਪ੍ਰਧਾਨ ਜਸਵਿੰਦਰ ਕੌਰ ਟਾਹਲੀ ਜੁਆਇੰਟ ਸਕੱਤਰ ਨਰਿੰਦਰ ਬੀਬਾ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਵੀ ਹਾਜ਼ਰ ਸਨ।



# ਪਾਕਿ 'ਚ ਰੈਲੀ ਦੌਰਾਨ ਇਮਰਾਨ ਖਾਨ 'ਤੇ ਕਾਤਲਾਨਾ ਹਮਲਾ, ਦੋਸ਼ੀ ਗ੍ਰਿਫ਼ਤਾਰ

## ਖਾਨ ਦੇ ਲੱਤ 'ਚ ਲੱਗੀ ਗੋਲੀ, ਇਕ ਦੀ ਮੌਤ, ਸ਼ਾਹਬਾਜ਼ ਸ਼ਰੀਫ ਨੇ ਜਾਂਚ ਦੇ ਦਿੱਤੇ ਹੁਕਮ, ਇਮਰਾਨ ਨੇ ਫਿਰ ਆਰੰਭ ਕੀਤਾ ਮਾਰਚ

**ਜੇ ਸਿੰਘ 'ਭਡਿਆਰ'**

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਇਕ ਰੋਸ ਮਾਰਚ ਦੌਰਾਨ ਬੀਤੇ ਵੀਰਵਾਰ ਨੂੰ ਪੰਜਾਬ ਸੂਬੇ 'ਚ ਉਨ੍ਹਾਂ ਦੇ ਕੰਟੇਨਰ-ਟਰੱਕ 'ਤੇ ਹਮਲਾ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦੀ ਲੱਤ 'ਚ ਗੋਲੀ ਲੱਗੀ ਪਰ ਗੋਲੀ ਦਾ ਇੱਕ ਟੁਕੜਾ ਅਜੇ ਵੀ ਉਨ੍ਹਾਂ ਦੀ ਲੱਤ ਵਿੱਚ ਫਸਿਆ ਹੋਇਆ ਹੈ। ਡਾਕਟਰ ਉਸ ਦੀ ਹਾਲਤ 'ਤੇ ਨਜ਼ਰ ਰੱਖ ਰਹੇ ਹਨ। ਉਹ ਖਤਰੇ ਤੋਂ ਬਾਹਰ ਦੱਸੇ ਜਾ ਰਹੇ ਹਨ। ਖਾਨ ਦੀ ਪਾਰਟੀ ਨੇ ਦਾਅਵਾ ਕੀਤਾ ਕਿ ਇਹ 'ਕਤਲ ਦੀ ਕੋਸ਼ਿਸ਼' ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਇਸ ਗੋਲ਼ੀਬਾਰੀ ਦੀ ਜਾਂਚ ਕਰਨ ਦੇ ਹੁਕਮ ਦੇ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਇਮਰਾਨ ਖਾਨ ਇਸ ਸਮੇਂ ਪਾਕਿਸਤਾਨ 'ਚ ਆਜ਼ਾਦੀ ਮਾਰਚ ਕੱਢ ਰਹੇ ਹਨ। ਉਹ ਮੌਜੂਦਾ ਸਰਕਾਰ ਖਿਲਾਫ ਲਗਾਤਾਰ ਸੜਕ 'ਤੇ ਧਰਨੇ ਦੇ ਰਹੇ ਹਨ। ਜਦੋਂ ਤੋਂ ਤੋਸ਼ਖਾਨਾ ਮਾਮਲੇ 'ਚ ਇਮਰਾਨ ਨੂੰ ਦੋਸ਼ੀ ਪਾਇਆ ਗਿਆ ਹੈ, ਉਦੋਂ ਤੋਂ ਉਸ ਵੱਲੋਂ ਆਜ਼ਾਦੀ ਮਾਰਚ ਸ਼ੁਰੂ ਹੋ ਗਿਆ ਹੈ। ਇਸੇ ਕੜੀ 'ਚ ਵੀਰਵਾਰ ਨੂੰ ਵੀ ਉਨ੍ਹਾਂ ਵੱਲੋਂ ਆਜ਼ਾਦੀ ਮਾਰਚ ਕੱਢਿਆ ਜਾ ਰਿਹਾ ਸੀ ਪਰ ਇਸ ਦੌਰਾਨ ਗੋਲ਼ੀਬਾਰੀ ਹੋ ਗਈ, ਜਿਸ 'ਚ ਇਮਰਾਨ ਖਾਨ ਜ਼ਖ਼ਮੀ ਦੱਸੇ ਜਾ ਰਹੇ ਹਨ। ਉਨ੍ਹਾਂ ਤੋਂ ਇਲਾਵਾ ਸਾਬਕਾ ਗਵਰਨਰ ਇਮਰਾਨ ਇਸਮਾਇਲ ਵੀ ਇਸ ਗੋਲ਼ੀਬਾਰੀ 'ਚ ਜ਼ਖ਼ਮੀ ਹੋ ਗਏ ਹਨ।

### ਕਦੋਂ ਵਾਪਰੀ ਘਟਨਾ

ਇਹ ਘਟਨਾ ਪੰਜਾਬ ਦੇ ਵਜ਼ੀਰਾਬਾਦ ਕਸਬੇ ਦੇ 'ਅੱਲ੍ਹਾ ਹੂ ਚੌਕ' ਨੇੜੇ ਵਾਪਰੀ, ਜਦੋਂ ਖਾਨ ਜਲਦੀ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਇਸਲਾਮਾਬਾਦ ਵੱਲ ਮਾਰਚ ਦੀ ਅਗਵਾਈ ਕਰ ਰਹੇ ਸਨ। ਖਾਨ ਦੀ ਪਾਰਟੀ ਦੇ ਸੀਨੀਅਰ ਨੇਤਾ ਅਸਦ ਉਮਰ ਨੇ ਮੀਡੀਆ ਨੂੰ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਲੱਤ 'ਚ ਗੋਲੀ ਲੱਗੀ ਹੈ। ਉਮਰ ਨੇ ਕਿਹਾ, "ਖਾਨ ਦੀ ਹਾਲਤ ਨਾਜ਼ੁਕ ਨਹੀਂ ਹੈ ਪਰ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ ਹੈ।" ਉਨ੍ਹਾਂ ਕਿਹਾ ਕਿ ਖਾਨ ਦੇ ਵਿਰੋਧੀ ਪਾਕਿਸਤਾਨ ਨੂੰ ਬਦਲਦਾ ਨਹੀਂ ਦੇਖ ਸਕਦੇ।

### ਕਿਸੇ ਵੀ ਸਮੂਹ ਨੇ ਹਮਲੇ ਦੀ ਨਹੀਂ ਲਈ ਜ਼ਿੰਮੇਵਾਰੀ

ਸੈਨੇਟਰ ਫੈਜ਼ਲ ਜਾਵੇਦ, ਜਿਸ ਦੇ ਚਿਹਰੇ 'ਤੇ ਗੋਲੀ ਲੱਗੀ ਸੀ, ਨੇ ਕਿਹਾ ਕਿ ਹਮਲੇ ਦੌਰਾਨ ਪਾਰਟੀ ਦੇ ਇਕ ਵਰਕਰ ਦੀ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਕ੍ਰਿਕਟ ਦੀ ਦੁਨੀਆ ਤੋਂ ਰਾਜਨੀਤੀ 'ਚ ਆਏ ਖਾਨ (70) 'ਤੇ ਹੋਏ ਹਮਲੇ ਦੀ ਕਿਸੇ ਸਮੂਹ ਨੇ ਜ਼ਿੰਮੇਵਾਰੀ ਨਹੀਂ ਲਈ। ਚਸ਼ਮਦੀਦਾਂ ਮੁਤਾਬਕ ਇਕ ਬੰਦੂਕਧਾਰੀ ਨੇ ਖਾਨ ਦੀ ਗੱਡੀ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਮੌਕੇ ਤੋਂ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੁਲਸ ਉਸ ਨੂੰ ਕਿਸੇ ਅਣਪਛਾਤੀ ਥਾਂ 'ਤੇ ਲੈ ਗਈ ਹੈ।

### ਗੋਲੀ ਜਾਨ ਲੈਣ ਲਈ ਮਾਰੀ ਸੀ

ਪੀਟੀਆਈ ਨੇਤਾ ਇਮਰਾਨ ਇਸਮਾਈਲ ਨੇ ਕਿਹਾ ਕਿ ਜਦੋਂ ਸਾਬਕਾ ਪ੍ਰਧਾਨ ਮੰਤਰੀ 'ਤੇ ਹਮਲਾ ਹੋਇਆ ਤਾਂ ਉਹ ਖਾਨ ਦੇ ਨਾਲ ਖੜ੍ਹੇ ਸਨ। ਉਨ੍ਹਾਂ ਨੇ ਦਾਅਵਾ ਕੀਤਾ, "ਇਹ ਸਿੱਧਾ ਹਮਲਾ ਸੀ... ਗੋਲੀ ਜਾਨ ਲੈਣ ਲਈ ਮਾਰੀ ਸੀ, ਡਰਾਉਣ ਲਈ ਨਹੀਂ।" ਜੀਓ ਟੀਵੀ ਦੇ ਅਨੁਸਾਰ ਹਮਲਾਵਰ ਦੀ ਪਛਾਣ ਨਾਵੇਦ ਵਜੋਂ ਹੋਈ ਹੈ। ਚੈਨਲ ਨੇ ਦੱਸਿਆ ਕਿ ਹਮਲਾਵਰ, ਜਿਸ ਦੀ ਉਮਰ 20 ਸਾਲ ਦੇ ਕਰੀਬ ਸੀ, ਸਲਵਾਰ-ਕਮੀਜ਼ ਪਹਿਨ ਕੇ ਖਾਨ ਦੀ ਗੱਡੀ ਦੇ ਨਾਲ ਚੱਲ ਰਿਹਾ ਸੀ ਅਤੇ ਉਸ ਨੇ ਖੱਬੇ ਪਾਸੇ ਤੋਂ ਗੋਲੀ ਚਲਾ ਦਿੱਤੀ।ਇਸ ਘਟਨਾ ਦਾ ਇਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ 'ਚ ਇਕ ਹਮਲਾਵਰ ਹੱਥ 'ਚ ਏ।ਕੇ। 47 ਫੜੀ ਨਜ਼ਰ ਆ ਰਿਹਾ ਹੈ। ਪੁਲਸ ਨੇ ਫਾਇਰਿੰਗ ਤੋਂ ਤੁਰੰਤ ਬਾਅਦ ਉਸ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।ਏਆਰਵਾਈ ਨਿਊਜ਼ ਕੋਲ ਉਪਲਬਧ ਇੱਕ ਵੀਡੀਓ ਬਿਆਨ ਵਿੱਚ ਹਮਲਾਵਰ ਨੂੰ ਇਹ ਕਹਿੰਦੇ ਹੋਏ ਸੁਣਿਆ ਗਿਆ ਹੈ ਕਿ ਉਹ ਇਸ ਦੀ ਯੋਜਨਾ ਬਣਾ ਰਿਹਾ ਸੀ।





ਇਮਰਾਨ ਦੇ ਲਾਹੌਰ ਛੱਡਣ ਤੋਂ ਬਾਅਦ ਹੀ ਕਤਲ ਦੀ ਯੋਜਨਾ ਬਣਾ ਰਿਹਾ ਸੀ। ਉਸ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਮਾਰਨ ਦੀ ਪੂਰੀ ਕੋਸ਼ਿਸ਼ ਕੀਤੀ। ਮੈਂ ਸਿਰਫ ਇਮਰਾਨ ਖਾਨ ਨੂੰ ਮਾਰਨਾ ਚਾਹੁੰਦਾ ਸੀ ਅਤੇ ਕਿਸੇ ਹੋਰ ਨੂੰ ਨਹੀਂ। ਇਹ ਘਟਨਾ ਪੰਜਾਬ ਦੇ ਵਜ਼ੀਰਾਬਾਦ ਕਸਬੇ ਦੇ ਅੱਲ੍ਹਾਵਾਲਾ ਚੌਕ ਨੇੜੇ ਵਾਪਰੀ ਜਦੋਂ ਖਾਨ ਛੇਤੀ ਚੋਣਾਂ ਦੀ ਮੰਗ ਲਈ ਇਸਲਾਮਾਬਾਦ ਵੱਲ ਮਾਰਚ ਦੀ ਅਗਵਾਈ ਕਰ ਰਹੇ ਸਨ।

### ਹਮਲੇ ਦੀ ਜਾਂਚ ਲਈ ਬਣਾਏ ਜਾਵੇ ਟੀਮ

ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਹੱਤਿਆ ਦੀ ਕੋਸ਼ਿਸ਼ ਸਬੰਧੀ ਤੱਥਾਂ ਦਾ ਖੁਲਾਸਾ ਕਰਨ ਲਈ ਪੰਜਾਬ ਸੂਬੇ ਦੀ ਸਰਕਾਰ ਨੂੰ ਉੱਚ ਪੱਧਰੀ ਸਾਂਝੀ ਜਾਂਚ ਟੀਮ (ਜੇ।ਆਈ।ਟੀ।) ਕਾਇਮ ਕਰਨ ਲਈ ਕਿਹਾ ਹੈ। ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਪੰਜਾਬ ਸੂਬੇ ਵਿੱਚ ਸੱਤਾਧਾਰੀ ਪਾਰਟੀ ਹੈ ਜਦੋਂ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਦੀ ਅਗਵਾਈ ਵਾਲੀ ਗਠਜੋੜ ਸੰਘੀ ਸਰਕਾਰ ਚਲਾ ਰਿਹਾ ਹੈ। ਵੀਰਵਾਰ ਦੇਰ ਰਾਤ ਜਾਰੀ ਬਿਆਨ ਮੁਤਾਬਕ ਗ੍ਰਹਿ ਮੰਤਰਾਲੇ ਨੇ ਇਸ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਹੈ। ਪੱਤਰ ਵਿੱਚ ਸੂਬਾਈ ਸਰਕਾਰ ਨੂੰ ਜੇਆਈਟੀ ਵਿੱਚ ਸੀਨੀਅਰ ਪੁਲਸ ਅਧਿਕਾਰੀਆਂ ਅਤੇ ਖੁਫ਼ੀਆ ਏਜੰਸੀ ਦੇ ਮੁਲਾਜ਼ਮਾਂ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਘਟਨਾ ਦੀ "ਭਰੋਸੇਯੋਗ ਅਤੇ ਪਾਰਦਰਸ਼ੀ ਜਾਂਚ" ਲਈ ਸੀਨੀਅਰ ਅਧਿਕਾਰੀਆਂ ਨੂੰ ਜੇਆਈਟੀ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਸਨੇ ਸੂਬਾਈ ਸਰਕਾਰ ਨੂੰ ਜਾਂਚ ਵਿੱਚ ਕੇਂਦਰ ਦੀ "ਪੂਰੀ ਸਹਾਇਤਾ" ਦਾ ਭਰੋਸਾ ਵੀ ਦਿੱਤਾ। ਮੰਤਰੀ ਨੇ ਸੁਰੱਖਿਆ ਵਿੱਚ ਲਾਪਰਵਾਹੀ ਲਈ ਪੰਜਾਬ ਸਰਕਾਰ ਨੂੰ ਵੀ ਜ਼ਿੰਮੇਵਾਰ ਠਹਿਰਾਇਆ।

ਉਸ ਨੇ ਹਮਲਾਵਰ ਦੀ ਇਕਬਾਲੀਆ ਵੀਡੀਓ ਨੂੰ ਜਨਤਕ ਕਰਨ ਲਈ ਸੂਬਾਈ ਸਰਕਾਰ ਨੂੰ ਵੀ ਜ਼ਿੰਮੇਵਾਰ ਠਹਿਰਾਇਆ। ਸਨਾਉੱਲਾ ਨੇ ਬਿਨਾਂ ਕਿਸੇ ਸਬੂਤ ਦੇ ਘਟਨਾ ਲਈ ਸਰਕਾਰ ਅਤੇ ਫ਼ੌਜ ਦੇ ਉੱਚ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਪੀਟੀਆਈ ਨੇਤਾ ਅਸਦ ਉਮਰ ਅਤੇ ਸ਼ੀਰੀਨ ਮਜ਼ਾਰੀ ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਪੀਟੀਆਈ ਨੇਤਾ ਫਵਾਦ ਚੌਧਰੀ ਦੀ ਨਿੰਦਾ ਕੀਤੀ ਕਿ ਉਹ ਲੋਕਾਂ ਨੂੰ ਕਥਿਤ ਤੌਰ 'ਤੇ ਵਿਰੋਧੀ ਨੇਤਾਵਾਂ ਦੇ ਘਰਾਂ 'ਤੇ ਹਮਲਾ ਕਰਨ ਲਈ ਉਕਸਾਉਣ। ਮੰਤਰੀ ਨੇ ਕਿਹਾ ਕਿ ਤੁਸੀਂ ਵੀ ਅਸਮਾਨ ਵਿੱਚ ਨਹੀਂ ਰਹਿੰਦੇ। ਜੇ ਤੁਸੀਂ ਹਿੰਸਾ ਕਰਦੇ ਹੋ, ਤਾਂ ਤੁਹਾਡੇ ਦੁਆਰਾ ਲਗਾਈ ਗਈ ਅੱਗ ਤੁਹਾਨੂੰ ਵੀ ਆਪਣੀ ਲਪੇਟ ਵਿਚ ਲੈ ਲਵੇਗੀ।

### ਹਮਲਾਵਰ ਦਾ ਬਿਆਨ ਜਨਤਕ ਕਰਨ 'ਤੇ ਪੁਲਸ ਅਧਿਕਾਰੀ ਮੁਅੱਤਲ

ਪਾਕਿਸਤਾਨ ਦੇ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪਰਵੇਜ਼ ਇਲਾਹੀ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਹੋਏ ਹਮਲੇ ਤੋਂ ਬਾਅਦ ਇਕ ਸ਼ੱਕੀ ਹਮਲਾਵਰ ਦਾ ਇਕਬਾਲੀਆ ਬਿਆਨ ਜਨਤਕ ਕਰਨ 'ਤੇ ਇਕ ਪੁਲਸ ਕਰਮਚਾਰੀ ਸਮੇਤ ਹੋਰ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਖਤਰੇ ਤੋਂ ਬਾਹਰ ਹਨ।

### ਰਾਸ਼ਟਰਪਤੀ ਨੇ ਇਮਰਾਨ ਖਾਨ ਨਾਲ ਕੀਤੀ ਮੁਲਾਕਾਤ

ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ ਅਲਵੀ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਮੁਲਾਕਾਤ ਕੀਤੀ ਅਤੇ ਇਕ ਰੋਸ ਮਾਰਚ ਦੌਰਾਨ ਗੋਲੀਬਾਰੀ ਵਿਚ ਜ਼ਖ਼ਮੀ ਹੋਏ ਖਾਨ ਦੀ ਸਿਹਤ ਦਾ ਹਾਲ-ਚਾਲ ਪੁੱਛਿਆ। ਇਸ ਦੌਰਾਨ ਰਾਸ਼ਟਰਪਤੀ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਅਤੇ ਸ਼ਹਿਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਸਰਕਾਰ ਵਿਚਾਲੇ ਕਈ ਅਹਿਮ ਮੁੱਦਿਆਂ 'ਤੇ ਸਹਿਮਤੀ ਬਣਾਉਣ ਲਈ ਵਿਚੋਲਗੀ ਕਰਨ ਦੀ ਪੇਸ਼ਕਸ਼ ਕੀਤੀ।

ਰਾਸ਼ਟਰਪਤੀ ਅਲਵੀ ਅਤੇ ਉਨ੍ਹਾਂ ਦੀ ਪਤਨੀ ਬੇਗਮ ਸਮੀਨਾ ਆਰਿਫ ਅਲਵੀ ਨੇ ਲਾਹੌਰ ਦੇ ਸ਼ੌਕਤ ਖਾਨਮ ਮੈਮੋਰੀਅਲ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ ਦਾ ਦੌਰਾ ਕੀਤਾ ਅਤੇ ਖਾਨ ਦੀ ਸਿਹਤ ਦਾ ਹਾਲ-ਚਾਲ ਪੁੱਛਿਆ ਅਤੇ ਇਸ ਤੋਂ ਬਾਅਦ ਕਰੀਬ ਤਿੰਨ ਘੰਟੇ ਤੱਕ ਉਨ੍ਹਾਂ ਨਾਲ ਰਹੇ।

ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ (ਖਾਨ) ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕੀਤੀ। ਮੁਲਾਕਾਤ ਦੌਰਾਨ ਅਲਵੀ ਅਤੇ ਖਾਨ ਨੇ ਦੇਸ਼ ਦੀ ਗੰਭੀਰ ਸਿਆਸੀ ਅਤੇ ਆਰਥਿਕ ਸਥਿਤੀ ਬਾਰੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਰਿਪੋਰਟ ਵਿਚ ਕਿਹਾ ਗਿਆ ਕਿ ਗੱਲਬਾਤ ਦੌਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਨਾਲ ਸਬੰਧਤ 73 ਸਾਲਾ ਅਲਵੀ ਨੇ ਮੁੱਖ ਮੁੱਦਿਆਂ 'ਤੇ ਸਹਿਮਤੀ ਬਣਾਉਣ ਲਈ ਹਿੱਸੇਦਾਰਾਂ ਵਿਚਕਾਰ ਵਿਚੋਲਗੀ ਕਰਨ ਲਈ ਆਪਣੇ ਪੱਧਰ ਦੀ ਪੂਰੀ ਕੋਸ਼ਿਸ਼ ਕਰਨ ਦੀ ਪੇਸ਼ਕਸ਼ ਕੀਤੀ।

### ਅਮਰੀਕਾ ਵਲੋਂ ਹਮਲੇ ਦੀ ਨਿੰਦਾ

ਅਮਰੀਕਾ ਨੇ ਵੀ ਇਮਰਾਨ ਖਾਨ 'ਤੇ ਰੋਸ ਮਾਰਚ ਦੌਰਾਨ ਹੋਏ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਰਾਜਨੀਤੀ ਵਿੱਚ ਹਿੰਸਾ ਦੀ ਕੋਈ ਥਾਂ ਨਹੀਂ ਹੈ ਅਤੇ ਅਮਰੀਕਾ ਲੋਕਤੰਤਰੀ ਅਤੇ ਸ਼ਾਂਤੀਪੂਰਨ ਪਾਕਿਸਤਾਨ ਲਈ ਵਚਨਬੱਧ ਹੈ ਅਤੇ ਅਸੀਂ ਪਾਕਿਸਤਾਨੀ ਲੋਕਾਂ ਦੇ ਨਾਲ ਖੜ੍ਹੇ ਹਾਂ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਅਮਰੀਕਾ ਇਕ ਸਿਆਸੀ ਰੈਲੀ 'ਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਹੋਰਾਂ 'ਤੇ ਹੋਏ ਹਮਲੇ ਦੀ ਸਖਤ ਨਿੰਦਾ ਕਰਦਾ ਹੈ। ਅਸੀਂ ਖਾਨ ਅਤੇ ਹੋਰ ਸਾਰੇ ਜ਼ਖਮੀਆਂ ਦੇ ਜਲਦੀ ਅਤੇ ਪੂਰੀ ਤਰ੍ਹਾਂ ਠੀਕ ਹੋਣ ਦੀ ਕਾਮਨਾ ਕਰਦੇ ਹਾਂ, ਅਤੇ ਅਸੀਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਤੱਬੂ ਨੇ ਬਣਾਈ 22 ਕਰੋੜ ਦੀ ਜਾਇਦਾਦ, ਜਿਊਂਦੀ ਹੈ ਰਾਣੀ ਵਾਲੀ ਜ਼ਿੰਦਗੀ

90 ਦੇ ਦਹਾਕੇ ਦੀ ਮਸ਼ਹੂਰ ਅਦਾਕਾਰਾ ਤੱਬੂ ਲਗਾਤਾਰ ਫਿਲਮਾਂ ਵਿਚ ਸਰਗਰਮ ਹੈ। ਭੁੱਲ ਭੁਲਾਈਆ 2 ਦੀ ਸਫਲਤਾ ਤੋਂ ਬਾਅਦ, ਅਦਾਕਾਰਾ ਹੁਣ ਫਿਲਮ 'ਦ੍ਰਿਸ਼ਮ 2' ਨਾਲ ਆਪਣੇ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਐਕਟਿੰਗ ਹੋਵੇ ਜਾਂ ਫਿਟਨੈਸ, ਅੱਜ ਵੀ ਲੋਕ ਉਸ ਦੀ ਇਕ ਝਲਕ ਦੇ ਦੀਵਾਨੇ ਹਨ। ਤੱਬੂ ਦਾ ਅਸਲੀ ਨਾਂ ਤਬੱਸੁਮ ਫਾਤਿਮਾ ਹਾਸ਼ਮੀ ਹੈ, ਜਿਸ ਦਾ ਜਨਮ 4 ਨਵੰਬਰ 1970 ਨੂੰ ਹੈਦਰਾਬਾਦ ਵਿਚ ਹੋਇਆ ਸੀ।ਬੀਤੇ ਦਿਨੀਂ ਉਸਨੇ ਆਪਣਾ 52ਵਾਂ ਜਨਮਦਿਨ ਮਨਾਇਆ ਸੀ।



ਤੁਹਾਨੂੰ ਦੱਸ ਦੇਈਏ ਕਿ ਫਿਲਮਾਂ 'ਵਿਚ ਬਹੁਤ ਹੀ ਸਾਧਾਰਨ ਲੁੱਕ ਵਿਚ ਨਜ਼ਰ ਆਉਣ ਵਾਲੀ ਤੱਬੂ ਰਾਣੀ ਦੀ ਜ਼ਿੰਦਗੀ ਜਿਊਂਦੀ ਹੈ। ਤੱਬੂ 52 ਸਾਲ ਦੀ ਹੈ ਅਤੇ ਉਸ ਦਾ ਅਜੇ ਤਕ ਵਿਆਹ ਨਹੀਂ ਹੋਇਆ ਹੈ। ਸਿਰਫ 15 ਸਾਲ ਦੀ ਉਮਰ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਤੱਬੂ ਕਰੋੜਾਂ ਦੀ ਮਾਲਕਣ ਹੈ। ਟ੍ਰੇਡ ਐਨਾਲਿਸਟ ਮੁਤਾਬਕ ਤੱਬੂ ਇਕ ਫਿਲਮ ਲਈ 2 ਤੋਂ 4 ਕਰੋੜ ਰੁਪਏ ਚਾਰਜ ਕਰਦੀ ਹੈ। ਇਸ ਤੋਂ ਇਲਾਵਾ, ਉਹ ਬ੍ਰਾਂਡ ਐਂਡੋਰਸਮੈਂਟਸ ਤੋਂ ਵੀ ਕਾਫੀ ਪੈਸਾ ਕਮਾਉਂਦੀ ਹੈ। ਖਬਰਾਂ ਮੁਤਾਬਕ ਅਦਾਕਾਰਾ ਦੀ ਮਹੀਨਾਵਾਰ ਕਮਾਈ 25 ਲੱਖ ਦੇ ਕਰੀਬ ਹੈ। ਇੱਕ ਅਭਿਨੇਤਰੀ ਹੋਣ ਦੇ ਨਾਲ, ਉਹ ਇੱਕ ਕਾਰੋਬਾਰੀ ਔਰਤ ਵੀ ਹੈ ਅਤੇ ਅਭਿਨੇਤਰੀ ਦੀ ਕੁੱਲ ਜਾਇਦਾਦ ਲਗਭਗ 22 ਕਰੋੜ ਰੁਪਏ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਉਸਦੇ ਨਾ ਸਿਰਫ ਮੁੰਬਈ 'ਵਿਚ ਲਗਜ਼ਰੀ ਘਰ ਹਨ, ਸਗੋਂ ਹੈਦਰਾਬਾਦ 'ਵਿਚ ਵੀ ਉਨ੍ਹਾਂ ਦੇ ਕਈ ਆਲੀਸ਼ਾਨ ਅਤੇ ਸ਼ਾਹੀ ਘਰ ਹਨ। ਜਾਇਦਾਦ ਦੇ ਨਾਲ-ਨਾਲ ਤੱਬੂ ਨੂੰ ਗੱਡੀਆਂ ਦਾ ਵੀ ਬਹੁਤ ਸ਼ੌਕ ਹੈ ਅਤੇ ਜੇਕਰ ਖਬਰਾਂ ਦੀ ਮੰਨੀਏ ਤਾਂ ਔਡੀ ਕਿਊ7 ਤੋਂ ਇਲਾਵਾ ਅਦਾਕਾਰਾ ਕੋਲ ਮਰਸਡੀਜ਼ ਅਤੇ ਜੈਗੁਆਰ ਐਕਸ7 ਸਮੇਤ ਕਈ ਲਗਜ਼ਰੀ ਗੱਡੀਆਂ ਹਨ। ਹੈਦਰਾਬਾਦ ਅਤੇ ਮੁੰਬਈ ਤੋਂ ਇਲਾਵਾ ਤੱਬੂ ਨੇ ਗੋਆ ਵਿਚ ਵੀ ਆਪਣਾ ਬੰਗਲਾ ਲਿਆ ਹੋਇਆ ਹੈ।

ਸਾਲ 2022 ਦੀ ਸ਼ੁਰੂਆਤ ਤੱਬੂ ਲਈ ਬਹੁਤ ਚੰਗੀ ਰਹੀ। 20 ਮਈ 2022 ਨੂੰ ਰਿਲੀਜ਼ ਹੋਈ ਫਿਲਮ 'ਭੂਲ ਭੁਲਾਇਆ 2' 'ਵਿਚ ਲੋਕਾਂ ਨੇ ਉਨ੍ਹਾਂ ਨੂੰ ਕਾਫੀ ਪਸੰਦ ਕੀਤਾ ਸੀ। ਇਸ ਫਿਲਮ ਤੋਂ ਇਲਾਵਾ ਹੁਣ ਤੱਬੂ ਜਲਦੀ ਹੀ ਅਰਜੁਨ ਕਪੂਰ ਦੀ ਫਿਲਮ 'ਕੁੱਤੇ' ਖ਼ੁਫੀਆ, ਦ੍ਰਿਸ਼ਮ 2 ਅਤੇ ਭੋਲਾ ਵਰਗੀਆਂ ਫਿਲਮਾਂ ਵਿਚ ਨਜ਼ਰ ਆਵੇਗੀ।

# 16 ਨਵੰਬਰ 2022 ਲਈ ਰਾਸ਼ਟਰੀ ਪ੍ਰੈਸ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਹਰ ਸਾਲ 16 ਨਵੰਬਰ ਨੂੰ ਭਾਰਤ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਮੀਡੀਆ ਦੀ ਭੂਮਿਕਾ ਸਬੰਧੀ ਸ ਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਚਾਰ ਵਟਾਂਦਰਾਂ ਕੀਤਾ ਜਾਂਦਾ ਹੈ। ਰਾਸ਼ਟਰੀ ਪ੍ਰੈਸ ਦਿਵਸ 16 ਨਵੰਬਰ ਇੱਕ ਆਜ਼ਾਦ ਅਤੇ ਜ਼ਿੰਮੇਵਾਰ ਪ੍ਰੈਸ ਦਾ ਪ੍ਰਤੀਕ ਹੈ। ਇਸ ਦਿਨ ਪ੍ਰੈਸ ਕੌਂਸਲ ਆਫ਼ ਇੰਡੀਆ ਨੇ ਇਹ ਯਕੀਨੀ ਬਣਾਉਣ ਲਈ ਇੱਕ ਨੈਤਿਕ ਨਿਗਰਾਨ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ। ਭਾਰਤੀ ਮੀਡੀਆ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਸੁਤੰਤਰ ਅਤੇ ਆਜ਼ਾਦ ਪ੍ਰੈਸ ਮਜ਼ਬੂਤ ??ਲੋਕਤੰਤਰ ਦੇ ਚਾਰ ਥੰਮਾਂ ਵਿੱਚੋਂ ਇੱਕ ਹੈ। ਮੀਡੀਆ ਨੂੰ ਸਮਾਜ ਦਾ ਦਰਪਣ ਅਤੇ ਦੀਪਕ ਦੋਨੋਂ ਮੰਨਿਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ  ਕਿ ਦਰਪਣ ਦਾ ਕੰਮ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਹੈ ਤਾਂ ਕਿ ਸਮਾਜ ਦੀ ਹੂ-ਬ-ਹੂ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਗ਼ਲਤ, ਝੂਠੀ, ਕਾਲਪਨਿਕ ਅਤੇ ਘਿਣੌਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਜੇਕਰ ਪ੍ਰੈਸ ਹੀ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਨੂੰ ਕਾਨੂੰਨੀ ਤੌਰ ਤੇ ਭਾਰਤ ਦੇ ਸੰਵਿਧਾਨ ਵਿੱਚ ਸੋਧ ਦੁਆਰਾ ਸੁਰੱਖਿਅਤ ਕੀਤਾ ਗਿਆ ਹੈ, ਜਦੋਂ ਕਿ ਸੁਤੰਤਰ ਪੱਤਰਕਾਰੀ ਲਈ ਇੱਕ ਹਾਈਬ੍ਰਿਡ ਕਾਨੂੰਨੀ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਭਾਰਤ ਦੇ ਕਾਨੂੰਨ ਦੁਆਰਾ ਪ੍ਰਭੂਸੱਤਾ, ਰਾਸ਼ਟਰੀ ਅਖੰਡਤਾ ਅਤੇ ਨੈਤਿਕ ਸਿਧਾਂਤ ਆਮ ਤੌਰ ਤੇ ਸੁਰੱਖਿਅਤ ਕੀਤੇ ਜਾਂਦੇ ਹਨ। ਭਾਰਤ ਵਿੱਚ ਮੀਡੀਆ ਪੱਖਪਾਤ ਜਾਂ ਗੁੰਮਰਾਹਕੁੰਨ ਜਾਣਕਾਰੀ ਨੂੰ ਦੇਸ਼ ਦੇ ਸੰਵਿਧਾਨ ਦੁਆਰਾ ਵਰਣਨ ਕੀਤੇ ਗਏ ਕੁਝ ਸੰਵਿਧਾਨਕ ਸੋਧਾਂ ਦੇ ਤਹਿਤ ਪ੍ਰਤਿਬੰਧਿਤ ਕੀਤਾ ਗਿਆ ਹੈ। ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਕੁਝ ਪਾਬੰਦੀਆਂ ਦੇ ਅਧੀਨ ਹੈ। ਪ੍ਰਿੰਟ, ਟੈਲੀਵਿਜ਼ਨ, ਰੇਡੀਓ ਅਤੇ ਇੰਟਰਨੈਟ ਸਮੇਤ ਪ੍ਰੈਸ ਨੂੰ ਆਰਟੀਕਲ-19 ਜੋ 1950 ਤੋਂ ਲਾਗੂ ਹੋਇਆ ਵਰਗੀਆਂ ਚੁਣੀਆਂ ਗਈਆਂ ਵਿਵਸਥਾਵਾਂ ਅਧੀਨ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਨਾਮਾਤਰ ਤੌਰ ਤੇ ਸੋਧਿਆ ਗਿਆ ਹੈ। ਨਾਗਰਿਕਾਂ ਦੇ ਬੌਧਿਕ, ਨੈਤਿਕ ਅਤੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ, ਸਰਕਾਰ ਨੇ ਕਈ ਪਲੇਟਫਾਰਮਾਂ ਤੇ ਜਾਅਲੀ ਖ਼ਬਰਾਂ ਨੂੰ ਪ੍ਰਸਾਰਿਤ ਕਰਨ ਅਤੇ ਇਤਰਾਜ਼ਯੋਗ ਸਮੱਗਰੀਆਂ ਤੇ ਪਾਬੰਦੀ ਲਗਾਉਣ ਲਈ ਕਈ ਉਪਾਅ ਕੀਤੇ ਹਨ। ਸਾਲ 2020 ਵਿੱਚ ਸੂਚਨਾ ਦੀ ਆਜ਼ਾਦੀ ਦੇ ਅਧਿਕਾਰ ਦੀ ਰਾਖੀ ਲਈ ਸਮਰਪਿਤ ਇੱਕ ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਸਥਾ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੁਆਰਾ ਪ੍ਰਕਾਸ਼ਿਤ ਦੇਸ਼ਾਂ ਦੀ ਸਾਲਾਨਾ ਦਰਜਾਬੰਦੀ ਪ੍ਰੈਸ ਫਰੀਡਮ ਇੰਡੈਕਸ ਵਿੱਚ ਭਾਰਤ ਦੀ ਪ੍ਰੈਸ ਅਜ਼ਾਦੀ ਦਾ ਦਰਜਾ 180 ਵਿੱਚੋਂ 142ਵੇਂ ਨੰਬਰ ਤੇ ਆ ਗਿਆ ਹੈ। ਸਾਲ 2019 ਵਿੱਚ, ਦੇਸ਼ ਦੀ ਪ੍ਰੈਸ ਅਜ਼ਾਦੀ ਨੂੰ ਪ੍ਰੈਸ ਫਰੀਡਮ ਇੰਡੈਕਸ ਵਿੱਚ 140ਵਾਂ ਰੈਂਕ ਦਰਜ ਕੀਤਾ ਗਿਆ ਸੀ। ਭਾਰਤ ਦੀ ਗਲੋਬਲ ਇੰਡੈਕਸ ਰੈਂਕ ਕਈ ਮੁੱਦਿਆਂ ਜਿਵੇਂ ਕਿ ਪੱਤਰਕਾਰਾਂ ਦੀਆਂ ਹੱਤਿਆਵਾਂ, ਨਿਊਜ਼ ਮੀਡੀਆ ਤੇ ਲਗਾਈਆਂ ਪਾਬੰਦੀਆਂ, ਕਸ਼ਮੀਰ ਵਿੱਚ ਸੈਂਸਰਸ਼ਿਪ ਅਤੇ ਜੰਮੂ ਅਤੇ ਕਸ਼ਮੀਰ ਜੋ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਵਾਦ ਦਾ ਵਿਸ਼ਾ ਰਿਹਾ ਹੈ ਲਈ ਗਿਰਾਵਟ ਦਰਜ ਕੀਤੀ ਗਈ ਸੀ। ਪੱਤਰਕਾਰਾਂ ਵਿਰੁੱਧ ਸਰੀਰਕ ਸ਼ੋਸ਼ਣ ਅਤੇ ਪੱਖਪਾਤ ਵਿਸ਼ਵ ਰੈਂਕਿੰਗ ਸੂਚਕਾਂਕ ਵਿੱਚ ਗਿਰਾਵਟ ਦਾ ਇੱਕ ਹੋਰ ਕਾਰਨ ਹੈ। ਸਾਲ 2017 ਵਿੱਚ ਇਹ ਦਰਜਾ 180 ਦੇਸ਼ਾਂ ਵਿੱਚੋਂ 136 ਸੀ ਅਤੇ ਬਾਅਦ ਵਿੱਚ ਇਹ ਵਿਸ਼ਵ ਸੂਚਕਾਂਕ ਰਿਪੋਰਟ 2018 ਵਿੱਚ 138ਵੇਂ ਸਥਾਨ ਤੇ ਆ ਗਿਆ ਸੀ। ਵਰਲਡ ਪ੍ਰੈਸ ਫਰੀਡਮ ਇੰਡੈਕਸ ਦਾ 2022 ਐਡੀਸ਼ਨ ਜੋ 180 ਦੇਸ਼ਾਂ ਅਤੇ ਪ੍ਰਦੇਸ਼ਾਂ ਵਿੱਚ ਪੱਤਰਕਾਰੀ ਦੀ ਸਥਿਤੀ ਦਾ ਮੁਲਾਂਕਣ ਕਰਦਾ ਹੈ, ਇਹ ਦੱਸਦਾ ਹੈ ਕਿ ਭਾਰਤ ਦੀ ਰੈਂਕਿੰਗ 2016 ਵਿੱਚ 133 ਤੋਂ 2021 ਵਿੱਚ 150 ਤੱਕ ਪਹੁੰਚ ਗਈ ਹੈ। ਕਈ ਵਾਰ ਸਿਰਫ਼ ਸਰਕਾਰ ਦਾ ਪੱਖ ਪੂਰਣ ਵਾਲੀਆਂ ਖ਼ਬਰਾਂ ਸਥਾਨਕ ਮੀਡੀਆ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਜਦਕਿ ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਕਵਰ ਕਰਨ ਜਾਂ ਸਰਕਾਰ ਦੀ ਆਲੋਚਨਾ ਵਾਲੀਆਂ ਖ਼ਬਰਾਂ ਨੂੰ ਸਰਕਾਰ ਦੁਆਰਾ ਜਾਰੀ ਚੇਤਾਵਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਸ਼ੱਕ ਭਾਰਤ ਦਾ ਸੰਵਿਧਾਨ ਬੋਲਣ ਦੀ ਆਜ਼ਾਦੀ ਅਤੇ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ ਪਰੰਤੂ ਕਈ ਵਾਰ ਸਰਕਾਰਾਂ ਅਪਣੀ ਨੁਕਤਾਚੀਨੀ ਨੂੰ ਬਰਦਾਸਤ ਨਹੀਂ ਕਰਦੀਆਂ ਹਨ ਅਤੇ ਅਕਸਰ ਹੀ ਅਜਿਹੇ ਮੀਡੀਆ ਤੇ ਪਾਬੰਦੀ ਲਗਾ ਦਿੰਦੀਆਂ ਹਨ। ਭਾਰਤ ਸਰਕਾਰ ਨੇ ਵਿਦੇਸ਼ੀ ਨਿਊਜ਼ ਆਊਟਲੈਟਾਂ ਜਿਨ੍ਹਾਂ ਵਿੱਚ ਦਾ ਨਿਊਯਾਰਕ ਟਾਈਮਜ਼, ਦਾ ਗਾਰਡੀਅਨ, ਅਲ ਜਜ਼ੀਰਾ, ਦਾ ਵਾਸ਼ਿੰਗਟਨ ਪੋਸਟ, ਟਾਈਮ, ਦਾ ਇਕਨਾਮਿਸਟ, ਬੀਬੀਸੀ, ਅਤੇ ਹਫਿੰਗਟਨ ਪੋਸਟ ਸ਼ਾਮਲ ਹਨ ਆਦਿ ਵਿਰੁੱਧ ਭਾਰਤ ਦੀ ਤਸਵੀਰ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕਰਨ ਲਈ ਚੇਤਾਵਨੀਆਂ ਜਾਰੀ ਕੀਤੀਆਂ ਸਨ। ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰ ਅਕਸਰ ਮੁਜਰਮਾਨਾ ਮੁਕੱਦਮਿਆਂ ਤੋਂ ਪੀੜ੍ਹਿਤ ਹੁੰਦੇ ਹਨ। ਹਿੰਦੁਸਤਾਨ ਟਾਈਮਜ਼ ਦੇ ਸੰਪਾਦਕ ਬੌਬੀ ਘੋਸ਼ ਨੇ ਸਤੰਬਰ 2018 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਖਬਾਰ ਦੀ ਮਾਲਕ ਸ਼ੋਭਨਾ ਭਾਰਤੀ ਨਾਲ ਮੁਲਾਕਾਤ ਤੋਂ ਤੁਰੰਤ ਬਾਅਦ ਅਸਤੀਫਾ ਦੇ ਦਿੱਤਾ ਸੀ।ਇਹ ਘਟਨਾ ਉਦੋਂ ਵਾਪਰੀ ਜਦੋਂ ਘੋਸ਼ ਨੇ ਅਖਬਾਰ ਤੇ ਹੇਟ ਟਰੈਕਰ ਨਾਮ ਦਾ ਇੱਕ ਪੋਰਟਲ ਖੋਲ੍ਹਿਆ ਜੋ ਕਿ ਨਸਲ, ਧਰਮ ਅਤੇ ਜਿਣਸੀ ਰੁਝਾਨ ਦੁਆਰਾ ਪ੍ਰੇਰਿਤ ਹਿੰਸਕ ਅਪਰਾਧਾਂ ਨੂੰ ਟਰੈਕ ਕਰਨ ਲਈ ਇੱਕ ਡੇਟਾਬੇਸ ਹੈ ਅਤੇ ਡਾਟਾਬੇਸ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ ਸੀ। ਪੱਤਰਕਾਰ ਗੌਰੀ ਲੰਕੇਸ਼ ਧਰਮ ਨਿਰਪੱਖਤਾ ਦੀ ਸਮਰਥਕ ਅਤੇ ਸੱਜੇ-ਪੱਖੀ ਤਾਕਤਾਂ ਦੀ ਆਲੋਚਕ ਸੀ ਨੂੰ ਉਸਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2014 ਅਤੇ 2019 ਦੇ ਵਿਚਕਾਰ ਲੱਗਭੱਗ 40 ਪੱਤਰਕਾਰ ਮਾਰੇ ਗਏ ਅਤੇ ਪੱਤਰਕਾਰਾਂ ਤੇ ਘੱਟੋ-ਘੱਟ 198 ਗੰਭੀਰ ਹਮਲੇ ਹੋਏ ਜਿਨ੍ਹਾਂ ਵਿੱਚੋਂ 36 ਇਕੱਲੇ 2019 ਵਿੱਚ ਹੋਏ ਹਨ। ਭਾਰਤ ਵਿੱਚ ਸੱਤਾਧਾਰੀ ਪਾਰਟੀਆਂ ਦਾ ਸਮੱਰਥਨ ਕਰਨ ਵਾਲੀਆਂ ਮੀਡੀਆ ਰਿਪੋਰਟਾਂ ਦੀ ਅਕਸਰ ਇੱਕ ਤਰਫਾ ਅਤੇ ਅਤਿਕਥਨੀ ਹੋਣ ਕਰਕੇ ਆਲੋਚਨਾ ਕੀਤੀ ਜਾਂਦੀ ਹੈ ਜੋ ਸੱਚੀ ਜਾਣਕਾਰੀ ਇਕੱਠੀ ਕਰਨ ਅਤੇ ਆਪਣੇ ਪਲੇਟਫਾਰਮਾਂ ਤੇ ਪ੍ਰਚਾਰ ਪ੍ਰਦਾਨ ਕਰਨ ਵਿੱਚ ਬਹੁਤ ਘੱਟ ਜਾਂ ਕੋਈ ਭੂਮਿਕਾ ਨਹੀਂ ਨਿਭਾਉਂਦੀਆਂ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਨੂੰ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿੱਚ 180 ਦੇਸ਼ਾਂ ਵਿੱਚੋਂ 142ਵਾਂ ਰੈਂਕ ਪ੍ਰਾਪਤ ਹੈ ਜੋਕਿ ਖਤਰਨਾਕ ਸੰਕੇਤ ਹੈ।ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। 04 ਜੁਲਾਈ 1966 ਨੂੰ ਭਾਰਤ ਵਿੱਚ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸ ਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ ਉਦੋਂ ਤੋਂ ਲੈ ਕੇ ਅੱਜ ਤੱਕ ਹਰ ਸਾਲ 16 ਨਵੰਬਰ ਨੂੰ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਦੁਨੀਆਂ ਵਿੱਚ ਅੱਜ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਪਤਰਕਾਰਿਤਾ ਵਿੱਚ ਤੱਥਾਂ ਨੂੰ ਤੋੜ-ਮਰੋੜ ਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਅਕਸਰ ਹੀ ਖ਼ਬਰਾਂ ਵਿੱਚ ਪੱਖਪਾਤ ਅਤੇ ਅਸੰਤੁਲਨ ਦੇਖਣ ਨੂੰ ਮਿਲਦਾ ਹੈ ਅਤੇ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ। ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਅੱਜ ਸਾਡੇ ਸਮਾਜ ਅਤੇ ਦੇਸ਼ ਵਿੱਚ ਆਏ ਦਿਨ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ। ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਦੇਸ਼ ਦੀ ਪ੍ਰੈਸ ਤੇ ਸਭ ਤੋਂ ਮਾੜਾ ਸਮਾਂ ਦੇਸ਼ ਵਿੱਚ ਲਗਾਈ ਗਈ ਐਮਰਜੇਂਸੀ ਦੇ ਸਮੇਂ ਆਇਆ ਸੀ। ਭਾਰਤ ਵਿੱਚ ਪ੍ਰੈਸ ਨੂੰ ਅੱਧੀ ਆਜ਼ਾਦੀ ਹੀ ਪ੍ਰਾਪਤ ਹੈ। ਭਾਰਤ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੈ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ। ਪਿਛਲੇ ਸਮੇਂ ਦੋਰਾਨ ਮੀਡੀਆ ਵਿਸ਼ੇਸ ਤੋਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਵਾਰ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਕੰਮ ਨਹੀਂ ਕਰਦੇ ਹਨ ਅਤੇ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ। ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ  ਹੈ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਭਾਰਤੀਆ ਪ੍ਰੈਸ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਮਾਣਯੋਗ ਮਾਰਕੰਡੇ ਕਟਾਜੂ ਰਿਟਾਇਰਡ ਜੱਜ ਸੁਪਰੀਮ ਕੌਰਟ ਆਫ ਇੰਡੀਆ ਨੇ ਵੀ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਭਾਰਤ ਵਿੱਚ ਸਾਲ 2014 ਤੋਂ ਲੈ ਕੇ 2019 ਤੱਕ ਪਿਛਲੇ ਦੌਰਾਨ ਲੱਗਭੱਗ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਸਾਲ 2020-2021 ਦੌਰਾਨ ਭਾਰਤੀਆ ਪ੍ਰੈਸ ਪ੍ਰੀਸ਼ਦ ਕੋਲ 426 ਸ਼ਕਾਇਤਾਂ ਸਰਕਾਰੀ ਅਧਿਕਾਰੀਆਂ ਜਾਂ ਹੋਰ ਅਧਿਕਾਰੀਆਂ ਖਿਲਾਫ ਪ੍ਰੈਸ ਦੀ ਆਜ਼ਾਦੀ ਵਿੱਚ ਦਖਲਅੰਦਾਜ਼ੀ ਲਈ ਪ੍ਰਾਪਤ ਹੋਈਆਂ ਹਨ ਅਤੇ 2179 ਪੱਤਰਕਾਰਾਂ ਖਿਲਾਫ ਮਿਲੀਆਂ ਹਨ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਭਾਰਤੀਆ ਪ੍ਰੈਸ ਪ੍ਰੀਸ਼ਦ ਦੀ ਇੱਕ ਮੀਟਿੰਗ 19 ਸਤੰਬਰ 2011 ਨੂੰ ਹੋਈ ਸੀ ਜਿਸ ਵਿੱਚ ਪੱਤਰਕਾਰਾਂ ਦੀ ਸੁਰੱਖਿਆ ਲਈ ਸਬ-ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸਦੇ ਨਿਰਦੇਸ਼ਾਂ ਅਨੁਸਾਰ 17 ਅਕਤੂਬਰ 2011 ਨੂੰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ।

ਇਹ ਸਬ-ਕਮੇਟੀ ਦੇਸ਼ ਦੇ ਉਹਨਾਂ 11 ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਸ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਭਾਰਤੀਆ ਪ੍ਰੈਸ ਪ੍ਰੀਸ਼ਦ  ਨੇ ਲੋਕਤੰਤਰ ਦੇ ਚੋਥੇ ਥੰਮ ਦੀ ਰੱਖਿਆ ਲਈ ਸਰਕਾਰ ਨੂੰ ਸੁਝਾਅ ਦਿਤੇ ਹਨ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਨੂੰਨ ਬਣਾਇਆ ਜਾਵੇ ਜਿਸ ਵਿੱਚ ਇਹ ਸ਼ਾਮਿਲ ਕੀਤਾ ਜਾਵੇ ਕਿ ਜੋ ਵਿਅਕਤੀ ਕਿਸੇ ਕੰਮ ਕਰਦੇ ਪੱਤਰਕਾਰ ਜਾਂ ਸੰਪਾਦਕ ਤੇ ਕੋਈ ਹਮਲਾ ਕਰਦਾ ਹੈ ਤਾਂ ਉਸਨੂੰ ਸੱਖਤ ਸਜ਼ਾ ਦਿਤੀ ਜਾਵੇ, ਪੱਤਰਕਾਰਾਂ ਤੇ ਹਮਲਿਆਂ ਸਬੰਧੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਵਿੱਚ ਕੀਤੀ ਜਾਵੇ ਜਿੱਥੇ ਚਾਰਜ਼ਸ਼ੀਟ ਦਾਇਰ ਹੋਣ ਤੋਂ ਬਾਦ ਇੱਕ ਸਾਲ ਦੇ ਅੰਦਰ ਸੁਣਵਾਈ ਮੁਕੰਮਲ ਕੀਤੀ ਜਾਵੇ। ਜਦੋਂ ਵੀ ਕਿਸੇ ਪੱਤਰਕਾਰ ਦਾ ਕਤਲ ਹੋਵੇ ਤਾਂ ਸਾਰੀ ਜਾਂਚ ਸੀ ਵੀ ਆਈ ਤੋਂ ਕਰਵਾਈ ਜਾਵੇ ਜੋਕਿ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕੀਤੀ ਜਾਵੇ, ਪੱਤਰਕਾਰ ਖਿਲਾਫ ਕਿਸੇ ਵੀ ਤਰਾਂ ਦੇ ਮਾਮਲੇ ਵਿੱਚ ਕਾਰਵਾਈ ਡੀ ਜੀ ਪੀ ਦੀ ਜਾਂਚ ਰਿਪੋਰਟ ਤੋਂ ਬਾਦ ਹੀ ਕੀਤੀ ਜਾਵੇ, ਜੇਕਰ ਕੋਈ ਪੱਤਰਕਾਰ ਜਾਂ ਸੰਪਾਦਕ ਮਾਰਿਆ ਜਾਦਾ ਹੈ ਤਾਂ ਰਾਜ ਸਰਕਾਰ ਉਸਦੇ ਵਾਰਿਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ। ਹਰ ਰਾਜ ਵਿੱਚ ਰਾਜ ਪੱਧਰ ਦੀਆਂ ਕਮੇਟੀਆਂ ਬਣਾਉਣ ਦਾ ਵੀ ਸੁਝਾਅ ਦਿਤਾ ਜਿਸ ਵਿੱਚ ਪੱਤਰਕਾਰਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਨੁੰਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਹੱਕ ਅਤੇ ਸੋਚ ਦੀ ਆਵਾਜ਼ ਬੁਲੰਦ ਰਹਿ ਸਕੇ।

ਜੇਕਰ ਹੁਣ ਵੀ ਇਸ ਪ੍ਰਤੀ ਗੰਭੀਰਤਾ ਨਾਲ ਨਾ ਸੋਚਿਆ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਸਿਰਫ ਖਾਨਾ-ਪੂਰਤੀ ਬਣਕੇ ਹੀ ਰਹਿ ਜਾਵੇਗਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਕਪੁਰ ਵਿੱਚ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਆਯੋਜਿਤ

## ਵਿਦਿਆਰਥੀਆਂ 'ਚ ਵਿਗਿਆਨਿਕ ਦ੍ਰਿਸ਼ਟੀਕੋਣ ਪੈਦਾ ਕਰਨ, ਅੰਧਵਿਸ਼ਵਾਸ਼ ਦੂਰ ਕਰਨ ਤੇ ਸਾਇੰਸ ਵਿਸ਼ੇ ਦੀ ਪੜ੍ਹਾਈ ਨੂੰ ਹੋਰ ਸੁਖਾਲਾ ਤੇ ਕਿਰਿਆਸ਼ੀਲ ਬਣਾਉਣਾ ਪ੍ਰਦਰਸ਼ਨੀ ਦਾ ਉਦੇਸ਼









**ਪਠਾਨਕੋਟ, 2 ਨਵੰਬਰ (ਰਾਜਿੰਦਰ ਸਿੰਘ ਰਾਜਨ)** ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰਰੀਸ਼ਦ ਪੰਜਾਬ ਦੀਆਂ ਹਦਾਇਤਾਂ 'ਤੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਵਿਦਿਆਰਥੀਆਂ 'ਚ ਵਿਗਿਆਨਿਕ ਦ੍ਰਿਸ਼ਟੀਕੋਣ ਪੈਦਾ ਕਰਨ, ਅੰਧਵਿਸ਼ਵਾਸ਼ ਦੂਰ ਕਰਨ ਤੇ ਸਾਇੰਸ ਵਿਸ਼ੇ ਦੀ ਪੜ੍ਹਾਈ ਨੂੰ ਹੋਰ ਸੁਖਾਲਾ ਤੇ ਕਿਰਿਆਸ਼ੀਲ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਪੱਧਰ 'ਤੇ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਸਵੰਤ ਸਿੰਘ ਦੀ ਰਹਿਨੁਮਾਈ ਹੇਠ ਕੀਤਾ ਗਿਆ। ਡਿਪਟੀ ਡੀਈਓ ਸੈਕੰਡਰੀ ਰਾਜੇਸ਼ਵਰ ਸਲਾਰੀਆ ਅਤੇ ਪੜ੍ਹੋਂ ਪੰਜਾਬ ਪੜ੍ਹਾਓ ਪੰਜਾਬ ਟੀਮ ਵਿਗਿਆਨ ਦੇ ਸਹਿਯੋਗ ਨਾਲ ਆਯੋਜਿਤ ਇਸ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚ ਬਲਾਕ ਲੈਵਲ ਤੇ ਪਹਿਲਾਂ ਸਥਾਨ ਹਾਸਲ ਕਰਨ ਵਾਲੀਆਂ ਕੁੱਲ 14 ਟੀਮਾਂ ਨੇ ਭਾਗ ਲਿਆ। ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਕਿਰਿਆਵਾਂ ਅਤੇ ਮਾਡਲ ਪੇਸ਼ ਕੀਤੇ ਜਿਸ ਵਿੱਚ ਜਲ ਚੱਕਰ,ਜੰਤੂ ਸੈੱਲ/ ਪੌਦਾ ਸੈੱਲ,ਹਵਾ ਪ੍ਰਦੂਸ਼ਣ ਅਤੇ ਅਵਰਤੀ ਸਾਰਨੀ ਆਦਿ ਕਿਰਿਆਵਾਂ ਆਕਰਸ਼ਣ ਦਾ ਕੇਂਦਰ ਰਹੀਆਂ।

ਡੀਈਓ ਸੈਕੰਡਰੀ ਜਸਵੰਤ ਸਿੰਘ ਅਤੇ ਡਿਪਟੀ ਡੀਈਓ ਸੈਕੰਡਰੀ ਰਾਜੇਸ਼ਵਰ ਸਲਾਰੀਆ ਵੱਲੋਂ ਪ੍ਰਤੀਭਾਗੀਆਂ ਦੀ ਹੌਸ਼ਲਾ ਅਫਜ਼ਾਈ ਕੀਤੀ ਗਈ। ਵਿਗਿਆਨ ਪ੍ਰਦਰਸ਼ਨੀ ਵਿੱਚ ਜੱਜ ਦੀ ਭੂਮਿਕਾ ਰਾਜਨ ਕੁਮਾਰ, ਅਜੇ ਕੁਮਾਰ ਅਤੇ ਕਿਰਨ ਕੁਮਾਰ ਨੇ ਨਿਭਾਈ। ਡੀਐਮ ਸਾਇੰਸ ਸੰਜੀਵ ਸ਼ਰਮਾ ਨੇ ਦੱਸਿਆ ਕਿ ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨਾ ਅਤੇ ਵਿਦਿਆਰਥੀਆਂ ਅੰਦਰ ਲੁਕੀ ਹੋਈ ਪ੍ਰਤਿਭਾ ਨੂੰ ਸਭ ਦੇ ਸਾਹਮਣੇ ਲਿਆਉਣਾ ਹੈ। ਸਕੂਲ ਪ੍ਰਿੰਸੀਪਲ ਜੋਤੀ ਪਰਾਸ਼ਰ ਅਤੇ ਸਮੂਹ ਸਕੂਲ ਸਟਾਫ਼ ਨੇ ਇਸ ਪ੍ਰਦਰਸ਼ਨੀ ਨੂੰ ਸਫ਼ਲ ਬਣਾਉਣ ਲਈ ਮਹੱਤਵਪੂਰਨ ਸਹਿਯੋਗ ਦਿੱਤਾ। ਪ੍ਰਦਰਸ਼ਨੀ ਦੇ 6ਵੀਂ ਤੋਂ 8ਵੀਂ ਮਿਡਲ ਵਰਗ ਵਿੱਚ ਸਰਕਾਰੀ ਹਾਈ ਸਕੂਲ ਝੇਲਾ ਆਮਦਾ ਸ਼ਕਰਗੜ੍ਹ ਦੀ ਤਾਨਿਆ ਨੇ ਪਹਿਲਾਂ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਦੀ ਕੀਰਤੀ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਗਲ ਦੀ ਗਰਿਮਾ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਸੈਕੰਡਰੀ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਗਲ ਦੀ ਵਿਦਿਆਰਥਣ ਸਿਆ ਨੇ ਪਹਿਲਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੈਲੀ ਕੁੱਲੀਆਂ ਦੀ ਕੰਗਨਾ ਅਤੇ ਗਹਿਣਾ ਨੇ ਦੂਜਾ ਅਤੇ ਸਰਕਾਰੀ ਹਾਈ ਸਕੂਲ ਥਰਿਆਲ ਦੇ ਵਿਦਿਆਰਥੀ ਪੁਨੀਤ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਜ਼ਿਲ੍ਹਾ ਪੱਧਰ ਦੇ ਜੇਤੂ ਵਿਦਿਆਰਥੀ ਹੁਣ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਭਾਗ ਲੈਣਗੇ। ਇਸ ਮੌਕੇ ਤੇ ਰਜਨੀਸ਼ ਡੋਗਰਾ, ਮੋਹਨੀਸ਼, ਰਾਜੇਸ਼ ਸਲਵਾਨ, ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਗੌਰਮਿੰਟ ਸਕੂਲ ਪਿੰਡ ਗੋਈਵਾਲ (ਹੁਸ਼ਿਆਰਪੁਰ) ਦੀਆਂ ਸਰਗਰਮੀਆਂ ਦੀ ਇਕ ਝਲਕ



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)






GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



GOVT. PRIMARY SMART SCHOOL, GOIWAL BLOCK HAJIPUR (HOSHIARPUR)



Govt. Primary Smart School,Goiwal Block Hajipur (Hoshiarpur) School Has Reopened After 15 years in 2019



GOVT. PRIMARY SMART SCHOOL, GOIWAL BLOCK HAJIPUR (HOSHIARPUR)



# ਮੁਫ਼ਤ ਸਫ਼ਰ ਸਹੂਲਤ ਨੇ ਔਰਤਾਂ ਦੀ 'ਇੱਜ਼ਤ' ਘਟਾਈ



ਨਰਿੰਦਰ ਸੋਹਲ
+91 94641-13255

ਸੱਤਾ ਪ੍ਰਾਪਤ ਕਰਨ ਲਈ ਜਾਂ ਸੱਤਾ ਵਿੱਚ ਬਣੇ ਰਹਿਣ ਲਈ ਰਾਜਨੀਤਕ ਧਿਰਾਂ ਆਮ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮੁਫ਼ਤ ਸਹੂਲਤਾਂ ਦੇਣ ਦਾ ਲਾਲਚ ਦੇ ਕੇ ਵੋਟਾਂ ਬਟੋਰਦੀਆਂ ਹਨ। ਸੱਤਾ ਪ੍ਰਾਪਤੀ ਤੋਂ ਬਾਅਦ ਬਹੁਤੀਆਂ ਸਹੂਲਤਾਂ ਬਾਰੇ ਤਾਂ ਭੁੱਲ ਭੁਲਾ ਜਾਂਦੀਆਂ ਹਨ। ਜੇ ਕੁੱਝ ਸਹੂਲਤਾਂ ਦਿੱਤੀਆਂ ਵੀ ਜਾਂਦੀਆਂ ਤਾਂ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਂਦਾ ਜਿਵੇਂ ਦੇਣ ਵਾਲਾ ਮਾਲਕ ਹੋਵੇ ਤੇ ਲੈਣ ਵਾਲਾ ਗੁਲਾਮ। ਮੁਫ਼ਤ ਕਣਕ, ਆਟਾ, ਦਾਲ ਵਗੈਰਾ ਵੰਡਣ ਲੱਗਿਆ ਸੱਤਾਧਾਰੀ ਧਿਰ ਦਾ ਛੋਟੇ ਤੋਂ ਛੋਟਾ ਵਰਕਰ ਵੀ ਇਸ ਤਰ੍ਹਾਂ ਰੋਹਬ ਮਾਰਦਾ ਜਿਵੇਂ ਇਹ ਸਭ ਆਪਣੀ ਜੇਬ ਚੋਂ ਦੇ ਰਹੇ ਹੋਣ। ਜਦਕਿ ਇਹ ਲੋਕਾਂ ਦਾ ਹੀ ਪੈਸਾ ਹੁੰਦਾ ਹੈ। ਟੈਕਸ ਦੇ ਰੂਪ ਵਿੱਚ ਇਕੱਠੇ ਕੀਤੇ ਪੈਸਿਆਂ ਚੋਂ ਮੁੱਠੀ ਭਰ ਖਰਚ ਕੇ ਲੋਕਾਂ ਨੂੰ ਬੇਵਕੂਫ ਬਣਾਇਆ ਜਾਂਦਾ ਹੈ। ਅਸਲ ਵਿੱਚ ਵੱਡੀ ਗਿਣਤੀ ਇਹ ਨਹੀਂ ਜਾਣਦੀ ਕਿ ਉਹ ਟੈਕਸ ਰਾਹੀਂ ਸਰਕਾਰੀ ਖ਼ਜ਼ਾਨਾ ਭਰਦੀ ਹੈ। ਆਮ ਲੋਕ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਅਸੀਂ ਤਾਂ ਕੋਈ ਟੈਕਸ ਨਹੀਂ ਦਿੰਦੇ। ਜਦਕਿ ਸਵੇਰੇ ਉਠਦਿਆਂ ਬਰੱਸ਼ ਤੋਂ ਲੈਕੇ ਰਾਤ ਸੌਣ ਤੱਕ ਹਰ ਵਰਤੋਂ ਦੀ ਚੀਜ਼ ਉਤੇ ਟੈਕਸ ਲੱਗਾ ਹੁੰਦਾ ਜੋ ਹਰ ਚੀਜ਼ ਖਰੀਦਣ ਸਮੇਂ ਹੀ ਅਦਾ ਕਰ ਦਿੱਤਾ ਜਾਂਦਾ ਹੈ। ਜੇ ਇਹ ਗੱਲ ਆਮ ਲੋਕਾਂ ਨੂੰ ਸਮਝ ਆ ਜਾਵੇ ਤਾਂ ਇਜ਼ਤਦਾਰ ਜ਼ਿੰਦਗੀ ਜੀਵੀ ਜਾ ਸਕਦੀ ਕਿਉਂਕਿ ਮੁਫ਼ਤ ਦੀਆਂ ਚੀਜ਼ਾਂ ਇਜ਼ਤ ਘਟਾ ਦਿੰਦੀਆਂ ਨੇ।

ਹੁਣ ਗੱਲ ਕਰਦੇ ਹਾਂ ਮੁਫ਼ਤ ਸਫ਼ਰ ਸਹੂਲਤ ਬਾਰੇ, ਜਿਸ ਤਹਿਤ ਔਰਤਾਂ ਦਾ ਅਪਮਾਨ ਹੋ ਰਿਹਾ ਹੈ। ਕੈਪਟਨ ਅਮਰਿੰਦਰ ਦੀ ਸਰਕਾਰ ਸਮੇਂ ਇਹ ਸਹੂਲਤ ਪੰਜਾਬ ਵਾਸੀ ਔਰਤਾਂ ਨੂੰ ਦਿੱਤੀ ਗਈ ਸੀ। ਅਸਲ ਵਿੱਚ ਕੈਪਟਨ ਨੇ ਸੱਤਾ ਪ੍ਰਾਪਤ ਕਰਨ ਸਮੇਂ ਪਹਿਲਾਂ ਇਹ ਕਿਹਾ ਸੀ ਕਿ ਇਹ ਉਸਦੀ ਆਖਰੀ ਚੋਣ ਹੈ। ਪਰ ਕੁਰਸੀ 'ਤੇ ਬੈਠਣ ਤੋਂ ਬਾਅਦ ਫਿਰ ਚੋਣ ਲੜਨ ਦਾ ਲਾਲਚ ਆ ਗਿਆ ਤੇ ਇਸੇ ਲਾਲਚਵੱਸ ਹੀ ਸ਼ਾਇਦ ਵੋਟਾਂ ਪੱਕੀਆਂ ਕਰਨ ਲਈ ਔਰਤਾਂ ਨੂੰ ਮੁਫ਼ਤ ਸਫ਼ਰ ਸਹੂਲਤ ਦਿੱਤੀ ਗਈ ਸੀ। ਪਰ ਕਾਂਗਰਸ ਹਾਈਕਮਾਨ ਨੇ ਅਚਾਨਕ ਕੈਪਟਨ ਥੱਲਿਓਂ ਕੁਰਸੀ ਖਿੱਚ ਕੇ ਉਸਦੇ ਸੁਪਨੇ ਨੂੰ ਚਕਨਾਚੂਰ ਕਰ ਦਿੱਤਾ ਤੇ ਪੰਜਾਬ ਦੀ ਕਮਾਂਡ ਚੰਨੀ ਦੇ ਹਵਾਲੇ ਕਰ ਦਿੱਤੀ। ਇਹਨਾਂ ਹਾਲਾਤਾਂ ਦੌਰਾਨ ਬਹੁਤੀਆਂ ਔਰਤਾਂ ਇਹ ਸਮਝਣ ਲੱਗੀਆਂ ਕਿ ਹੁਣ ਬੱਸਾਂ ਵਿੱਚ ਮੁਫ਼ਤ ਸਫ਼ਰ ਸਹੂਲਤ ਖ਼ਤਮ ਹੋ ਗਈ ਹੈ ਤੇ ਉਹ ਡਰਦੀਆਂ ਡਰਦੀਆਂ ਆਧਾਰ ਕਾਰਡ ਕੱਢਦੀਆਂ। ਅਸਲ 'ਚ ਜਦੋਂ ਨੀਤੀਆਂ ਦੀ ਬਜਾਏ ਚਿਹਰਿਆਂ ਦੀ ਰਾਜਨੀਤੀ ਭਾਰੂ ਹੋਵੇ, ਫਿਰ ਇਹੀ ਕੁੱਝ ਹੁੰਦਾ ਹੈ। ਮੁਫ਼ਤ ਸਫ਼ਰ ਸਹੂਲਤ ਨੇ ਜੋ ਹਾਲ ਕੀਤਾ ਹੈ ਬਿਆਨ ਕਰਨਾ ਸੌਖਾ ਨਹੀਂ। ਪਹਿਲੇ ਤਾਂ ਇਸ ਸਹੂਲਤ ਨੇ ਬੱਸਾਂ ਦੇ ਨਾਮ ਹੀ ਬਦਲ ਦਿੱਤੇ ਹਨ। ਪੇਂਡੂ ਔਰਤਾਂ ਜ਼ਿਆਦਾਤਰ ਇਹ ਹੀ ਪੁੱਛਦੀਆਂ ਹਨ ਕਿ ਕੀ ਇਹ ਆਧਾਰ ਕਾਰਡ ਵਾਲੀ ਬੱਸ ਏ? ਪਹਿਲਾਂ ਕੈਪਟਨ ਵਾਲੀ ਬੱਸ ਕਹਿੰਦੀਆਂ ਸਨ।

ਸਰਕਾਰੀ ਬੱਸਾਂ ਵਿੱਚ ਜਿਥੇ ਵਿਦਿਆਰਥੀਆਂ ਨੂੰ ਫ੍ਰੀ ਪਾਸ ਦੀ ਸਹੂਲਤ ਹੁੰਦੀ ਹੈ, ਉਥੇ ਪੁਲਿਸ ਵਿਭਾਗ, ਬੁਢਾਪਾ ਤੇ ਅੰਗਹੀਣ ਵਿਅਕਤੀਆਂ ਦੇ ਵੀ ਪਾਸ ਬਣੇ ਹੁੰਦੇ ਹਨ। ਪਰ ਔਰਤਾਂ ਲਈ ਮੁਫ਼ਤ ਸਫ਼ਰ ਸਹੂਲਤ ਨੇ ਸਭ ਨੂੰ ਪ੍ਰੇਸ਼ਾਨੀ ਵਿੱਚ ਪਾ ਦਿੱਤਾ ਹੈ। ਖਾਸ ਕਰਕੇ ਰੋਜ਼ਾਨਾ ਸਫ਼ਰ ਕਰਨ ਵਾਲੇ ਭਾਰੀ




ਪ੍ਰੇਸ਼ਾਨੀ ਵਿਚੋਂ ਗੁਜ਼ਰਦੇ ਹਨ। ਸਰਕਾਰੀ ਬੱਸਾਂ ਵਿੱਚ ਪੈਰ ਰੱਖਣ ਨੂੰ ਥਾਂ ਨਹੀਂ ਮਿਲਦੀ। ਪਾਸ ਵਾਲੇ ਤਾਂ ਚੜ੍ਹਨੋਂ ਵੀ ਰਹਿ ਜਾਂਦੇ ਜਾਂ ਬਿਨਾਂ ਸੀਟ ਲੰਮਾ ਸਫ਼ਰ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹਨਾਂ ਹਾਲਾਤਾਂ ਵਿੱਚ ਕਈ ਲੋਕ ਔਰਤਾਂ ਨੂੰ ਬੋਲ ਕਬੋਲ ਬੋਲਣ ਲੱਗੇ ਕਸਰ ਨਹੀਂ ਛੱਡਦੇ। ਵਧੇਰੇ ਬੇਇੱਜ਼ਤੀ ਤਾਂ ਉਦੋਂ ਮਹਿਸੂਸ ਹੁੰਦੀ ਜਦੋਂ ਟਿਕਟ ਕੱਟਣ ਲੱਗਿਆ, ਕੁੱਝ ਕੰਡੈਕਟਰਾਂ ਵੱਲੋਂ ਰੁੱਖਾ ਵਤੀਰਾ ਕੀਤਾ ਜਾਂਦਾ। ਉਹ ਔਰਤਾਂ ਨੂੰ ਮਾਤਾ ਜਾਂ ਭੈਣ ਨਹੀਂ ਸਗੋਂ ਆਧਾਰ ਕਾਰਡ ਵਾਲੀਆਂ, ਵਿਹਲੀਆਂ ਆਦਿ ਕਹਿ ਕੇ ਬਲਾਉਂਦੇ ਹਨ। ਕਈ ਵਾਰ ਤਾਂ ਜੇ ਕੋਈ ਔਰਤ ਆਧਾਰ ਕਾਰਡ ਫੜਾ ਕੇ ਥਾਂ ਦੱਸਣ 'ਚ ਦੇਰ ਕਰ ਦੇਵੇ ਤਾਂ ਕਹਿਣਗੇ, "ਮੌਜ਼ ਨਾਲ ਬੈਠੀ ਜਿਵੇਂ ਆਧਾਰ ਕਾਰਡ 'ਤੇ ਜਾਂ ਮੂੰਹ 'ਤੇ ਲਿਖਿਆ ਕਿ ਕਿਥੇ ਜਾਣਾ।" ਸੀਟਾਂ ਪਿੱਛੇ ਔਰਤਾਂ ਦੀ ਆਪਸੀ ਲੜਾਈ ਨੇ ਵੀ ਬਹੁਤ ਇੱਜ਼ਤ ਘਟਾਈ ਏ, ਉਹ ਮਜ਼ਾਕ ਦਾ ਪਾਤਰ ਬਣ ਜਾਂਦੀਆਂ ਨੇ।

ਕਰੋਨਾ ਦੀ ਦੂਜੀ ਲਹਿਰ ਸਮੇਂ ਸਰਕਾਰ ਵੱਲੋਂ ਬੱਸਾਂ ਵਿੱਚ ਸਵਾਰੀਆਂ ਦੀ ਗਿਣਤੀ ਸੀਮਤ ਕੀਤੀ ਗਈ ਤਾਂ ਔਰਤਾਂ ਉਤੇ ਜਿਵੇਂ ਮੁਸੀਬਤਾਂ ਦਾ ਪਹਾੜ ਹੀ ਡਿੱਗ ਪਿਆ। ਉਹ ਤਿੰਨ ਤਿੰਨ ਘੰਟੇ ਵੀ ਅੱਡਿਆਂ ਵਿਚ ਖੜੀਆਂ ਰਹਿਣ ਲਈ ਮਜਬੂਰ ਹੋ ਗਈਆ ਸਨ। ਸਭ ਤੋਂ ਵੱਡੀ ਮੁਸੀਬਤ ਛੋਟੇ ਅੱਡਿਆਂ ਤੋਂ ਚੜ੍ਹਨ ਵਾਲਿਆਂ ਲਈ ਬਣ ਗਈ ਕਿਉਂਕਿ ਬੱਸਾਂ ਮੁੱਖ ਅੱਡਿਆਂ ਵਿਚੋਂ ਹੀ ਭਰੀਆਂ ਆਉਣ ਕਾਰਨ ਇਥੇ ਰੁਕਦੀਆਂ ਹੀ ਨਾ। ਔਰਤਾਂ ਪ੍ਰਾਈਵੇਟ ਬੱਸਾਂ ਵਾਲਿਆਂ ਦੇ ਤਾਨੇ ਮਿਹਣੇ ਸੁਣਦਿਆਂ ਪ੍ਰਾਈਵੇਟ ਬੱਸ ਵਿੱਚ ਹੀ ਚੜਨ ਲਈ ਮਜਬੂਰ ਹੁੰਦੀਆਂ। ਅੱਜ ਵੀ ਕਈ ਥਾਵਾਂ ਤੇ ਇਹੀ ਹਾਲ ਹੈ। ਮੈਂ ਵਧੇਰੇ ਸਫ਼ਰ ਵਿੱਚ ਹੀ ਰਹਿੰਦੀ ਹਾਂ ਤੇ ਪਹਿਲਾਂ ਪਾਸ ( ਅੰਗਹੀਣ) ਦੀ ਸਹੂਲਤ ਹੋਣ ਕਾਰਨ ਅੱਧੀ ਟਿਕਟ ਲੱਗਦੀ ਸੀ ਪਰ ਸੀਟ ਮਿਲ ਜਾਂਦੀ ਸੀ। ਹੁਣ ਤਾਂ ਕਈ ਵਾਰ ਮੋਗੇ ਤੋਂ ਅੰਮ੍ਰਿਤਸਰ ਤੱਕ ਦਾ ਸਫ਼ਰ ਵੀ ਖੜਕੇ ਕਰਨਾ ਪਿਆ ਹੈ। ਪਿੱਛੇ ਝਾਤ ਮਾਰੀਏ ਤਾਂ ਸੋਚਦੇ ਉਦੋਂ ਬੱਚੇ ਵਾਲੀ ਸਵਾਰੀ ਤੇ ਬਜ਼ੁਰਗਾਂ ਦਾ ਮਾਣ ਸਨਮਾਨ ਹੁੰਦਾ ਸੀ। ਕੰਡਕਟਰ ਆਪ ਸੀਟ ਦਿਵਾਉਣ ਵਿੱਚ ਮਦਦ ਕਰਦਾ ਸੀ ਜਾਂ ਕੋਈ ਸਵਾਰੀ ਆਪ ਉਠ ਕੇ ਉਸ ਲਈ ਸੀਟ ਛੱਡ ਦਿੰਦੀ ਸੀ। ਪਰ ਹੁਣ ਤਾਂ ਇਹ ਸਭ ਵੀ ਖਤਮ ਹੋ ਗਿਆ। ਬਜ਼ੁਰਗ ਤੇ ਬੱਚੇ ਵਾਲੀ ਸਵਾਰੀ ਵੀ ਖੜਕੇ ਸਫ਼ਰ ਕਰਨ ਲਈ ਮਜਬੂਰ ਹੈ। ਮੇਰੇ ਕੋਲ ਜੇ ਸੀਟ ਹੋਵੇ ਤਾਂ ਕੋਸ਼ਿਸ਼ ਕਰਦੀ ਹਾਂ ਕਿਸੇ ਦਾ ਬੱਚਾ ਫੜ ਕੇ ਗੋਦ ਵਿੱਚ ਬਿਠਾਉਣ ਜਾਂ ਕੋਈ ਸਮਾਨ ਵਗੈਰਾ ਫੜਨ ਦੀ ਤਾਂ ਕਿ ਖੜੀ ਸਵਾਰੀ ਨੂੰ ਕੁੱਝ ਰਾਹਤ ਮਿਲ ਸਕੇ। ਲੰਮੇ ਸਫ਼ਰ ਕਾਰਨ ਸੀਟ ਛੱਡ ਕੇ ਖੜਨਾ ਮੇਰੇ ਲਈ ਵੀ ਸੌਖਾ ਨਹੀਂ ਹੁੰਦਾ। ਬਹੁਤੇ ਲੋਕ ਔਰਤਾਂ ਦੀ ਤਕਲੀਫ਼ ਨਹੀਂ ਸਮਝਦੇ ਸਗੋਂ ਉਲਟਾ ਮਜ਼ਾਕ ਕਰਦਿਆਂ ਕਹਿਣਗੇ ' ਜੇ ਤੁਹਾਨੂੰ ਕੋਈ ਤਕਲੀਫ਼ ਹੈ ਤਾਂ ਫਿਰ ਮੁਫ਼ਤ ਸਫ਼ਰ ਕਿਉਂ ਕਰਦੀਆਂ ਜੇ'। ਇਹ ਨਹੀਂ ਸਮਝਦੇ ਕਿ ਜੇ ਸਹੂਲਤ ਮਿਲੀ ਏ ਫਿਰ ਲੈਣ ਕਿਉਂ ਨਾ। ਸਾਡੀ ਕਮਜ਼ੋਰ ਆਰਥਿਕਤਾ ਵੀ ਅਜਿਹੀਆਂ ਸਹੂਲਤਾਂ ਇਸਤੇਮਾਲ ਕਰਨ ਲਈ ਜ਼ਿੰਮੇਵਾਰ ਹੈ ਕਿਉਂਕਿ ਬਹੁਤੀ ਵਾਰ ਕਿਸੇ ਦੇ ਦੁੱਖਦੇ ਸੁੱਖਦੇ ਜਾਣ ਲਈ ਜੇਬ ਵਿੱਚ ਪੈਸਾ ਹੀ ਨਹੀਂ ਹੁੰਦਾ। ਜਦੋਂ ਦੀ ਮੁਫ਼ਤ ਸਫ਼ਰ ਸਹੂਲਤ ਮਿਲੀ ਹੈ ਪਰਿਵਾਰ ਵੱਲੋਂ ਹੀ ਔਰਤਾਂ ਨੂੰ ਇਹ ਡਿਊਟੀ ਨਿਭਾਉਣ ਲਈ ਕਿਹਾ ਜਾਂਦਾ ਹੈ। ਇਸ ਲਈ ਮਜ਼ਬੂਰੀ ਵਿੱਚ ਵੀ ਉਹਨਾਂ ਨੂੰ ਸਫ਼ਰ ਕਰਨਾ ਪੈਂਦਾ ਹੈ। ਪਰ ਕੁੱਝ ਔਰਤਾਂ ਇਸਦਾ ਨਜਾਇਜ਼ ਫਾਇਦਾ ਵੀ ਚੁੱਕ ਰਹੀਆਂ ਹਨ। ਇਥੇ ਇੱਕ ਘਟਨਾ ਦਾ ਜ਼ਿਕਰ ਕਰਨਾ ਚਾਹੁੰਦੀ ਹਾਂ। ਕੁੱਝ ਦਿਨ ਪਹਿਲਾਂ ਮੈਂ ਮੋਗੇ ਅੱਡੇ 'ਚੋ ਸਵੇਰੇ 9 ਕੁ ਵਜੇ ਅੰਮ੍ਰਿਤਸਰ ਜਾਣ ਵਾਲੀ ਬੱਸ ਵਿੱਚ ਸਵਾਰ ਹੋਈ ਤਾਂ ਸਾਰੀਆਂ ਸੀਟਾਂ 'ਤੇ ਸਵਾਰੀਆਂ ਬੈਠੀਆਂ ਤੇ ਕੁੱਝ ਕੁ ਖੜੀਆਂ ਹੋਈਆਂ ਸਨ। ਮੈਂ ਹਰ ਪਾਸੇ ਨਿਗਾਹ ਮਾਰੀ ਤਾਂ ਕਿ ਅੰਦਾਜ਼ਾ ਲਗਾਇਆ ਜਾ ਸਕੇ ਕਿ ਕੀ ਅਗਲੇ ਅੱਡੇ ਤੱਕ ਸੀਟ ਮਿਲ ਸਕਦੀ ਕਿ ਨਹੀਂ। ਵੇਖਣ ਤੇ ਪਤਾ ਲੱਗਾ ਕਿ ਵਧੇਰੇ ਸਵਾਰੀਆਂ ਹਰਿਮੰਦਰ ਸਾਹਿਬ ਜਾਣ ਵਾਲੀਆਂ ਹਨ ਕਿਉਂਕਿ ਉਹਨਾਂ ਕੋਲ ਵੱਡੇ ਵੱਡੇ ਬੈਗ ਸਨ। ਤਕਰੀਬਨ ਸਾਰੀਆਂ ਸਵਾਰੀਆਂ ਰੋਟੀ ਤੇ ਚਾਹ ਵਿੱਚ ਰੁੱਝੀਆਂ ਹੋਈਆਂ ਸਨ। ਇਸ ਦੌਰਾਨ ਮੇਰੀ ਨਿਗਾਹ ਪਈ ਕਿ ਇੱਕ ਤਿੰਨਾਂ ਵਾਲੀ ਸੀਟ 'ਤੇ ਸਿਰਫ ਦੋ ਔਰਤਾਂ ਹਨ ਤੇ ਉਹਨਾਂ ਤੀਜੀ ਸੀਟ ਤੇ ਸਿਰਫ ਰੋਟੀ ਦੇ ਲਫਾਫੇ ਖੋਲ ਕੇ ਰੱਖੇ ਹੋਏ ਹਨ। ਮੈਨੂੰ ਲੱਗਾ ਇਹਨਾਂ ਨਾਲ ਦੀ ਸਵਾਰੀ ਸ਼ਾਇਦ ਥੱਲੇ ਹੋਵੇ ਕਿਉਂਕਿ ਬੱਸ ਹਾਲੇ ਚੱਲੀ ਨਹੀਂ ਸੀ। ਪੰਜ ਕੁ ਮਿੰਟ ਬਾਅਦ ਬੱਸ ਚੱਲ ਪਈ। ਖੜੇ ਹੋਣ ਕਾਰਨ ਹਰ ਪਾਸੇ ਨਿਗਾਹ ਵੱਜ ਹੀ ਜਾਂਦੀ ਹੈ ਤਾਂ ਮੈਂ ਵੇਖਿਆ ਦੋਵੇਂ ਔਰਤਾਂ ਆਰਾਮ ਨਾਲ ਚਾਹ ਪੀ ਰਹੀਆਂ ਹਨ ਪਰ ਕੋਈ ਹੋਰ ਸਵਾਰੀ ਨਹੀਂ ਆਈ ਸੀ। ਮੈਂ ਸੀਟ ਬਾਰੇ ਪੁੱਛਣ ਲਈ ਮਜਬੂਰ ਹੋ ਗਈ ਤੇ ਪਤਾ ਲੱਗਣ ਤੇ ਬਹੁਤ ਗੁੱਸਾ ਆਇਆ ਕਿਉਂਕਿ ਉਹਨਾਂ ਦੱਸਿਆ ਸਾਡੇ ਨਾਲ ਦੀ ਸਵਾਰੀ ਅੱਗੇ ਕਿਸੇ ਅੱਡੇ ਤੋਂ ਚੜ੍ਹਨੀ ਏ। ਇਹ ਬਰਦਾਸ਼ਤ ਨਾ ਕਰਦਿਆਂ ਮੈਂ ਸੀਟ ਖਾਲੀ ਕਰਵਾ ਕੇ ਜਾ ਬੈਠੀ। ਹੈਰਾਨੀ ਦੀ ਗੱਲ ਕਿ ਮੇਰੇ ਹਰੀਕੇ ਉਤਰਨ ਤੱਕ ਵੀ ਉਹਨਾਂ ਨਾਲ ਦੀ ਕੋਈ ਸਵਾਰੀ ਨਹੀਂ ਚੜੀ ਸੀ।

ਇੱਕ ਇਹ ਗੱਲ ਵੀ ਮੇਰੀ ਸਮਝ ਵਿੱਚ ਨਹੀਂ ਆਈ ਕਿ ਪ੍ਰਾਈਵੇਟ ਬੱਸਾਂ ਹਰ ਅੱਡੇ ਵਿਚੋਂ ਹੋ ਕੇ ਆਉਂਦੀਆਂ ਹਨ ਪਰ ਸਰਕਾਰੀ ਬਾਹਰੋਂ ਬਾਹਰ ਕਿਉਂ? ਇੱਕ ਵਾਰ ਜਦੋਂ ਰੋਪੜ ਤੋਂ ਮੋਰਿੰਡਾ ਲਈ ਪ੍ਰਾਈਵੇਟ ਬੱਸ ਵਿੱਚ ਸਫ਼ਰ ਕੀਤਾ ਤਾਂ ਮੋਰਿੰਡੇ ਉਤਰਨ ਲੱਗਿਆਂ ਡਰਾਈਵਰ ਨੂੰ ਲੁਧਿਆਣਾ ਲਈ ਬੱਸ ਬਾਰੇ ਪੁੱਛਿਆ ਤਾਂ ਉਸਦਾ ਜਵਾਬ ਸੀ ਜੇ ਪੈਸੇ ਖਰਚਣੇ ਤਾਂ ਇਥੇ ਅੱਡੇ ਵਿੱਚ ਖੜ ਜਾਓ ਜੇ ਮੁਫ਼ਤ ਜਾਣਾ ਤਾਂ ਬਾਹਰ ਰੋਡ 'ਤੇ ਖੜੋ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਕਿ ਜਿਥੇ ਇਸ ਸਹੂਲਤ ਨੇ ਔਰਤਾਂ ਦੀ ਇੱਜ਼ਤ ਘਟਾਈ ਹੈ, ਉਥੇ ਇਹ ਸਰਕਾਰੀ ਖ਼ਜ਼ਾਨੇ ਉਤੇ ਵੀ ਬੋਝ ਹੈ। ਇੱਕ ਪਾਸੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਮਿਲਦੀਆਂ, ਉਹ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਹਨ ਤੇ ਦੂਜੇ ਪਾਸੇ ਮੁਫ਼ਤ ਸਫ਼ਰ ਸਹੂਲਤ ਨਾਲ ਅਦਾਰੇ ਉਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ। ਇਸ ਗੱਲ ਵਿੱਚ ਵੀ ਸਚਾਈ ਹੈ ਕਿ ਸਰਕਾਰਾਂ ਵੱਲੋਂ ਜਾਣਬੁੱਝ ਕੇ ਸਰਕਾਰੀ ਅਦਾਰਿਆਂ ਨੂੰ ਘਾਟੇ ਵਿੱਚ ਦਿਖਾ ਕੇ, ਪ੍ਰਾਈਵੇਟ ਹੱਥਾਂ ਨੂੰ ਸੌਂਪ ਦੇਣਾ ਆਮ ਗੱਲ ਹੋ ਗਈ ਹੈ। ਹਾਲਾਤਾਂ ਦੇ ਮੱਦੇਨਜ਼ਰ ਇਹ ਕਿਹਾ ਜਾ ਸਕਦਾ ਕਿ ਸਰਕਾਰ ਨੂੰ ਕਿਰਾਇਆ ਘੱਟ ਕਰਦਿਆਂ, ਮੁਫ਼ਤ ਸਫ਼ਰ ਸਹੂਲਤ ਖ਼ਤਮ ਕਰ ਦੇਣੀ ਚਾਹੀਦੀ ਹੈ।

# ਪੁਸਤਕ ਰਿਵਿਊ

## ਨਿੱਕੜਿਆਂ ਦੇ ਗੀਤ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਮੁਖਤਾਰ ਗਿੱਲ**
**ਪ੍ਰਕਾਸ਼ਕ: ਆਜ਼ਾਦ ਬੁਕ ਡੀਪੂ ਅੰਮ੍ਰਿਤਸਰ,**
**ਪੰਨੇ: 32, ਮੁੱਲ:100/-**

ਸਾਹਿਤ ਜਗਤ ਵਿਚ ਬੜੈ ਲੰਮੇ ਅਰਸੇ ਤੋਂ ਸਰਗਰਮ ਯੋਗਦਾਨ ਪਾ ਰਹੇ ਉੱਘੇ ਸਾਹਿਤਕਾਰ ਮੁਖਤਾਰ ਗਿੱਲ ਨੇ ਬਾਲ ਸਾਹਿਤ ਦੇ ਖੇਤਰ ਵਿਚ ਵੀ ਨਿੱਗਰ ਹਿੱਸਾ ਪਾਇਆ ਹੈ।ਬਾਲ ਨਾਵਲ ਤਿੰਨ ਲੇਲੇ, ਰੁੱਤਾਂ ਦੇ ਗੀਤ ਅਤੇ ਨਿੱਕੀ ਸਖੀ ਵਰਗੀਆਂ ਪੁਸਤਕਾਂ ਨਾਲ ਬਾਲ ਮਨਾਂ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਹੋਈ ਹੈ। ਉਹਨਾਂ ਦੀ ਹਰ ਪੁਸਤਕ ਦੀ ਪਾਠਕਾਂ ਵਲੋਂ ਤੀਬਰ




ਇੱਛਾ ਨਾਲ ਨਾਲ ਉਡੀਕ ਕੀਤੀ ਜਾਂਦੀ ਹੈ। ਇਸਦਾ ਕਾਰਨ ਇਹ ਹੈ ਕਿ ਉਹਨਾਂ ਦੀ ਹਰ ਵੰਨਗੀ ਵਿਚੋਂ ਬਾਲ ਜੀਵਨ ਅਤੇ ਬਾਲ ਮਨੋਵਿਗਿਆਨ ਦੇ ਝਲਕਾਰੇ ਪੈਂਦੇ ਹਨ। ਇਹ ਝਲਕਾਂ ਬਾਲ ਪਾਠਕਾਂ ਨੂੰ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਦਾ ਰਾਹ ਦਿਖਾਉਂਦੀਆਂ ਹਨ।

ਹੱਥਲੀ ਪੁਸਤਕ ਵਿਚ ਉਹਨਾਂ ਨੇ ਤੀਹ ਕਵਿਤਾਵਾਂ ਨੂੰ ਕੰਪਿਊਟਰ ਚਿੱਤਰਾਂ ਨਾਲ ਪ੍ਰਕਾਸ਼ਿਤ ਕੀਤਾ ਹੈ।ਇਹਨਾਂ ਕਵਿਤਾਵਾਂ ਵਿਚ ਜਿਥੇ ਬਚਪਨ ਦੀਆਂ ਕਿਲਕਾਰੀਆਂ ਸੁਣਾਈ ਦਿੰਦੀਆਂ ਹਨ ਉਥੇ ਉਹਨਾਂ ਅੰਦਰ ਉਪਜਦੀਆਂ ਕਲਾਕਾਰੀਆਂ ਨੂੰ ਵੀ ਵੰਨ ਸੁਵੰਨੇ ਢੰਗਾਂ ਨਾਲ ਚਿਤਰਿਆ ਗਿਆ ਹੈ।ਹਰ ਕਵਿਤਾ ਵਿਚ ਕੋਈ ਨਾ ਕੋਈ ਨਵਾਂ ਤੇ ਨਿਰਾਲਾ ਸੁਨੇਹਾ ਹੈ। ਮਨੋਰੰਜਨ ਵੀ ਹੈ ਤੇ ਗਿਆਨ ਵੀ। ਇਹ ਕਵਿਤਾਵਾਂ ਸਾਨੂੰ ਗਿਆਨ ਵਿਗਿਆਨ ਦੇ ਆਸਰੇ ਆਪਣੇ ਜੀਵਨ ਨੂੰ ਸ਼ਿੰਗਾਰਨ ਤੇ ਸੁਆਰਨ ਦਾ ਰਾਹ ਦਿਖਾਉਂਦੀਆਂ ਹਨ। ਕਾਵਿ ਕਲਾ ਨਾਲ ਭਰਪੂਰ ਕਵਿਤਾਵਾਂ ਵਿਚੋਂ ਕਾਵਿ ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਬਾਲ ਪਾਠਕ ਤਾਂ ਪੜ੍ਹਦੇ ਪੜ੍ਹਦੇ ਹੀ ਇਹਨਾ ਕਵਿਤਾਵਾਂ ਨੂੰ ਗੁਣਗੁਨਾਉਣ ਲਗ ਪੈਂਦੇ ਹਨ। ਫੁੱਲਾਂ ਦੀ ਕਿਆਰੀ, ਤਿਤਲੀ ਰਾਣੀ, ਰਸੀਲੇ ਅੰਬ, ਰੁੱਖ ਪਾਣੀ, ਬੁਲਬੁਲ ਰਾਣੀ, ਬਾਂਦਰ ਮਾਮੇ ਦਾ ਸਕੂਲ ਆਦਿ ਬੜੀਆਂ ਦਿਲਚਸਪ ਕਵਿਤਾਵਾਂ ਹਨ। ਇਹ ਪੁਸਤਕ ਮਨੋਰੰਜਕ ਢੰਗ ਨਾਲ ਆਧੁਨਿਕ ਜੀਵਨ ਦੀਆਂ ਸਿਫਤਾਂ ਅਤੇ ਊਣਤਾਈਆਂ ਬਾਰੇ ਵੀ ਵਾਕਫੀਅਤ ਕਰਵਾਉਂਦੀ ਹੈ। ਮਨਮੋਹਨ ਸਿੰਘ ਬਾਸਰਕੇ ਦੇ ਸਹਿਯੋਗ ਨਾਲ ਛਪੀ ਇਹ ਇਕ ਕੀਮਤੀ ਪੁਸਤਕ ਹੈ ਜਿਸਦਾ ਲਾਭ ਮਿਡਲ ਕਲਾਸਾਂ ਤਕ ਦੇ ਵਿਦਿਆਰਥੀ ਉਠਾ ਸਕਦੇ ਹਨ।

## ਪੁਸਤਕ ਸਮੀਖਿਆ

**ਕਾਵਿ ਪੁਸਤਕ: "ਬਲ਼ਦੇ ਭਾਂਬੜ"**
**ਕਾਵਿ ਸੰਗ੍ਰਹਿ ਲੇਖਕ: ਜਰਨੈਲ ਸਿੰਘ ਘੋਲੀਆਂ**
**ਸਮੀਖਿਆਕਾਰ: ਕੁਲਵੰਤ ਧਾਲੀਆਂ**
**ਫ਼ੋਨ: (559) 473-9264**

ਕੁਝ ਦਿਨ ਪਹਿਲਾ ਇਕ ਮੇਲੇ ਦੌਰਾਨ ਮੇਰੇ ਇਕ ਦੋਸ਼ਤ ਨੇ ਮੈਨੂੰ ਲੇਖਕ ਜਰਨੈਲ ਸਿੰਘ ਗਿੱਲ (ਘੋਲੀਆ) ਦੀ ਇਕ ਕਵਿ ਸੰਗ੍ਰਹਿ ਪੁਸਤਕ ਦਿੱਤੀ। ਉਸ ਮੇਲੇ ਵਿੱਚ ਰੁਝੇਵੇਂ ਅਤੇ ਮੀਡੀਏ ਪ੍ਰਤੀ ਜ਼ੁੰਮੇਵਾਰੀਆਂ ਕਰਕੇ ਪੁਸਤਕ ਦੇਣ ਵਾਲੇ ਉਸ ਦੋਸ਼ਤ ਦਾ ਮੈਂ ਧੰਨਵਾਦ ਤਾਂ ਕੀਤਾ, ਪਰ ਜ਼ਿਆਦਾ ਗੱਲ ਨਾ ਕਰ ਸਕਿਆ। ਜਦ ਕਿ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਉਸ ਪੁਸਤਕ ਦੀ ਮਿੱਥੀ ਕੀਮਤ ਜ਼ਰੂਰ ਉਸ ਨੂੰ ਦਿੰਦਾ, ਜਿਸ ਨੇ ਮਿਹਨਤ ਕਰਕੇ ਲਿਖਣ, ਪ੍ਰਕਾਸ਼ਤ ਕਰਨ ਤੋਂ ਇਲਾਵਾ ਸਾਡੇ ਤੱਕ ਇਹ ਪੁਸਤਕ ਰੂਪੀ ਗਿਆਨ ਪਹੁੰਚਦਾ ਕੀਤਾ ਹੈ। ਪਰ ਪੜਨ ਉਪਰੰਤ ਉਸ ਪੁਸਤਕ ਬਾਰੇ ਕੁਝ ਵਿਚਾਰਾ ਰਾਹੀ ਸਾਂਝ ਪਾਉਣ ਦੀ ਕੋਸ਼ਿਸ਼ ਜ਼ਰੂਰ ਕਰਾਂਗਾ।




ਜਰਨੈਲ ਸਿੰਘ ਘੋਲੀਆਂ ਦਾ ਕਾਵਿ ਸੰਗ੍ਰਹਿ "ਬਲ਼ਦੇ ਭਾਂਬੜ" ਸੱਚ-ਮੁੱਚ ਸਾਡੇ ਸਮਾਜ, ਖਾਸਕਰ ਪੰਜਾਬ, ਪੰਜਾਬੀਅਤ ਅਤੇ ਧਾਰਮਿਕ ਸੋਚ ਨੂੰ ਨਿਘਾਰ ਵੱਲ ਲਿਜਾ ਰਹੇ ਹਾਲਾਤਾਂ ਉੱਪਰ ਕਰਾਰੀ ਚੋਟ ਅਤੇ ਸੱਚੀਆਂ ਵਾਪਰ ਰਹੀਆਂ ਘਟਨਾਵਾਂ ਦਾ ਬਿਰਤਾਂਤ ਹੈ। ਜਿਸ ਵਿੱਚ ਲੇਖਕ ਸਾਡੇ ਵਿਰਸੇ ਦੇ ਵਾਰਸਾਂ ਨੂੰ ਇੰਨਾਂ ਬਲਦੇ ਭਾਂਬੜਾਂ ਦੀ ਗੱਲ ਕਰਦੇ ਹੋਏ ਜਿੱਥੇ ਉਹ ਆਪਣੇ ਹਾਵ-ਭਾਵ ਪ੍ਰਗਟ ਕਰਦਾ ਹੈ, ਉੱਥੇ ਆਪਣੇ ਲੋਕਾਂ ਪ੍ਰਤੀ ਫਿਕਰਮੰਦੀ ਅਤੇ ਤੜਪ ਦੇ ਨਾਲ-ਨਾਲ ਦਲੇਰੀ ਕਰਦੇ ਹੋਏ ਸੱਚ ਕਹਿਣ ਦੀ ਹਿੰਮਤ ਵੀ ਰੱਖਦਾ ਹੈ। ਹਰ ਕੋਈ ਲਿਖਣ ਵਾਲਾ ਕੁਝ ਵੀ ਚੰਗਾ-ਮਾੜਾ ਲਿਖ ਕੇ ਆਪਣੇ ਆਪ ਨੂੰ ਲੇਖਕ ਅਖਵਾ ਸਕਦਾ ਹੈ। ਪਰ ਅਸਲ ਲੇਖਕ ਉਹੀ ਹੈ ਜੋ ਸੱਚ 'ਤੇ ਪਹਿਰਾ ਦੇਵੇ। ਇਹੀ ਕਾਰਨ ਹੈ ਕਿ ਲੇਖਕ ਨੇ ਇਹ ਪੁਸਤਕ ਦੇ ਸੁਰੂਆਤ ਵਿੱਚ ਪੁਸਤਕ ਸਮਰਪਿਤ ਕਰਨ ਸੰਬੰਧੀ ਲਿਖਿਆ, "ਉਹਨਾਂ ਲੋਕ ਪੱਖੀ ਲਿਖਾਰੀਆਂ ਦੇ ਨਾਂ ਜਿਹਨਾਂ ਨੇ ਹਲਾਤਾਂ ਨਾਲ ਜੂਝਦੇ ਲੋਕਾਂ ਦੇ ਦੁੱਖ ਬਿਆਨ ਕੀਤੇ।"

ਬੇਸ਼ੱਕ ਮੈਂ ਜਰਨੈਲ ਸਿੰਘ ਘੋਲੀਆ ਨੂੰ ਨਿੱਜੀ ਤੋਰ 'ਤੇ ਨਹੀਂ ਜਾਣਦਾ। ਪਰ ਉਸਦੀਆਂ ਸਾਰੀਆਂ ਕਵਿਤਾਵਾ ਪੜਨ ਬਾਅਦ ਇਕ ਗੱਲ ਸਪੱਸਟ ਹੋ ਜਾਂਦੀ ਹੈ ਕਿ ਉਸ ਵਿੱਚ ਸਾਡੇ ਸਮਾਜ ਪ੍ਰਤੀ ਚਿੰਤਾ ਅਤੇ ਗਿਰਾਵਟ ਵੱਲ ਲਿਜਾ ਰਹੇ ਹਲਾਤਾ ਨਾਲ ਲੜਨ ਦੀ ਦਲੇਰੀ ਹੈ। ਜੋ ਸਾਰੀਆਂ ਹੀ ਕਵਿਤਾਵਾ 'ਚੋ ਝਲਕਦੀ ਹੈ। ਇਸੇ ਤਰ੍ਹਾਂ ਕਵਿਤਾਵਾਂ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਵੀ ਸਾਡੇ ਆਮ ਲੋਕਾਂ ਦੇ ਸਮਝ ਆਉਣ ਵਾਲੀ ਹੈ। ਅਜਿਹੀ ਸ਼ਬਦਾਵਲੀ ਅਕਸਰ ਪਾਠਕਾਂ ਨੂੰ ਆਦਿ ਤੋਂ ਅੰਤ ਤੱਕ ਆਪਣੇ ਨਾਲ ਜੋੜੀ ਰੱਖਦੀ ਹੈ।

ਇਸ ਪੁਸਤਕ ਨੂੰ ਸਾਹਿਬਦੀਪ ਪਬਲੀਕੇਸ਼ਨ ਪਟਿਆਲਾ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਹੈ। ਹਰ ਪੱਖ ਤੋਂ ਬਹੁਤ ਵਧੀਆਂ ਪੁਸਤਕ ਹੈ। ਜਿਸ ਵਿਚਲੀਆਂ ਸਾਰੀਆਂ ਹੀ ਕਵਿਤਾਵਾ ਸਮਾਜ ਵਿੱਚ ਹੋ ਰਹੀਆਂ ਅਣਹੋਣੀਆਂ, ਬੁਰਾਈਆਂ, ਵਹਿਮਾਂ-ਭਰਮਾਂ, ਰਾਜਨੀਤਿਕ ਲੁੱਟ, ਧਰਮ ਦੇ ਮੁਖੌਟੇ ਵਿੱਚ ਬੈਠੇ ਸੱਜਣ ਠੱਗਾਂ ਜਾਂ ਸਾਧਾਂ ਦੀ ਗੱਲ, ਪੁਰਾਣੇ ਅਤੇ ਨਵੇਂ ਸਮਾਜ ਦੇ ਰੂਪ ਅਤੇ ਇਨਸਾਨੀ ਬਦਲਦੀ ਨੀਅਤ ਵਰਗੇ ਬਹੁਤ ਸਾਰੇ ਵਿਸ਼ਿਆਂ ਰਾਹੀ ਆਪਣਾ ਜਾਗ੍ਰਿਤੀ ਦਾ ਸੁਨੇਹਾ ਦੇ ਕੇ ਜਾਂਦੀਆਂ ਹਨ। ਮੇਰੀ ਨਜ਼ਰੇ ਇਸ ਪੁਸਤਕ ਪੜਨਯੋਗ ਹੈ। ਇਸ ਨੂੰ ਜ਼ਰੂਰ ਪੜਨਾ ਚਾਹੀਦਾ ਹੈ। ਜਿਸ ਨਾਲ ਆਪਾ ਸਭ ਰਲ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਹਲਾਤਾ ਨੂੰ ਸਮਝ ਸਕੀਏ। ਬੇਸ਼ੱਕ ਇਸ ਨੂੰ ਆਪਣੀ-ਆਪਣੀ ਸੋਚ ਮੁਤਾਬਕ ਕੁਝ ਲੋਕ ਬਗਾਵਤੀ ਸੁਰ ਦੀਆਂ ਰਚਨਾਵਾਂ ਦੀ ਪੁਸਤਕ ਵੀ ਕਹਿ ਦੇਣ। ਪਰ ਅਸਲ ਵਿੱਚ ਇਹ ਪੁਸਤਕ ਜਾਗ੍ਰਤੀ ਸੁਰ ਦੀ ਪੁਸਤਕ ਹੈ। ਜੋ ਸਾਨੂੰ ਮੌਜੂਦਾ ਹਲਾਤਾ ਤੋਂ ਜਾਣੂ ਕਰਵਾਉਂਦੀ ਹੈ। ਮੇਰੇ ਵੱਲੋਂ ਜਰਨੈਲ ਸਿੰਘ ਘੋਲੀਆ ਨੂੰ ਪੁਸਤਕ ਦੇ ਰੂਪ ਵਿੱਚ ਹੱਕ ਅਤੇ ਸੱਚ ਦੀ ਅਵਾਜ਼ ਨੂੰ ਪੇਸ਼ ਕਰਨ ਲਈ ਮੁਬਾਰਕਾਂ। ਪਰਮਾਤਮਾ ਇੰਨਾਂ ਨੂੰ ਚੜਦੀਕਲਾ ਅਤੇ ਕਲਮ ਵਿੱਚ ਹੋਰ ਬਰਕਤਾਂ ਪਾਵੇ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |



Vinod Kumar Chumber (Chairman) 510-953-9800



Ram Lubhaya (President) 408-449-1105




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



Naresh Kumar (Secretary) 510-857-4551



Sohan Singh Dhanda (Treasurer) 510-200-6649


















## ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਗੁਰਪੁਰਬ ਦੇ ਮੌਕੇ ਸਪੈਸ਼ਲ ਫੀਚਰ

# ਬਾਬੇ ਨਾਨਕ ਦੀ ਸਿਖਿਆ ਅਤੇ ਪੰਜਾਬੀ ਸਿਨੇਮਾ



ਭੀਮ ਰਾਜ ਗਰਗ
91-98765-45157

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ (ਭਾਈ ਗੁਰੂਦਾਸ, ਵਾਰ ੧, ਪਉੜੀ ੨੭) ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551 ਸਾਲਾ ਪ੍ਰਕਾਸ਼ ਪੁਰਬ ਦੀਆਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਲੱਖ ਲੱਖ ਵਧਾਈਆਂ। ਸੱਚੇ ਪਾਤਸ਼ਾਹ ਕਿਰਪਾ ਕਰਨ ਕਿ ਇਸ ਸੁਭਾਗੇ ਅਵਸਰ ਤੇ ਸਾਨੂੰ ਉਹਨਾਂ ਦੀਆਂ ਪਾਵਨ ਸਿਖਿਆਵਾਂ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਆਦਰਸ਼ ਮਾਰਗ ਉਪਰ ਚਲਣ ਦਾ ਬਲ ਮਿਲੇ ਅਤੇ ਅਸੀ ਗੁਰਬਾਣੀ ਦੇ ਪਾਵਨ ਸੰਦੇਸ਼ ਨੂੰ ਆਪਣੇ ਜੀਵਨ ਵਿਚ ਢਾਲ ਸਕੀਏ।

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖੀ ਦੇ ਬਾਨੀ ਸਨ, ਜਿਨ੍ਹਾਂ ਨੇ ਸਰਬੱਤ ਦੇ ਭਲੇ, ਸਮਾਨਤਾ, ਭਾਈਚਾਰਕ ਪਿਆਰ, ਚੰਗਿਆਈ ਅਤੇ ਗੁਣਾਂ ਉੱਤੇ ਮਬਨੀ ਇੱਕ ਅਨੋਖੇ ਰੁਹਾਨੀ ਸਮਾਜ ਦੀ ਸਰੰਚਨਾ ਦੀ ਬੁਨਿਆਦ ਰੱਖੀ। ਉਨ੍ਹਾਂ ਨੇ ਦੂਰ-ਦੁਰਾਡੇ ਸਫ਼ਰ ਕਰ ਲੋਕਾਈ ਨੂੰ ਇੱਕ ਰੱਬ ਦਾ ਸੁਨੇਹਾ ਦਿੱਤਾ। ਮੱਧਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਭਗਤੀ ਅਤੇ ਨਾਮ ਸਿਮਰਨ ਲਈ ਧੁਰ ਕੀ ਬਾਣੀ ਦੇ ਅਨਹਦ ਰੂਪ ਨੂੰ ਨਾਦੀ ਬਣਾਉਂਦਿਆਂ 'ਰਾਗ ਸਹਿਤ'ਸ਼ਬਦ ਦੀ ਮਹਿਮਾ ਕੀਰਤਨ ਦੇ ਰੂਪ ਵਿਚ ਕੀਤੀ। ਸਿੱਖੀ ਦੇ ਮਾਝ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੇ 974 ਵਾਕ ਦਰਜ ਹਨ, ਜਿਹਨਾਂ ਵਿੱਚੋਂ ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਸਿਧ ਗੋਸਟਿ ਆਦਿ ਪ੍ਰਮੁ ਹਨ। ਗੁਰੂ ਨਾਨਕ ਸਾਹਿਬ ਜੀ ਦਾ ਜਨਮ 29 ਨਵੰਬਰ 1469 (ਕੱਤਕ ਦੀ ਪੂਰਨਮਾਸ਼ੀ) ਨੂੰ ਲਾਹੌਰ ਨੇੜੇ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ, ਪਾਕਿਸਤਾਨ) ਵਿਖੇ ਮਹਿਤਾ ਕਾਲੂ ਅਤੇ ਤ੍ਰਿਪਤਾ ਜੀ ਦੇ ਘਰ ਹੋਇਆ ਸੀ। ਗੁਰੂ ਜੀ ਦੇ ਪਿਤਾ ਤਲਵੰਡੀ ਦੇ ਫ਼ਸਲ ਮਾਮਲੇ ਦੇ ਪਟਵਾਰੀ ਸਨ। ਗੁਰੂ ਨਾਨਕ ਸਾਹਿਬ ਦੇ ਜਨਮ ਅਤੇ ਸ਼ੁਰੂਆਤ ਜ਼ਿੰਦਗੀ ਦੀਆਂ ਕਈ ਘਟਨਾਵਾਂ ਨਾਨਕ ਦੀ ਇਲਾਹੀ ਰਹਿਮਤ ਨੂੰ ਦਰਸਾਉਂਦੀਆਂ ਹਨ। ਪੰਜ ਸਾਲ ਦੀ ਉਮਰ ਵਿੱਚ, ਗੁਰੂ ਨਾਨਕ ਨੇ ਇਲਾਹੀ ਮਜ਼ਮੂਨਾਂ ਵਿੱਚ ਦਿਲਚਸਪੀ ਵਿਖਾਈ ਸੀ। ਨਿਆਣੇ ਹੁੰਦੇ ਨਾਨਕ ਨੇ ਆਪਣੇ ਅਧਿਆਪਕਾਂ ਨੂੰ ਨੰਬਰ ਇੱਕ ਨਾਲ਼ ਗੁਰੂਮੁਖੀ ਦੇ ਅੱਖਰ ਓ ਅਤੇ ਅੰਕਾਰ ਦੇ ਨਿ ਨੂੰ ਜੋੜ, ਰੱਬ ਇੱਕ ਹੈ ਦਾ ਦਾਅਵਾ ਕੀਤਾ। ਉਹ ਸੁਲਤਾਨਪੁਰ ਆਪਣੀ ਭੈਣ ਬੇਬੇ ਨਾਨਕੀ ਅਤੇ ਜੀਜੇ ਦੇ ਘਰ ਰਹਿਣ ਲਈ ਚਲੇ ਗਏ ਅਤੇ ਦੌਲਤ ਖ਼ਾਨ ਅਧੀਨ ਮੋਦੀਖਾਨੇ ਵਿੱਚ ਕੰਮ ਕਰਨ ਲੱਗ ਪਏ।

ਸ਼ੁਰੂ ਵਿੱਚ ਗੁਰੂ ਨਾਨਕ ਭਗਤੀ ਲਹਿਰ ਦੀ ਨਿਰਗੁਣ ਪਰੰਪਰਾ ਤੋਂ ਪ੍ਰਭਾਵਿਤ ਸਨ। ਗੁਰੂ ਨਾਨਕ ਦੇਵ ਜੀ ਨੇ ਤਿੱਬਤ, ਦੱਖਣੀ ਏਸ਼ੀਆ ਅਤੇ ਜ਼ਿਆਦਾਤਰ ਅਰਬ ਦੇ ਦੌਰੇ ਕੀਤੇ, ਜੋ 14 ਸਾਲ ਦੀ ਉਮਰ ਵਿੱਚ ਸ਼ੁਰੂ ਹੋਏ, ਜਦੋਂ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਤੀਹ ਸਾਲਾਂ ਦੀ ਮਿਆਦ ਲਈ ਛੱਡ ਦਿੱਤਾ। ਇਹਨਾਂ ਥਾਵਾਂ ਤੇ ਗੁਰੂ ਜੀ ਨੇ ਮੁਕਾਬਲੇਬਾਜ਼ ਸਮੂਹਾਂ ਨਾਲ ਧਾਰਮਿਕ ਵਿਚਾਰਾਂ 'ਤੇ ਬਹਿਸ ਕੀਤੀ। ਗੁਰੂ ਨਾਨਕ ਜੀ ਦੀ ਸਿੱਖਿਆ ਨੂੰ ਤਿੰਨ ਤਰੀਕਿਆਂ ਨਾਲ ਮੰਨਿਆ ਜਾਂਦਾ ਹੈ: 'ਵੰਡ ਛਕੋ'- ਦੂਜਿਆਂ ਨਾਲ ਸਾਂਝਾ ਕਰਨਾ ਅਤੇ ਲੋੜਵੰਦ ਦੀ ਸਹਾਇਤਾ ਕਰੋ; 'ਕਿਰਤ ਕਰੋ'- ਬਿਨਾਂ ਕਿਸੇ ਸ਼ੋਸ਼ਣ ਜਾਂ ਧੋਖਾਧੜੀ ਦੇ ਈਮਾਨਦਾਰੀ ਨਾਲ ਜ਼ਿੰਦਗੀ ਕਮਾਉਣਾ/ ਬਿਤਾਉਣਾ ਅਤੇ 'ਨਾਮ ਜਪੋ'- ਮਨੁੱਖ ਦੀਆਂ ਪੰਜ ਕਮਜ਼ੋਰੀਆਂ ਨੂੰ ਕਾਬੂ ਕਰਨ ਲਈ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ। 24 ਸਤੰਬਰ 1487 ਨੂੰ ਨਾਨਕ ਜੀ ਦਾ ਵਿਆਹ ਮਾਤਾ ਸੁਲੱਖਣੀ ਨਾਲ਼ ਹੋਇਆ ਸੀ। ਇਸ ਜੋੜੇ ਦੇ ਦੋ ਪੁੱਤ ਸ੍ਰੀ ਚੰਦ ਅਤੇ ਲਖਮੀ ਚੰਦ ਸਨ। ਸ੍ਰੀ ਚੰਦ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਗਿਆਨ ਪ੍ਰਾਪਤ ਹੋਇਆ ਅਤੇ ਉਹ ਉਦਾਸੀ ਸੰਪਰਦਾ ਦੇ ਸੰਸਥਾਪਕ ਬਣ ਗਏ। ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਗੁਰੂ ਵਾਰਸ ਐਲਾਨਿਆ ਅਤੇ ਉਹਨਾਂ ਦਾ ਨਾਮ ਗੁਰੂ ਅੰਗਦ ਵਿੱਚ ਤਬਦੀਲ ਕਰ ਦਿੱਤਾ। ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਨੂੰ ਕਰਤਾਰਪੁਰ ਵਿਖੇ 70 ਸਾਲ ਦੀ ਉਮਰੇ ਜੋਤਿ ਜੋਤ ਸਮਾ ਗਏ ਸਨ।

ਤੁਧੁ ਚਿਤਿ ਆਏ ਮਹਾ ਅਨੰਦਾ, ਜਿਸ ਵਿਸਰਹਿ ਸੋ ਮਰਿ ਜਾਏ। ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ॥1॥

ਭਾਰਤ ਸਦੀਆਂ ਤੋਂ ਅਧਿਆਤਮਵਾਦ ਅਤੇ ਰੂਹਾਨੀਅਤ ਦੀ ਧਰਤੀ ਰਿਹਾ ਹੈ। ਬਾਲੀਵੁੱਡ ਦੀਆਂ ਕਈ ਫਿਲਮਾਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਦੇਵੀ ਦੇਵਤਿਆਂ, ਗੁਰੂਆਂ ਤੇ ਪੀਰਾਂ ਦੇ ਜੀਵਨ ਅਤੇ ਆਦਰਸ਼ਾਂ ਨੂੰ ਦਰਸ਼ਾਉਂਦੀਆਂ ਸੈਲੂਲੋਇਡ ਉਤੇ ਆਪਣੇ ਅਮਿਟ ਨਿਸ਼ਾਨ ਛੱਡ ਗਈਆਂ ਹਨ। ਭਾਰਤੀ ਸਿਨਮੇ ਨੇ ਆਪਣੀ ਸ਼ੁਰੂਆਤ ਅਧਿਆਤਮਵਾਦ ਦੇ ਅਸੂਲਾਂ ਤੇ ਅਧਾਰਿਤ ਫਿਲਮ 'ਰਾਜਾ ਹਰੀਸ਼ ਚੰਦਰ' (1913) ਦੁਆਰਾ ਕੀਤੀ ਸੀ। ਇਸ ਤੋਂ ਮਗਰੋਂ ਦਾਦਾ ਸਾਹਿਬ ਫਾਲਕੇ ਨੇ ਕਈ ਧਾਰਮਿਕ ਫ਼ਿਲਮਾਂ ਦਾ ਨਿਰਮਾਣ ਕੀਤਾ ਸੀ। ਉਨ੍ਹਾਂ ਦੀ ਵੇਖੀਆਂ ਵੇਖੀ ਹੋਰਨਾਂ ਫਿਲਮ ਨਿਰਮਾਤਾਵਾਂ ਨੇ ਵੀ ਧਾਰਮਿਕ ਤੇ ਮਿਥਿਤਿਹਾਸਕ ਫ਼ਿਲਮਾਂ ਦਾ ਨਿਰਮਾਣ ਕਿਤਾ ਸੀ। 1931 ਵਿਚ ਬੋਲਦਿਆਂ ਫ਼ਿਲਮਾਂ ਦੀ ਸ਼ੁਰੂਆਤ ਵੀ ਮਿਥਿਹਾਸਕ ਅਤੇ ਧਾਰਮਿਕ ਫ਼ਿਲਮਾਂ ਜਿਵੇਂ ਆਲਮਆਰਾ, ਸਤਿਆਵਾਦੀ ਰਾਜਾ ਹਰਿਸ਼ਚੰਦਰ ਨਾਲ ਹੋਈ ਸੀ। 1940-50 ਅਤੇ 1950-60 ਦਹਾਕਿਆਂ ਵਿਚ ਵੀ ਧਾਰਮਿਕ ਫ਼ਿਲਮਾਂ ਦਾ ਟਰੇਂਡ ਜਾਰੀ ਰਿਹਾ। ਜਿਥੋਂ ਤੀਕ ਪੰਜਾਬੀ ਸਿਨਮੇ ਦੀ ਗੱਲ ਕਰੀਏ ਤਾਂ ਪ੍ਰਸਿੱਧ ਦੁਨਿਆਵੀ ਪ੍ਰੀਤ ਜੋੜਿਆਂ, ਯੋਧਿਆਂ, ਸੂਰਬੀਰਾਂ ਅਤੇ ਭਗਤਾਂ ਨਾਲ ਸਬੰਧਤ ਮੁਢਲੀਆਂ ਪੰਜਾਬੀ ਫ਼ਿਲਮਾਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਸੀ। ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਦਾ ਪ੍ਰਤੀਕ ਵਿਸਾਖੀ ਦਾ ਤਿਓਹਾਰ ਪੰਜਾਬੀ ਸਿਨਮਾ ਆਪਣੀ ਹੋਂਦ ਦੇ ਲਗਪਗ ਤਿੰਨ ਦਹਾਕਿਆਂ ਤਕ ਨਿਰਮਾਤਾਵਾਂ ਦੀ ਪਸੰਦ ਬਣਿਆ ਰਿਹਾ ਸੀ।

ਪੰਜਾਬੀ ਸਿਨੇਮਾ 'ਚ ਧਾਰਮਿਕ ਫ਼ਿਲਮਾਂ ਦਾ ਸੁਨਹਿਰੀ ਦੌਰ ਅੰਮ੍ਰਿਤਸਰ ਦੇ ਕੱਪੜਾ ਵਪਾਰੀ ਮਾਹੇਸ਼ਵਰੀ ਭਰਾਵਾਂ ਨੇ ਸ਼ੁਰੂ ਕੀਤਾ ਸੀ। ਨਿਰਦੇਸ਼ਕ ਰਾਮ ਮਹੇਸ਼ਵਰੀ ਨੇ ਇਤਿਹਾਸਕ ਕਦਮ ਪੁੱਟਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾਂ ਦੇ ਜਸ਼ਨ ਦੇ ਮੌਕੇ 'ਤੇ ਫ਼ਿਲਮ "ਨਾਨਕ ਨਾਮ ਜਹਾਜ਼ ਹੈ" (1969) ਰਾਹੀਂ ਪੰਜਾਬੀ ਧਾਰਮਿਕ ਫ਼ਿਲਮਾਂ ਬਣਾਉਣ ਵਿੱਚ ਵੀ ਪਹਿਲਕਦਮੀ ਕੀਤੀ ਸੀ। ਬੇਕਲ ਅੰਮ੍ਰਿਤਸਰੀ ਦੀ ਕਹਾਣੀ ਦਾ ਸਾਰਾਂਸ਼ ਇਹ ਸੀ ਕਿ ਵਾਹਿਗੁਰੂ 'ਚ ਸੰਪੂਰਨ ਆਸਥਾ ਰੱਖਣ ਵਾਲੇ ਲੋਕਾਂ ਦੇ ਹਰ ਮਸਲੇ ਸ਼ਰਧਾ ਭਾਵ ਨਾਲ ਹੱਲ ਹੋ ਸਕਦੇ ਹਨ। ਫਿਲਮ ਦੀ ਕਹਾਣੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰ ਚਾਰ ਦੀਵਾਰੀ ਵਿਚ ਵਾਪਰੀਆਂ ਉਨ੍ਹਾਂ ਘਟਨਾਵਾਂ ਤੇ ਅਧਾਰਿਤ ਹੈ ਜੋ ਫਿਲਮ ਨਿਰਮਾਤਾਵਾਂ ਲਈ ਇਕ ਅਦੁੱਤੀ ਪ੍ਰੇਰਣਾ ਦਾ ਸੋਮਾਂ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸ਼ੁਭ ਵਰਸ਼ ਵਿਚ ਉਨ੍ਹਾਂ ਦੀ ਪਾਵਨ ਸਿਮਰਤੀ ਨੂੰ ਅਰਪਨ, ਫਿਲਮ 'ਨਾਨਕ ਨਾਮ ਜਹਾਜ਼ ਹੈ' ਦੀ ਕਹਾਣੀ ਦੋ ਪਰਮ ਮਿੱਤਰਾਂ ਗੁਰੂਮੁਖ ਸਿੰਘ ਅਤੇ ਪ੍ਰੇਮ ਸਿੰਘ ਦੀ ਹੈ। ਦੋਹਵੇਂ ਮਿੱਤਰ ਪੂਰਨ ਗੁਰੂਸਿੱਖ ਸਨ। ਉਹ ਦੋਹਵੇਂ ਇਕ ਦੂਜੇ ਦੇ ਦੁੱਖ ਸੁਖ ਦੇ ਭਾਈਵਾਲ ਸਨ। ਨਾਮ, ਦਾਨ, ਨਿਤਨੇਮ ਅਤੇ ਉੱਚੀ ਰਹਿਤ ਬਹਿਤ ਸਦਕਾ ਗੁਰੂਮੁਖ ਸਿੰਘ ਦਾ ਘਰ ਖੁਸ਼ੀਆਂ ਨਾਲ ਸ਼ਿੰਗਾਰਿਆ ਹੋਇਆ ਸੀ। ਗੁਰੂਮੁਖ ਸਿੰਘ ਨੂੰ ਆਪਣੇ ਅਕਾਲ ਪੁਰਖ ਤੇ ਅਟੁਟ ਵਿਸ਼ਵਾਸ ਸੀ ਤੇ ਪ੍ਰੇਮ ਸਿੰਘ ਨੂੰ ਗੁਰੂਮੁਖ ਦੀ ਸੁਹਿਰਦਤਾ ਅਤੇ ਪਿਆਰ ਤੇ ਅਹਿਲ ਯਕੀਨ। ਗੁਰੂਮੁਖ ਸਿੰਘ ਨੇ ਇਕ ਚੰਗਾ ਘਰ ਅਤੇ ਸੁੰਦਰ ਲੜਕੀ ਵੇਖਕੇ ਪ੍ਰੇਮ ਸਿੰਘ ਦਾ ਵਿਆਹ ਕਰਵਾ ਦਿੱਤਾ। ਪਰਵਾਰ ਤੇ ਦੂਣਾ ਜੋਬਨ ਚੜ੍ਹ ਗਿਆ ਸੀ, ਵੇਹੜੇ ਵਿਚ ਮਹਿਕਾਂ ਦੇ ਫੁਲ ਖਿੜ ਰਹੇ ਸਨ। ਪਰ ਅਚਾਨਕ ਮਹਿਕਾਂ ਦੇ ਫੁੱਲ ਕੁਮਲਾਉਣ ਲੱਗੇ। ਪ੍ਰੇਮ ਸਿੰਘ ਦੀ ਪਤਨੀ ਨੇ ਵੇਹੜੇ ਵਿਚ ਪੈਰ ਕੀ ਪਾਏ, ਵੇਹੜਾ ਸੂਤਿਆ ਗਿਆ ਤੇ ਵੇਹੜੇ ਵਿਚੋਂ ਸੁਖ ਦਾ ਹਰ ਪੰਛੀ ਪਰ ਲਾਕੇ ਉਡ ਗਿਆ। ਧਰਮ ਦੀ ਥਾਂ ਨਾਸਤਿਕਤਾ ਨੇ ਲੈ ਲਈ, ਵਿਸ਼ਵਾਸ ਦੀ ਪੀੜ੍ਹੀ ਤੇ ਸ਼ਕ੍ਹ ਮੱਲ ਮਾਰਕੇ ਬਹਿ ਗਿਆ। ਉਸਤਤ ਦੀ ਖੁਸ਼ਬੋਈ ਨਿੰਦਿਆ ਦੀ ਬਦਬੋ ਵਿਚ ਗੁਆਚ ਗਈ।

ਪ੍ਰਸ਼ੰਸਕਾਂ ਦਾ ਆਂਗਣ ਨਿੰਦਕਾਂ ਦੀ ਖੁੰਧਰ ਬਣ ਗਿਆ ਤੇ ਪ੍ਰੇਮ ਦਾ ਆਲ੍ਹਣਾ ਤੀਲਾ ਤੀਲਾ ਹੋਕੇ ਖਿਲਰ ਗਿਆ। ਪਰ ਜਦੋਂ ਅਕਾਲ ਪੁਰਖ ਦੀ ਮਿਹਰ ਨੇ ਆਪਣਾ ਚਮਤਕਾਰ ਵਿਖਾਇਆ, ਤਾਂ ਨਾਸਤਿਕਤਾ ਨੇ ਧਰਮ ਤੋਂ ਹਾਰ ਮੰਨ ਲਈ ਅਤੇ ਦੋਵੇਂ ਪਰਵਾਰ ਇਕ ਵਾਰੀਂ ਫੇਰ ਘਿਓ ਖੰਡ ਹੋ ਗਏ।

ਇਸ ਫਿਲਮ ਵਿਚ 10 ਤੋਂ ਵੱਧ ਗੁਰੂਬਾਣੀ ਸ਼ਬਦ ਜਿਵੇਂ: 'ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੂ ਨਾਨਕ ਜਗ ਮਾਹਿ ਪਠਾਇਆ।। ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤਰ ਸੁਣਾਇਆ, ਕਲਿ ਤਾਰਣਿ ਗੁਰੂ ਨਾਨਕ ਆਇਆ (ਭਾਈ ਗੁਰੂਦਾਸ ਜੀ); 'ਬੋਲੇ ਸੋ ਨਿਹਾਲ।। ਸਤਿ ਸ੍ਰੀ ਅਕਾਲ ਦੇਹਿ ਸ਼ਿਵਾ ਵਰ ਮੋਹਿ ਇਹੈ।। ਥਾਪਿਆ ਨ ਜਾਇ ਕੀਤਾ ਨ ਹੋਇ, ਆਪੇ ਆਪਿ ਨਿਰੰਜਨੁ ਸੋਇ। ਜਿਨਿ ਸੇਵਿਆ ਤਿਨਿ ਪਾਇਆ ਮਾਨੁ।। ਨਾਨਕ ਗਾਵੀਐ ਗੁਣੀ ਨਿਧਾਨੁ (ਜਪੁਜੀ ਸਾਹਿਬ); ਮਿਹਰਵਾਨੁ ਸਾਹਿਬੁ ਮਿਹਰਵਾਨੁ।। ਸਾਹਿਬੁ ਮੇਰਾ ਮਿਹਰਵਾਨੁ।। ॥ ਮਹਲਾ 5॥; ਬਿਸਰਿ ਗਈ ਸਭ ਤਾਤਿ ਪਰਾਈ, ਜਬ ਤੇ ਸਾਧ ਸੰਗਤਿ ਮੋਹਿ ਪਾਈ ॥ ਮਹਲਾ 5॥; 'ਤੁਧੁ ਚਿਤਿ ਆਏ ਮਹਾ ਅਨੰਦਾ।। ਮੇਰੇ ਸਾਹਿਬ ਤੂੰ ਮੈਂ ਮਾਣੁ ਨਿਮਾਣੀ।। ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬ ਤੁਠੈ ਪਾਵਾ, ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥ਮਹਲਾ 5॥; ਰੇ ਮਨ ਐਸੇ ਕਰ ਸੰਨਿਆਸਾ ॥ਪਾਤਸ਼ਾਹੀ 10॥; ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।। ਪਾਤਸ਼ਾਹੀ10॥; ਪ੍ਰਭ ਜੂ ਤੋਂ ਕਹ ਲਾਜ ਹਮਾਰੀ।। ਪਾਤਸ਼ਾਹੀ10॥; ਹਮ ਮੈਲੇ, ਤੁਮ ਊਜਲ ਕਰਤੇ।।। ॥ਮਹਲਾ5॥ ਆਦਿ ਸ਼ਾਮਿਲ ਕੀਤੇ ਗਏ ਸਨ। ਇਸ ਤੋਂ ਇਲਾਵਾ ਦੋ ਗੀਤ ਵੀ ਸਨ: ਹਾੜਾ ਹਨੇਰ ਪੈ ਗਿਆ...; ਬੁੱਲ੍ਹ ਤੇਰੇ ਨੇ ਚੰਡੀਗੜ੍ਹ ਦੇ।।, ਜਿਨ੍ਹਾਂ ਨੂੰ ਸੰਗੀਤਕਾਰ ਐਸ ਮੋਹਿੰਦਰ ਨੇ ਆਪਣੀਆਂ ਮਿੱਠੀਆਂ ਧੁਨਾਂ ਨਾਲ ਸਜਾਇਆ ਸੀ। "ਨਾਨਕ ਨਾਮ ਜਹਾਜ਼ ਹੈ" ਫ਼ਿਲਮ ਸਮੁੱਚੇ ਰੂਪ 'ਚ ਇਕ ਇਤਿਹਾਸਕ ਮੋੜ ਸਿੱਧ ਹੋਈ ਸੀ। ਇਸ ਫਿਲਮ ਦੀ ਬਾਕਸ ਆਫਿਸ ਸਫ਼ਲਤਾ ਨੇ ਬਾਕੀ ਨਿਰਮਾਤਾਵਾਂ ਨੂੰ ਵੀ ਖਜ਼ਾਨੇ ਦੀਆਂ ਚਾਬੀਆਂ ਫੜਾ ਦਿੱਤੀਆਂ ਸਨ। ਇਸ ਲੜੀ ਵਿਚ ਨਾਨਕ ਦੁੱਖੀਆ ਸਭੁ ਸੰਸਾਰ (1971), ਦੁੱਖ ਭੰਜਨ ਤੇਰਾ ਨਾਮ (1972), ਮਨਿ ਜੀਤੈ ਜਗੁ ਜੀਤੁ (1973), ਸਤਿ ਗੁਰੂ ਤੇਰੀ ਓਟ (1974), ਮਿੱਤਰ ਪਿਆਰੇ ਨੂੰ (1975), ਚੰਗੇ ਮੰਦੇ ਤੇਰੇ ਬੰਦੇ (1976), ਮੈਂ ਪਾਪੀ ਤੁੱਮ ਬਕਸ਼ਨਹਾਰ (1976), ਪਾਪੀ ਤਰੇ ਅਨੇਕ (1976), ਸੱਚਾ ਮੇਰਾ ਰੂਪ ਹੈ (1976), ਸੱਵਾ ਲਾਖ ਸੇ ਏਕ ਲੜਾਊਂ (1976), ਗੁਰੂ ਮਾਨਯੋ ਗ੍ਰੰਥ (1977), ਸਤਿ ਸ੍ਰੀ ਅਕਾਲ (1977) ਆਦਿ ਉਸ ਦੌਰ ਦੀਆ ਸਿਰਮੌਰ ਧਾਰਮਿਕ ਫ਼ਿਲਮਾਂ ਹਨ ਜਿੰਨਾਂ ਨੇ ਧਾਰਮਿਕ ਭਾਵਨਾਵਾਂ ਵਾਲੇ ਨਿਰੋਲ ਪਰਿਵਾਰਕ ਸਿਨੇਮੇ ਦਾ ਮੁੱਢ ਬੰਨਿਆ ਸੀ।

ਫਿਲਮ "ਨਾਨਕ ਨਾਮ ਜਹਾਜ਼ ਹੈ" ਤੋਂ ਬਾਅਦ ਦਾਰਾ ਸਿੰਘ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੇ ਅਧਾਰਿਤ ਫਿਲਮ "ਨਾਨਕ ਦੁੱਖੀਆ ਸਭੁ ਸੰਸਾਰ" (1971) ਦਾ ਨਿਰਮਾਣ ਕੀਤਾ। ਤੂੰ ਵੀ ਦੁਖੀ ਤੇ ਮੈਂ ਵੀ ਦੁਖੀ ਸੁਖੀ ਏ ਏਥੇ ਕੌਣ, ਰਾਜੇ ਹੋਣ ਯਾ ਹੋਣ ਭਿਖਾਰੀ ਸਭੇ ਬੈਠੇ ਰੋਣ, ਤਦੇ ਤੇ ਬਾਬਾ ਨਾਨਕ ਕਹਿ ਗਏ ਨੇ ਨਾਨਕ ਦੁੱਖੀਆ ਸਭੁ ਸੰਸਾਰ। ਉਨ੍ਹਾਂ ਦੇ ਦੋ ਹੋਰ ਸ਼ਬਦ 'ਹੁਕਮੈ ਅੰਦਰ ਸਭ ਕੋ ਬਾਹਰ ਹੁਕਮ ਨ ਕੋਇ, ਨਾਨਕ ਹੁਕਮੈ ਜੇ ਬੁਝੇ ਤਾਂ ਹਉਮੈ ਕਹੇ ਨ ਕੋਇ।। ਅਤੇ ਦੁਸ਼ਮਣ ਮਰੇ ਤਾਂ ਖੁਸ਼ੀ ਨਾ ਕਰੀਏ ਸਜਨਾਂ ਵੀ ਮਾਰ ਜਾਣਾ।।ਅਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ।। ਫਿਲਮ ਦੇ ਮੁਖ ਆਕਰਸ਼ਣ ਸਨ। ਇਨ੍ਹਾਂ ਦੋਨਾਂ ਫ਼ਿਲਮਾਂ ਦੀ ਕਾਮਯਾਬੀ ਨੂੰ ਵੇਖਦਿਆਂ ਕੰਵਰ ਮੋਹਿੰਦਰ ਸਿੰਘ ਬੇਦੀ ਨੇ "ਦੁੱਖ ਭੰਜਨ ਤੇਰਾ ਨਾਮ" (1972) ਨਾਂਅ ਦੀ ਫਿਲਮ ਬਣਾਈ ਸੀ। ਮਹਾਬਲੀ ਅਕਬਰ ਦੇ ਜ਼ਮਾਨੇ ਵਿਚ ਪੱਟੀ ਰਿਆਸਤ ਦਾ ਹੁਕਮਰਾਨ ਰਾਜਾ ਦੁਨੀ ਚੰਦ ਸੀ। ਦੁਨੀ ਚੰਦ ਦੀ ਪੁੱਤਰ ਪ੍ਰਾਪਤੀ ਦੀ ਚਾਹ ਪੂਰੀ ਨਾ ਹੋਈ ਤਾਂ ਉਹ ਪਰਮਾਤਮਾ ਦੀ ਹਸਤੀ ਤੋਂ ਹੀ ਮੁਨਕਰ ਹੋ ਗਿਆ। ਉਸਦੀ ਸਤਵੀਂ ਸੰਤਾਨ ਰਜਨੀ ਪਰਮਾਤਮਾ ਨੂੰ ਹੀ ਸਰਬ-ਸ਼ਕਤੀਮਾਨ ਮੰਨਦੀ ਸੀ। ਇਸ ਗੱਲ ਤੋਂ ਰਾਜਾ ਦੁਨੀ ਚੰਦ ਬਹੁਤ ਭੜਕਿਆ ਤੇ ਗੁੱਸੇ ਵਿਚ ਰਜਨੀ ਨੂੰ ਇਕ ਪਿੰਗਲੇ ਨਾਲ ਵਿਆਹ ਕੇ ਘਰੋਂ ਤੋਰ ਦਿੱਤਾ। ਰਜਨੀ ਨੇ ਪਿੰਗਲੇ ਨੂੰ ਤਨੋਂ ਮਨੋਂ ਆਪਣਾ ਪਤੀ ਸਵੀਕਾਰ ਕੀਤਾ, ਉਸਨੂੰ ਪੂਰਨ ਵਿਸ਼ਵਾਸ ਸੀ ਕਿ ਪਰਮਾਤਮਾ ਉਸਦੇ ਪਤੀ ਦੇ ਸਭ ਦੁੱਖ ਦੂਰ ਕਰੇਗਾ। ਉਹ ਆਪਣੇ ਪਤੀ ਨੂੰ ਨਾਲ ਲੈਕੇ ਵੱਖ ਵੱਖ ਤੀਰਥਾਂ ਤੇ ਗਈ। ਇੱਕ ਦਿਨ ਉਹ ਇੱਕ ਲਾਗਲੇ ਪਿੰਡ ਜਾ ਰਹੇ ਸਨ, ਰਾਹ ਵਿੱਚ ਰਜਨੀ ਨੇ ਆਪਣੇ ਪਤੀ ਦੀ ਟੋਕਰੀ ਇਕ ਤਲਾਅ ਦੇ ਕਿਨਾਰੇ ਰੱਖ ਦਿੱਤੀ, ਉਹ ਖਾਣਾ ਲੱਭਣ ਲਈ ਚਲੀ ਗਈ। ਇਸ ਦੌਰਾਨ, ਉਸ ਦੇ ਅਪਾਹਜ ਪਤੀ ਨੇ ਇੱਕ ਕਾਲੇ ਕਾਂ ਨੂੰ ਤਲਾਅ ਦੇ ਪਾਣੀ ਵਿੱਚ ਡੁਬਕੀ ਲਾਉਂਦੇ ਅਤੇ ਚਿੱਟਾ ਬਾਹਰ ਆਉਂਦੇ ਵੇਖਿਆ। ਇਸ ਚਮਤਕਾਰ ਤੋਂ ਹੈਰਾਨ ਹੋ ਕੇ, ਉਹ ਵੀ ਤਲਾਅ ਦੇ ਕਿਨਾਰੇ ਤੱਕ ਚਲਾ ਗਿਆ ਅਤੇ ਉਸ ਵਿਚ ਡੁਬਕੀ ਮਾਰੀ। ਰਜਨੀ ਦਾ ਕੋੜ੍ਹੀ ਪਤੀ ਠੀਕ ਹੋ ਗਿਆ ਸੀ। ਜਦੋਂ ਰਜਨੀ ਵਾਪਸ ਆਈ, ਤਾਂ ਉਹ ਆਪਣੇ ਪਤੀ ਦੀ ਚੰਗੀ ਸਿਹਤ ਨੂੰ ਵੇਖਕੇ ਹੈਰਾਨ ਰਹਿ ਗਈ। ਪਹਿਲਾਂ-ਪਹਿਲ, ਉਹ ਘਬਰਾ ਗਈ ਅਤੇ ਉਸਨੂੰ ਸ਼ੱਕ ਹੋਇਆ ਕਿ ਉਹ ਸ਼ਾਇਦ ਕੋਈ ਵੱਖਰਾ ਵਿਅਕਤੀ ਹੋਵੇ। ਹਾਲਾਂਕਿ, ਉਸਨੇ ਕੋੜ੍ਹ ਦੇ ਨਿਸ਼ਾਨ ਨਾਲ ਇੱਕ ਉਂਗਲ ਰੱਖੀ ਸੀ। ਉਸ ਨੇ ਆਪਣੀ ਪਛਾਣ ਦੇ ਸਬੂਤ ਵਜੋਂ ਉਸ ਨੂੰ ਬਿਮਾਰੀ ਵਾਲੀ ਉਂਗਲ ਦਿਖਾਈ। ਜੋੜੇ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਅਤੇ ਗੁਰੂ ਜੀ ਕੋਲ ਉਸਦੀਆਂ ਅਸੀਸਾਂ ਲੈਣ ਲਈ ਗਏ। ਇਹ ਤਲਾਅ ਹਰਿਮੰਦਰ ਸਾਹਿਬ ਦਾ ਭਵਿੱਖ ਦਾ ਸਥਾਨ ਸੀ, ਪਾਣੀ ਦੀਆਂ ਚਿਕਿਤਸਕ ਵਿਸ਼ੇਸ਼ਤਾਵਾਂ ਨੂੰ ਵਾਹਿਗੁਰੂ ਦਾ ਬਚਨ ਕਿਹਾ ਜਾਂਦਾ ਹੈ। ਜੇ ਤੁਸੀਂ ਰੱਬ ਵਿਚ ਵਿਸ਼ਵਾਸ ਰੱਖਦੇ ਹੋ ਤਾਂ ਅੰਤ ਵਿਚ ਉਸਦਾ ਫਲ ਮਿਲਦਾ ਹੈ। ਇਸ ਫਿਲਮ ਵਿਚ ਪੰਜ ਸ਼ਬਦ ਦੁੱਖ ਭੰਜਨ ਤੇਰਾ ਨਾਮੁ ਜੀ।। ਮਹਲਾ5॥, ਏ ਮਨ ਪਿਆਰਿਆ ਤੂੰ ਸਦਾ ਸਚੁ ਸਮਾਲੇ।।। ॥ਮਹਲਾ1॥, ਮੈਂ ਅੰਧੁਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ।; ਦਰਮਾਦੇ ਠਾਡੇ ਦਰਬਾਰਿ।। ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ਮਹਲਾ1॥ ਸ਼ੁਮਾਰ ਕੀਤੇ ਗਏ ਸਨ।

"ਮਨਿ ਜੀਤੈ ਜਗੁ ਜੀਤੁ" (1973) ਫਿਲਮ ਦਾ ਮੁੱਖ ਕਿਰਦਾਰ ਬੱਗਾ, ਇਕ ਜ਼ਬਰਦਸਤ ਖੂਨੀ ਡਾਕੂ ਹੈ ਜਿਸ ਨੇ ਕਿੰਨੇ ਹੀ ਪਿੰਡ ਲੁਟੇ ਕਿੰਨੀਆਂ ਬੇਗੁਨਾਹਾਂ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ ਅਤੇ ਕਿੰਨੀਆਂ ਔਰਤਾਂ ਦੇ ਸੁਹਾਗ ਉਜਾੜੇ। ਉਸਦੀ ਖ਼ੂਨਰੇਜ਼ੀ, ਦਹਿਸ਼ਤ ਅਤੇ ਜ਼ੁਲਮਾਂ ਤੋਂ ਹਰ ਕੋਈ ਪ੍ਰੇਸ਼ਾਨ ਸੀ। ਇਕ ਦਿਨ ਉਸਦੀ ਪੁਲਸ ਨਾਲ ਟੱਕਰ ਹੋ ਗਈ, ਪੁਲਿਸ ਤੋਂ ਬਚਦੇ ਬਚਾਉਂਦੇ, ਬੱਗੇ ਦੇ ਕੰਨਾਂ ਵਿਚ ਗੁਰਦਵਾਰੇ ਕੀਰਤਨ ਕਰਦੀ ਹੋਈ ਗ੍ਰੰਥੀ ਦੀ ਧੀ ਗੁਰਮੀਤ ਦੀ ਆਵਾਜ਼ ਪਈ। ਬੱਗਾ ਗੁਰਦਵਾਰੇ 'ਚ ਦਾਖਿਲ ਹੋਕੇ ਕੀਰਤਨ ਸੁਨਣ ਲੱਗਾ। ਉਥੋਂ ਜਾਂਦੇ ਹੋਏ ਬੱਗਾ ਇਕ ਨਵਾਂ ਇਨਸਾਨ ਬਣ ਗਿਆ ਸੀ। ਇਸ ਫਿਲਮ ਦੇ ਮਸ਼ਹੂਰ ਸ਼ਬਦ 'ਪਾਪੀ ਜਿਊੜਿਆ ਬੋਲ ਸਤਿਨਾਮ।। ਰਾਮ ਗਇਓ ਰਾਵਨ ਗਇਓ ਜਾ ਕਉ ਬਹੁ ਪਰਵਾਰ ਕਹੁ ਨਾਨਕ

(ਬਾਕੀ ਅਗਲੇ ਸਫੇ 'ਤੇ)











# ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ ਪ੍ਰਭਅੰਸ਼, ਜੈਸਮੀਨ ਅਤੇ ਨਿੱਤਿਆ ਨੇ ਜਿੱਤੇ




**ਮਾਹਿਲਪੁਰ–** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ 28 ਵੀਂ ਵਾਰ ਕਰਵਾਏ ਸਾਹਿਤ ਸਿਰਜਣਾ ਮੁਕਾਬਲਿਆਂ ਵਿਚ ਦੂਰ ਨੇੜੇ ਦੇ 50 ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਸਭ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਮਨਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਮਾਤ ਭਾਸ਼ਾ ਨਾਲ ਜੋੜਨਾ ਹੈ। ਨਿੱਕੀਆਂ ਕਰੂੰਬਲਾਂ ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਜੇਕਰ ਉਹ ਸਾਹਿਤ ਸਿਰਜਣਾ ਕਰਨਾ ਚਾਹੁੰਦੇ ਨੇ ਤਾਂ ਉਨਾਂ ਨੂੰ ਵੱਧ ਤੋਂ ਵੱਧ ਪੁਸਤਕਾਂ ਪੜ੍ਹਨੀਆਂ ਅਤੇ ਵੱਡਿਆਂ ਦੀ ਸੰਗਤ ਕਰਨੀ ਚਾਹੀਦੀ ਹੈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਬਲਵੀਰ ਸਿੰਘ ਭੱਟੀ ਯੂ ਕੇ, ਹਰਭਜਨ ਸਿੰਘ ਕਾਹਲੋਂ,ਚੈਂਚਲ ਸਿੰਘ ਬੈਂਸ ਅਤੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਪਿਛਲੇ 27 ਸਾਲਾਂ ਤੋਂ ਬੱਚਿਆਂ ਨੂੰ ਆਦਰਸ਼ ਨਾਗਰਿਕ ਬਣਾ ਰਿਹਾ ਹੈ।

ਲੇਖ ਲਿਖਣ ਮੁਕਾਬਲੇ ਵਿਚ ਪਹਿਲੀਆਂ ਥਾਂਵਾਂ ਪ੍ਰਭਅੰਸ਼,ਸ਼ੀਨਸ ਅਤੇ ਉਪਾਸਨਾ ਨੇ ਹਾਸਲ ਕੀਤੀਆਂ। ਕਹਾਣੀ ਲਿਖਣ ਵਿਚ ਨਿੱਤਿਆ, ਸ਼ਿਵ ਕੁਮਾਰ ਅਤੇ ਸਾਗਰ ਜੇਤੂ ਰਹੇ। ਕਵਿਤਾ ਮੁਕਾਬਲੇ ਵਿੱਚ ਜੈਸਮੀਨ, ਕਾਜਲ ਸੰਧੂ ਅਤੇ ਤਮੰਨਾ ਸਭ ਤੋਂ ਅੱਗੇ ਰਹੀਆਂ।

ਇਸ ਮੌਕੇ ਪੰਮੀ ਖੁਸ਼ਹਲਪੁਰੀ ਅਤੇ ਨਿਕੜੇ ਬੱਚੇ ਦਕਸ਼ ਨੇ ਆਪਣੇ ਗੀਤਾਂ ਰਾਹੀਂ ਸਭ ਦਾ ਮਨ ਮੋਹ ਲਿਆ। ਸੁਰ ਸੰਗਮ ਵਿੱਦਿਅਕ ਟਰੱਸਟ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਟਰੱਸਟ ਦੇ ਸਹਿਯੋਗੀ ਹਰਭਜਨ ਸਿੰਘ ਕਾਹਲੋਂ, ਬਲਬੀਰ ਸਿੰਘ ਭੱਟੀ, ਅਤੇ ਚੈਂਚਲ ਸਿੰਘ ਬੈਂਸ ਦਾ ਮਾਤ ਭਾਸ਼ਾ ਲਈ ਸ਼ਾਨਦਾਰ ਕਾਰਜ ਕਰਨ ਲਈ ਮਾਣ ਸਨਮਾਨ ਵੀ ਕੀਤਾ ਗਿਆ। ਭਾਗੀਦਾਰਾਂ ਨੂੰ ਪੁਸਤਕਾਂ ਦੇ ਸੈਟ ਵੰਡੇ ਗਏ।

ਇਨ੍ਹਾਂ ਪ੍ਰਬੰਧਾਂ ਦੇ ਸ਼ਾਨਦਾਰ ਸੰਚਾਲਨ ਵਿਚ ਹਰਮਨਪ੍ਰੀਤ ਕੌਰ, ਰਵਨੀਤ ਕੌਰ, ਹਰਵੀਰ ਮਾਨ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਮੈਡਮ ਸੁਰਿੰਦਰ ਕੌਰ , ਅਨੀਤਾ ਰਾਣੀ ਅਤੇ ਅਵਤਾਰ ਸਿੰਘ ਨੇ ਕਿਹਾ ਕੀ ਇਨ੍ਹਾਂ ਮੁਕਾਬਲਿਆਂ ਰਾਹੀਂ ਬੱਚਿਆਂ ਵਿਚ ਸਿਰਣਸ਼ੀਲਤਾ ਪੈਦਾ ਹੁੰਦੀ ਹੈ।ਸੁਖਮਨ ਸਿੰਘ ਨੇ ਕਲਾਤਮਕ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਸਭ ਦਾ ਧੰਨਵਾਦ ਕੀਤਾ।

ਤਸਵੀਰ: ਸਾਹਿਤ ਸਿਰਜਣਾ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪੁਸਤਕਾਂ ਦੇ ਸੈਟ ਭੇਟ ਕਰਦੇ ਹੋਏ ਬਲਜਿੰਦਰ ਮਾਨ , ਹਰਭਜਨ ਸਿੰਘ ਕਾਹਲੋਂ, ਚੈਚਲ ਸਿੰਘ ਬੈਂਸ, ਬੱਗਾ ਸਿੰਘ ਆਰਟਿਸਟ, ਬਲਬੀਰ ਸਿੰਘ ਭੱਟੀ, ਪ੍ਰਿੰਸੀਪਲ ਮਨਜੀਤ ਕੌਰ, ਪੰਮੀ ਖੁਸ਼ਹਲਪੁਰੀ ਅਤੇ ਸੁਖਮਨ ਸਿੰਘ ਆਦਿ।

*****

# ਬਾਬੇ ਨਾਨਕ ਦੀ ਸਿਖਿਆ ਅਤੇ ਪੰਜਾਬੀ ਸਿਨੇਮਾ

**(ਸਫਾ 29 ਦੀ ਬਾਕੀ)**

ਥਿਰੁ ਕੁਛ ਨਹੀਂ ਸੁਪਨੇ ਜਿਉ ਸੰਸਾਰਿ।।; ਜਿਸ ਕੇ ਸਿਰ ਊਪਰਿ ਤੂ ਸੁਆਮੀ ਸੋ ਦੁਖੁ ਕੈਸਾ ਪਾਵੈ...; ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਓ ਸਦਾ ਰਹਿਤ ਸੰਗਿ ਲਾਗੀ ।।; ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ।। ਦਰਸ਼ਕਾਂ ਦੇ ਮਨ 'ਤੇ ਡੂੰਘਾ ਅਸਰ ਪਾਉਂਦੇ ਹਨ। ਇਕ ਓਂਕਾਰ ਸਤਿਨਾਮ।। ਇਹ ਸ਼ਬਦ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਆ ਏ। ਜਿਨ੍ਹਾਂ ਨੇ ਸੰਸਾਰ ਨੂੰ ਪ੍ਰੇਮ, ਅਮਨ ਤੇ ਸ਼ਾਂਤੀ ਦਾ ਪੈਗਾਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਾਰਾ ਸੰਸਾਰ ਘੁੰਮਿਆ ਅਤੇ ਪੰਜਾਬ ਦੀ ਸ਼ੋਭਾ ਦੂਣ ਸਵਾਈ ਕੀਤੀ। ਇਸ ਗੱਲ ਨੂੰ ਕੇਂਦਰ ਬਿੰਦੂ ਰੱਖਕੇ ਪੰਜਾਬੀ ਫਿਲਮ "ਸਤਿ ਗੁਰੂ ਤੇਰੀ ਓਟ" ਸਨ 1974 ਵਿਚ ਪ੍ਰੋਡਿਊਸ ਕੀਤੀ ਗਈ। 'ਤੇਰਾ ਨਾਮ ਸਦਾ ਸੁਖਦਾਈ ਮੈਂ ਜਾਣਾਂ ਤੇਰੀ ਵਡਿਆਈ ਮੇਰਾ ਜਗ ਵਿਚ ਹੋਰ ਨ ਕਾਈ, ਮੈਨੂੰ ਸਤਿਗੁਰੂ ਤੇਰੀ ਓਟ।।

ਫਿਲਮ "ਮਿੱਤਰ ਪਿਆਰੇ ਨੂੰ" (1975) ਵਿਚ ਇਕ ਨੇਕ ਮਿਹਨਤੀ ਤੇ ਸੱਚੇ ਇਨਸਾਨ ਰਣਜੀਤ ਨੂੰ ਬਾਪ ਦੇ ਕਤਲ ਦੇ ਦੋਸ਼ ਵਿਚ ਗ੍ਰਿਫਤਾਰ ਕਰਵਾਕੇ ਚੰਡਾਲ ਚੌਕੜੀ ਨੇ ਫਾਂਸੀ ਦਾ ਰਾਹ ਖੋਹਲ ਦਿੱਤਾ। ਸੱਚ ਡਬ ਰਿਹਾ ਸੀ, ਪ੍ਰਮਾਤਮਾ ਨੂੰ ਯਾਦ ਕੀਤਾ। ਮਹਾਨ ਸ਼ਬਦ 'ਤੂੰ ਠਾਕੁਰ ਤੁਮ ਪਹਿ ਅਰਦਾਸਿ ਜੀਉ ਪਿੰਡ ਸਭੁ ਤੇਰੀ ਰਾਸਿ।। ਅਸੀਂ ਖਤੇ ਬਹੁਤੁ ਕਮਾਵਦੇ ਅੰਤੁ ਨਾ ਪਾਰਾਵਾਰੁ...; ਅਵਲ ਅੱਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।। ਦਾ ਜਾਪੁ ਕੀਤਾ। ਅਕਾਲ ਪੁਰਖ ਦੀ ਕਿਰਪਾ ਹੋਈ ਸੱਚ ਤਰ ਗਿਆ ਝੂਠ ਡੁੱਬ ਗਿਆ।

ਫਿਲਮ ਚੰਗੇ ਮੰਦੇ ਤੇਰੇ ਬੰਦੇ' (1976) ਦਾ ਸੁਨੇਹਾ ਸੀ ਕਿ 'ਇਨਸਾਨ ਨਾ ਤਾਂ ਜਨਮ ਤੋਂ ਖ਼ਰਾਬ ਪੈਦਾ ਹੁੰਦਾ ਹੈ ਅਤੇ ਨਾ ਹੀ ਚੰਗਾ ਉਸਦੇ ਕਰਮ ਹੀ ਉਸਨੂੰ ਦੇਵਤਾ ਜਾਂ ਰਾਖਸ਼ਸ ਬਣਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਸਿਖਿਆ ਉਤੇ ਚਲਕੇ ਇਕ ਪਾਪੀ ਇਨਸਾਨ ਵੀ ਭਾਵ ਸਾਗਰ ਤੋਂ ਪਾਰ ਲੰਘ ਜਾਂਦਾ ਹੈ। 'ਮੈਂ ਹਾਂ ਪਾਪੀ ਦਾਤਾ ਮੇਰੇ ਤੂੰ ਐਂ ਬਖ਼ਸ਼ਣਹਾਰ।। ਨਾਨਕ ਨਾਮ ਮਿਲੇ ਤੇ ਜੀਵਾਂ ਤਨ ਮਨ ਥੀਵੇ ਹਰਿਆ'।

ਸੁਭਾਸ਼ ਭਾਖਰੀ ਦੇ ਨਿਰਦੇਸ਼ਾਂ ਹੇਠ ਬਣੀ ਫਿਲਮ "ਮੈਂ ਪਾਪੀ ਤੁੱਮ ਬਕਸ਼ਨਹਾਰ" (1976) ਦਾ ਸੰਗੀਤ ਸੁਰਿੰਦਰ ਕੋਹਲੀ ਨੇ ਤਿਆਰ ਕੀਤਾ ਸੀ। ਇਸ ਫਿਲਮ ਦਾ ਸ਼ਬਦ 'ਜਗਤ ਮੇਂ ਝੂਠੀ ਦੇਖੀ ਪ੍ਰੀਤ।। ਮਨ ਮੂਰਖ ਅਜ ਹੂੰ ਨਹ ਸਮਝਤ ਸਿੱਖ ਦੇ ਹਾਰੀ ਓ ਨੀਤ।। ਨਾਨਕ ਮੰਜ਼ਿਲ ਪਾਰ ਪਰ੍ਹ ਜੋ ਗਾਵੇ ਪ੍ਰਭ ਕੇ ਗੀਤ।। ਜਗਤ ਮੇਂ ਝੂਠੀ।। ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੂੰ ਉਜਾਗਰ ਕਰਦਾ ਹੈ। ਫਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ: ਇਕ ਇਨਸਾਨ ਜਿਹੜਾ ਰੱਬ ਚ ਵਿਸ਼ਵਾਸ ਨਹੀਂ ਕਰਦਾ ਉਹ ਕਦੇ ਸੁੱਖ ਨਹੀਂ ਮਾਣ ਸਕਦਾ। ਜਦ ਉਸਨੂੰ ਸੱਚ ਦਾ ਗਿਆਨ ਹੁੰਦਾ ਹੈ ਤਾਂ ਉਸਦਾ ਸਬ ਕੁਝ ਬਰਬਾਦ ਹੋ ਗਿਆ ਹੁੰਦਾ ਹੈ।

ਕੰਵਰ ਮੋਹਿੰਦਰ ਸਿੰਘ ਬੇਦੀ ਨੇ ਧੀਰਜ ਕੁਮਾਰ, ਮੀਨਾ ਰਾਏ ਵਰਗੇ ਕਲਾਕਾਰ ਲੈਕੇ ਫਿਲਮ "ਪਾਪੀ ਤਰੇ ਅਨੇਕ" (1976) ਬਣਾਈ ਸੀ, ਜਿਸਦਾ ਮਕਸਦ ਸੀ ਕਿ ਵਾਹਿਗੁਰੂ ਜੀ ਦੇ ਨਾਮ ਨੂੰ ਜਾਪੁਦੇ ਅਨੇਕਾਂ ਪਾਪੀ ਤਰ ਗਏ। ਬੁਰਾਈ ਨਾਲ ਸਚਾਈ ਦੀ ਲੜਾਈ ਫਿਲਮ "ਸੱਵਾ ਲਾਖ ਸੇ ਏਕ ਲੜਾਊਂ" (1976) ਦਾ ਮੁੱਖ ਵਿਸ਼ਾ ਸੀ। ਮੁਗ਼ਲ ਰਾਜ ਦੇ ਅਤਿਆਚਾਰਾਂ ਤੋਂ ਤੰਗ ਆਕੇ ਸਿੱਖ ਕੌਮ ਨੇ ਵੰਗਾਰਿਆ। ਅਕਾਲ ਪੁਰਖ ਦੀ ਟੇਕ ਨਾਲ ਅਖੀਰ ਵਿਚ ਜਿੱਤ ਸਚਾਈ ਦੀ ਹੁੰਦੀ ਹੈ। ਜਿਹੜੇ ਕੰਧਾਂ ਵਿਚ ਚੁਨਾਏ ਗਏ। ਹੋ ਹੋ ਹੋਏ ਸਾਕੇ ਹੋਣਗੇ ਵਿਚ ਦਰਬਾਰ ਦੇ। ਖਾਲਸਾ ਅਕਾਲ ਪੁਰਖ ਕੀ ਫੌਜ।

ਪ੍ਰਸਿੱਧ ਨਾਵਲ ਤੇ ਫਿਲਮਕਾਰ ਬੂਟਾ ਸਿੰਘ ਸ਼ਾਦ ਨੇ "ਸੱਚਾ ਮੇਰਾ ਰੂਪ ਹੈ" (1976) ਫਿਲਮ ਨੂੰ ਬਣਾਇਆ ਸੀ। ਨਹਿੰਗ ਬਾਬੇ ਦੀ ਸੰਗਤ ਨੇ ਫਿਲਮ ਦੇ ਮੁੱਖ ਕਿਰਦਾਰ ਅੰਦਰ ਸਮਾਈ ਅਥਾਹ ਸ਼ਕਤੀ ਨੂੰ ਜਗਾਇਆ ਅਤੇ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਦੀ ਸ਼ਕਤੀ ਪ੍ਰਦਾਨ ਕੀਤੀ। ॥ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ, ਕਹੁ ਨਾਨਕ ਇਹ ਬਿਪਤ ਮੈਂ ਟੇਕ ਏਕ ਰਘੁਨਾਥ॥ ਫਿਲਮ 'ਸੱਜਣ ਠੱਗ' ਇਕ ਅਪਰਾਧੀ ਦੀ ਕਹਾਣੀ ਹੈ ਜਿਹੜਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਸੀਸਾਂ ਕਾਰਨ ਸੁਧਰ ਗਿਆ।

ਫਿਲਮ "ਗੁਰੂ ਮਾਨਯੋ ਗ੍ਰੰਥ" (1977) ਰਾਹੀਂ ਜੁਗੋ ਜੁਗੋ ਅਟਲ ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਨੂਰ ਸਾਰੀ ਦੁਨੀਆ ਵਿਚ ਫੈਲਾਨ ਦਾ ਉਦਮ, ਰਬ ਦੀ ਸਚਾਈ ਤੇ ਭਾਈਚਾਰੇ ਦਾ ਗਿਆਨ ਹੁੰਦਾ ਹੈ। ਤਕਦੀਰ ਤਿੰਨਾਂ ਟੱਬਰਾਂ ਨੂੰ ਆਪਣੇ ਮੋਹਰੇ ਬਣਾਕੇ ਤਮਾਸ਼ਾ ਵੇਖਦੀ ਹੈ, ਪਰ ਗੁਰੂਬਾਣੀ ਦਾ ਨੂਰ ਇਨ੍ਹਾਂ ਮੋਹਰਿਆਂ ਦੇ ਰਾਹ ਰੁਸ਼ਨਾਈ ਰੱਖਦਾ ਹੈ। ਕਹਾਣੀ ਦੇ ਸਭੋ ਪਾਤਰ ਇਸੇ ਨੂਰ ਦੀ ਰਾਹ ਚਲਦੇ ਚਲਦੇ ਇਕ ਐਸੀ ਮੰਜ਼ਿਲ ਤੇ ਪਹੁੰਚਦੇ ਨੇ ਜਿਥੇ ਸ਼ਬਦ ਗੂੰਜ ਰਿਹਾ ਹੈ ਬਾਣੀ ਗੁਰੂ, ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।। ਇਸ ਮੰਜ਼ਿਲ ਉਤੇ ਇਕ ਵਾਹਿਗੁਰੂ ਦੀ ਉਪਾਸਨਾ ਤੇ ਅਵਲ ਅੱਲਾ ਦੇ ਨੂਰ ਦਾ ਪਸਾਰਾ ਹੈ। ਕੋਈ ਬੋਲੈ ਰਾਮ ਰਾਮ ਕੋਇ ਖੁਦਾਇ ਕੋਇ ਸੇਵੈ ਗੁਸਈਆ ਕੋਇ ਅਲਾਹਿ।। ਜੇ ਸਉ ਚੰਦਾ ਉਗਵੈ ਸੂਰਜ ਚੜ੍ਹੇ ਹਜ਼ਾਰ ਏਤੇ ਚਾਨਣ ਹੁੰਦਿਆਂ ਗੁਰੂ ਬਿਨਿ ਘੋਰ ਅੰਧਾਰਿ।। ਈਰੀਏ ਭੰਵਿਰੀਏ ਤੂੰ ਡਿੱਠਾ ਘਰ ਕਿਹੜਾ ਅੰਬਾਂ ਵਾਲੀ ਕੋਠੜੀ ਅਨਾਰਾਂ ਵਾਲਾ ਵਿਹੜਾ ਬਾਬੇ ਨਾਨਕ ਦਾ ਘਰ ਕਿਹੜਾ।।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਚਿਤ੍ਰਾਰਥ ਕਰਦੀ ਹੋਈ ਫਿਲਮ "ਸਤਿ ਸ੍ਰੀ ਅਕਾਲ" (1977) ਨੂੰ ਚਮਨ ਨਿਲੈ ਨੇ ਡਾਇਰੈਕਟ ਕੀਤਾ ਸੀ। ਇਸ ਫਿਲਮ 'ਚ ਮੁੱਖ ਭੂਮਿਕਾਵਾਂ ਪ੍ਰੇਮ ਨਾਥ, ਕਾਮਿਨੀ ਕੌਸ਼ਲ, ਸੁਨੀਲ ਦੱਤ, ਰੀਨਾ ਰਾਏ, ਸ਼ਤਰੁਘਨ ਸਿਨਹਾ, ਪ੍ਰੀਕਸ਼ਤ ਸਾਹਨੀ ਅਤੇ ਜ਼ਾਹਿਰਾ ਨੇ ਨਿਭਾਈਆਂ ਸਨ। ਇਸ ਫਿਲਮ ਦਾ ਵਿਸ਼ੈ ਨੇਕੀ ਅਤੇ ਬਦੀ ਦੀ ਦੁਨੀਆ ਵਿਚ ਨੇਕੀ ਕਰਨ ਵਾਲੇ ਦੀ ਜਿੱਤ ਨੂੰ ਦਰਸ਼ਾਉਂਦਾ ਹੈ। ਇਸ ਫਿਲਮ ਦਾ ਟਾਈਟਲ ਸ਼ਬਦ 'ਮੇਰਾ ਮੁਝਮੇਂ ਕੁਝ ਨਹੀਂ ਜੋ ਕੁਛ ਹੈ ਸੋ ਤੇਰਾ।। ਤੇਰਾ ਤੁਝਕੋ ਸੌਂਪਤੇ ਕਿਆ ਲਗੇ ਹੈ ਮੇਰਾ।। ਕਹੁ ਨਾਨਕ ਸੁਨ ਰੇ ਮਨਾ ਕਹੇ ਸਿਮਰਤ ਗਤ ਹੋਈ, ਮੇਰਾ ਮੁਝ ਮੇਂ ।। ਆਮ ਆਦਮੀ ਨੂੰ ਦੁੱਖ ਸੁੱਖ ਬਿਸਾਰਕੇ ਨਿਰਲੇਪ ਜੀਵਨ ਜਿਉਣ ਦੀ ਪ੍ਰੇਰਨਾ ਦਿੰਦਾ ਹੈ। ਫਿਲਮ ਦੇ ਇਕ ਹੋਰ ਗੀਤ ਆਵੋ ਸੁਣਾਵਾਂ ਦੱਸ ਗੁਰੂਆਂ ਦੀ ਪਾਵਨ ਅਮਰ ਕਹਾਣੀ।। ਪ੍ਰਥਮ ਗੁਰੂ ਸੀ ਬਾਬਾ ਨਾਨਕ ਜਨਮ ਲਿਆ ਤਲਵੰਡੀ।। ਦੁਆਰਾ ਦੱਸਾਂ ਗੁਰੂਆਂ ਦੇ ਜੀਵਨ ਦਰਸ਼ਨ ਨੂੰ ਚਿਤਰਾਇਆ ਗਿਆ ਹੈ।

ਕੇ। ਪੱਪੂ ਦੀ ਨਿਰਦੇਸ਼ਿਤ ਫਿਲਮ "ਉਚਾ ਦਰ ਬਾਬੇ ਨਾਨਕ ਦਾ" (1987) ਇਹ ਰੱਬ ਨੂੰ ਮੰਨਣ ਵਾਲੇ ਉਸ ਨੇਕ ਦਿਲ ਇਨਸਾਨ ਦੀ ਕਹਾਣੀ ਹੈ ਜਿਹੜਾ ਦੂਜਿਆਂ ਦੇ ਦੁੱਖ-ਦਰਦ ਨੂੰ ਆਪਣਾ ਸਮਝਦਾ ਹੈ। ਪਰ ਉਸਦੇ ਘਰ ਕੋਈ ਔਲਾਦ ਨਹੀਂ ਸੀ। ਉਹਨੇ ਆਪਣੀ ਪਤਨੀ ਬੰਸੋ ਦੇ ਨਾਲ ਰੱਬ ਦੇ ਹਰ ਦਰ 'ਤੇ ਜਾ ਕੇ ਸਰ ਨਿਵਾਇਆ। ਇਕ ਵਾਰੀਂ ਤੀਰਥਾਂ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਉਨ੍ਹਾਂ ਨੂੰ ਇਕ ਸੁਨਸਾਨ ਜਗ੍ਹਾ 'ਤੇ ਛੋਟਾ ਜਿਹਾ ਲਾਵਾਰਸ ਬੱਚਾ ਪਿਆ ਮਿਲਿਆ। ਉਸ ਘੜੀ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ। ਰੱਬ ਦੀ ਦਿਤੀ ਇਸ ਦਾਤਿ ਨੂੰ ਉਨ੍ਹਾਂ ਨੇ ਗੁਰਸਿੱਖ ਬਣਾਇਆ ਅਤੇ ਉਸਦਾ ਨਾਂਅ ਗੁਰਦਿੱਤ ਸਿੰਘ ਰਖਿਆ। ਵਾਹਿਗੁਰੂ ਦੀ ਨਜ਼ਰ ਫੇਰ ਸੁਵੱਲੀ ਹੋਈ ਅਤੇ ਉਨ੍ਹਾਂ ਦੇ ਘਰ ਇਕ ਬੱਚੇ ਨੇ ਜਨਮ ਲਿਆ। ਦੋਨੋਂ ਬੱਚੇ ਵੱਡੇ ਹੋਏ ਤੇ ਆਪਸੀ ਝਗੜੇ ਖੜੇ ਹੋ ਗਏ। ਜ਼ੁਲਮਾਂ ਦੀ ਹਨੇਰੀ ਆਈ, ਤੇ ਸਬ ਖੇਰੂੰ ਖੇਰੂੰ ਹੋ ਗਿਆ। ਪਰ ਵਾਹਿਗੁਰੂ ਨੂੰ ਮਾਨਣ ਵਾਲੇ ਗੁਰਦਿੱਤ ਸਿੰਘ ਦੀ ਅਰਦਾਸ ਪ੍ਰਵਾਨ ਹੋਈ ਅਤੇ ਆਪਣੇ ਤੇ ਪਰਾਏ ਦੀ ਦੀਵਾਰ ਢਹਿ ਗਈ। ਇਸ ਫਿਲਮ ਦਾ ਟਾਈਟਲ ਸ਼ਬਦ 'ਮੈਂ ਸ਼ੋਭਾ ਤੇਰੀ ਸੁਨ ਕੇ ਆਇਆ।।। ਉੱਚਾ ਦਰ ਬਾਬੇ ਨਾਨਕ ਦਾ।। ਗੁਰੂ ਕਾ ਦਰਸ਼ਨ ਦੇਖ ਦੇਖ ਜੀਵਾਂ।। ਅਤੇ ਮਾਤਾ ਸੁੰਦਰੀ ਪੁਛੇ ਬਾਜਾਂ ਵਾਲਿਉ ਮੇਰੇ ਲਾਲ ਪਿਆਰੇ ਤੁਹਾਡੇ ਨਾਲ ਨਹੀਂ।। ਬਹੁਤ ਪਸੰਦ ਕੀਤੇ ਗਏ ਸਨ।

ਕਈ ਹੋਰਨਾਂ ਪੰਜਾਬੀ ਫ਼ਿਲਮਾਂ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਸੰਦੇਸ਼ ਨੂੰ ਗੀਤਾਂ ਰਾਹੀਂ ਪ੍ਰਚਾਰਿਤ ਕੀਤਾ ਗਿਆ ਹੈ। ਉਦਾਹਰਣ ਵਜੋਂ ਫਿਲਮ "ਮੁਗਲਾਨੀ ਬੇਗਮ" ਦਾ ਸ਼ਬਦ ਤੂੰ ਸੁਲਤਾਨ ਕਹਾ ਹਉ ਮੀਆ, ਤੇਰੀ ਕਵਨ ਵਡਾਈ ।। ਭਗਤਿ ਹੀਣੁ ਨਾਨਕ ਜੋ ਹੋਇਗਾ, ਤਾਂ ਖਸਮੈ ਨਾਉ ਨਾ ਜਾਈ ਸ਼ਰੀਰਕ ਸੁੱਖਾਂ ਨੂੰ ਟੋਲਦੀ ਮੁਗਲਾਨੀ ਬੇਗਮ ਨੂੰ ਸਕੂਨ ਦਿੰਦਾ ਹੈ। ਫਿਲਮ "ਸ਼ਹੀਦ ਊਧਮ ਸਿੰਘ" (1977) ਦਾ ਸ਼ਬਦ ਤੁਮ ਕਰੋ ਦਇਆ ਮੇਰੇ ਸਾਈਂ।। ਨਾਮੁ ਜਪਤ ਤ੍ਰਿਸ਼ਨਾ ਸਭ ਬੁਝੀ ਹੈ, ਨਾਨਕ ਤ੍ਰਿਪਤੀ ਅਘਾਈ।। ਬਲ ਹੁਆ ਬੰਧਨ ਛੁਟੈ ਸਬ ਕੁਛ ਹੋਤਿ ਉਪਾਇ ਨਾਨਕ ਸਭ ਕੁਛ ਤੁਮਰੇ ਹਾਥ ਮੇਂ ਤੁਮ ਹੀ ਹੋਤਿ ਸਹਾਇ।।

ਆਜ਼ਾਦੀ ਦੇ ਘੁਲਾਟੀਆਂ ਨੂੰ ਦੇਸ਼ ਤੇ ਕੁਰਬਾਨ ਹੋਣ ਦੀ ਤਾਕਤ ਬਖਸ਼ਦਾ ਹੈ। ਫਿਲਮ "ਮੋਰਨੀ" (1975) ਦਾ ਸ਼ਬਦ ਦੀਨ ਦਰਦ ਦੁੱਖ ਭੰਜਨਾ ਘਟ ਘਟ ਨਾਥ ਅਨਾਥ ਸ਼ਰਨ ਤੁਮ੍ਹਾਰੀ ਆਈਓ ਨਾਨਕ ਕੇ ਪ੍ਰਬ ਸਾਥ ਗਰੀਬ ਬੰਦੇ ਦੇ ਦੁੱਖ ਦਰਦ 'ਚ ਸਹਾਈ ਹੁੰਦਾ ਹੈ। "ਦੂਰ ਨਹੀਂ ਨਨਕਾਣਾ" (1999)- ਬਾਬਾ ਜੀ ਨਨਕਾਣੇ ਵਾਲਿਆ।।

ਫ਼ਿਲਮ "ਨਾਨਕ ਨਾਮ ਜਹਾਜ਼ ਹੈ" ਨੂੰ ਮਿਲਣ ਵਾਲੀ ਸਫ਼ਲਤਾ ਨੂੰ ਬਾਅਦ 'ਚ ਹੋਰ ਕੋਈ ਨਿਰਮਾਤਾ ਦੁਹਰਾ ਨਹੀਂ ਸਕਿਆ ਕਿਉਂਕਿ ਧਾਰਮਿਕਤਾ ਦੇ ਨਾਂਅ 'ਤੇ ਸਸਤਾਪਨ ਹੀ ਦਰਸ਼ਕਾਂ ਅੱਗੇ ਪਰੋਸਿਆ ਗਿਆ ਸੀ। ਫ਼ਿਲਮ ਦਾ ਟਾਈਟਲ ਤਾਂ ਧਾਰਮਿਕ ਪ੍ਰਵਿਰਤੀਆਂ ਨੂੰ ਪ੍ਰਤੀਬਿੰਬਤ ਕਰਦਾ ਹੁੰਦਾ ਸੀ, ਪਰ ਇਸ ਦਾ ਅਸਲੀ ਰੂਪ ਤਾਂ ਰੁਮਾਂਸ, ਐਕਸ਼ਨ ਨੂੰ ਹੀ ਪ੍ਰਮੁੱਖਤਾ ਦਿੰਦਾ ਹੁੰਦਾ ਸੀ। ਪੰਜਾਬੀ ਧਾਰਮਿਕ ਫ਼ਿਲਮਾਂ ਵਿਚਲੇ ਕਲਾਕਾਰਾਂ ਦਾ ਸਿੱਖੀ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ। ਅਫਸੋਸ ਹੈ ਕਿ ਅਸੀਂ ਆਪਣੇ ਅਮੀਰ ਧਾਰਮਿਕ ਵਿਰਸੇ ਨੂੰ ਭੁਲਾ ਬੈਠੇ ਹਾਂ।

ਹੁਣ ਜਦੋਂ ਕਿ ਪੰਜਾਬੀ ਸਿਨੇਮਾ 'ਚ ਧਾਰਮਿਕ ਫ਼ਿਲਮਾਂ ਦਾ ਦੌਰ ਲਗਭਗ ਮਨਫ਼ੀ ਹੀ ਹੋ ਚੁੱਕਿਆ ਹੈ ਤਾਂ ਲੋੜ ਹੈ ਸਿੱਖ-ਸੰਸਥਾਵਾਂ ਤੇ ਸਿੱਖ ਸ਼ਖ਼ਸੀਅਤਾਂ ਦੇ ਅੱਗੇ ਆਉਣ ਦੀ ਤਾਂ ਜੋ ਪੰਜਾਬ ਦੇ ਇਸ ਵਿਰਸੇ ਨੂੰ ਸਾਰਥਕ ਅਤੇ ਸੁਹਰਜਾਤਮਕ ਲਹਿਜ਼ੇ 'ਚ ਪੇਸ਼ ਕਰਕੇ ਬਚਾਇਆ ਜਾ ਸਕੇ।

ਸਿੱਖ ਧਰਮ ਤੇ ਸਿੱਖੀ ਦੇ ਫਲਸਫ਼ੇ 'ਤੇ ਵਧੀਆ ਤੇ ਮਿਆਰੀ ਫ਼ਿਲਮਾਂ ਬਣਾਈਆਂ ਜਾ ਸਕਦੀਆਂ ਹਨ। ਸਿੱਖ ਧਰਮ ਦੀ ਮਹਾਨਤਾ, ਇਤਿਹਾਸ ਅਤੇ ਕੁਰਬਾਨੀਆਂ ਨੂੰ "ਚਾਰ ਸਾਹਿਬਜ਼ਾਦੇ" ਫ਼ਿਲਮ ਦੇ ਰੂਪ ਵਿੱਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਸੀ। ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਫਲੋਰਦੀ 3ਡੀ ਐਨੀਮੇਟਡ ਫ਼ਿਲਮ "ਦਾਸਤਾਨ-ਏ-ਮੀਰੀ ਪੀਰੀ" ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਇਕ ਬਹੁਤ ਵੱਧੀਆ ਉਪਰਾਲਾ ਸੀ। ਅਜਿਹੀ ਹੀ ਇੱਕ ਹੋਰ ਧਾਰਮਿਕ ਫਿਲਮ "ਮਿੱਟੀ ਦਾ ਬਾਵਾ" ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਤਸਵ ਨੂੰ ਸਮੱਰਪਤ ਬਣਾਈ ਗਈ ਹੈ, ਜੋ 18 ਅਕਤੂਬਰ, 2019 ਨੂੰ ਰਿਲੀਜ਼ ਕੀਤੀ ਗਈ। ਇਹ ਫ਼ਿਲਮ ਦੁਨਿਆਵੀਂ ਧੰਦਿਆਂ ਵਿੱਚ ਫਸੇ ਮਨੁੱਖ ਨੂੰ ਦੋ ਘੜੀ ਨਾਮ ਦਾ ਸਿਮਰਨ ਕਰਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਦੀ ਸਿਖਿਆ ਦਿੰਦੀ ਹੈ।

50 ਵਰ੍ਹੇ ਪਹਿਲਾਂ ਜਦ "ਨਾਨਕ ਨਾਮ ਜਹਾਜ਼ ਹੈ" ਰਿਲੀਜ਼ ਹੋਈ ਸੀ ਤਾਂ ਇਹ ਇਕ ਬਲਾਕਬਸਟਰ ਪੰਜਾਬੀ ਫ਼ਿਲਮ ਸਾਬਿਤ ਹੋਈ ਸੀ। ਹੁਣ ਦੁਬਾਰਾ ਇਸੇ ਨਾਂਅ ਹੇਠ, ਪਰ ਨਵੇਂ ਵਿਸ਼ੇ ਨੂੰ ਲੈਕੇ ਰਾਈਟ ਇਮੇਜ ਮੀਡੀਆ ਪ੍ਰਾਈਵੇਟ ਲਿਮਿਟਿਡ ਨੇ ਫ਼ਿਲਮ "ਨਾਨਕ ਨਾਮ ਜਹਾਜ਼ ਹੈ" ਬਣਾਉਣੀ ਸ਼ੁਰੂ ਕੀਤੀ ਸੀ। ਇਸ ਤਰ੍ਹਾਂ ਦੀਆਂ ਫ਼ਿਲਮਾਂ ਆਉਣ ਵਾਲੀਆਂ ਪੀੜੀਆਂ ਨੂੰ ਆਪਣੇ ਇਤਿਹਾਸ ਨਾਲੋਂ ਟੁੱਟਣ ਤੋਂ ਬਚਾਉਣ ਅਤੇ ਧਰਮ ਵਿੱਚ ਘੱਟਦੀ ਰੁੱਚੀ ਨੂੰ ਮੁੜ ਜਿਓਂਦਾ ਕਰਨ ਲਈ ਬਹੁਤ ਅਹਿਮ ਯੋਗਦਾਨ ਪਾ ਸਕਦੀਆਂ ਹਨ। ਆਸ ਹੈ ਕਿ ਸਿੱਖ ਧਰਮ ਦੇ ਮਾਣਮੱਤੇ ਇਤਿਹਾਸ ਨੂੰ ਲੋਕਾਂ ਤੱਕ ਪਹੁਚਾਉਣ ਦਾ ਇਹ ਯਤਨ ਸਫਲ ਹੋਵੇਗਾ।

ਅੱਜ ਦੀ ਨਵੀਂ ਪੀੜ੍ਹੀ ਭਾਰਤੀ ਜੀਵਨ ਦਰਸ਼ਨ, ਧਾਰਮਿਕ ਰੀਤੀ ਰਿਵਾਜਾਂ ਅਤੇ ਤਿਉਹਾਰਾਂ ਪ੍ਰਤੀ ਨਿੱਘਾ ਲਗਾਅ ਰੱਖਦੀ ਹੈ। ਫਿਲਮ ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਸੰਸਕ੍ਰਿਤੀ, ਸੱਭਿਚਾਰ ਅਤੇ ਵਿਰਾਸਤ ਨਾਲ ਜੁੜੇ ਵਿਸ਼ਿਆਂ ਨੂੰ ਲੈਕੇ ਸਾਰਥਿਕ ਸਿਨੇਮਾ ਦਾ ਸਿਰਜਣ ਕਰਨ। ਕੀ ਅੱਜਕਲ੍ਹ ਦੇ ਫਿਲਮ ਨਿਰਮਾਤਾ ਆਉਣ ਵਾਲੀ ਪੀੜ੍ਹੀ ਨੂੰ ਪ੍ਰੰਪਰਾਗਤ ਆਦਰਸ਼ਾਂ ਅਤੇ ਮੁੱਲਾਂ ਨਾਲ ਜੋੜਣ ਵਾਸਤੇ ਆਪਣਾ ਜ਼ਰੂਰੀ ਯੋਗਦਾਨ ਪਾਉਣ ਲਈ ਇਕ ਵਾਰੀਂ ਫੇਰ ਧਾਰਮਿਕ ਤੇ ਸਮਾਜਿਕ ਪੱਖੋਂ ਮਜਬੂਤ ਸਿਨਮੇ ਵੱਲ ਕਦਮ ਵਧਾਉਣਗੇ?

## ਵਿਅੰਗ/ ਫੁਕਰਿਆਂ ਤੋਂ ਬਚ ਕੇ!

ਅੱਗਾ-ਪਿੱਛਾ ਇਨ੍ਹਾਂ ਦਾ ਪਛਾਣ ਲਈਏ ਦੋਸਤੋ ਜੀ
'ਮਾਲਕਾਂ' ਦੀ ਸ਼ਹਿ 'ਤੇ ਜੋ ਬੱਦਲ਼ ਵਾਂਗ ਗੱਜਦੇ।
ਮੂੰਹ-ਜੋਰ ਫੁਕਰੇ ਇਹ ਪਾੜੇ ਪਾਈ ਜਾਣ ਜਿਹੜੇ
ਸ਼ਾਂਤੀ ਤੇ ਪਿਆਰ ਸਹਿਜ ਨਾਲ਼ ਰਹੀਏ ਕੱਜਦੇ।
ਫੁੱਟੀ ਅੱਖ ਭਾਵੇ ਨਾ ਅਮਨ ਲੂਤੀ ਲਾਉਣਿਆਂ ਨੂੰ
ਜਾਨ ਲੈ ਬੇਦੋਸ਼ਿਆਂ ਦੀ 'ਦੈਂਤ' ਨਹੀਂਉਂ ਰੱਜਦੇ।
ਮਾਰੂ ਤੇ ਕਮੀਨੀਆਂ ਸਿਆਸਤਾਂ ਦੇ ਮੋਹਰੇ ਬਣ
ਮੌਤ ਵਾਲ਼ਾ ਤਾਂਡਵ ਨਚਾਉਣਾ ਨਹੀਂ ਤੱਜਦੇ।
ਹੋਊ ਗਾ ਭਵਿੱਖ ਚੰਗਾ ਹੋ ਕੇ ਜੇ ਇਕੱਠੇ ਆਪਾਂ
ਲਈਏ ਜੀ ਸੁਧਾਰ ਜੋ ਹਾਲਾਤ ਮਾੜੇ ਅੱਜ ਦੇ।
ਪਾਣੀ ਪਾ ਅਕਲ ਵਾਲ਼ਾ ਭਾਂਬੜ ਬੁਝਾਈਏ ਯਾਰੋ
ਅੱਗ ਲਾ ਕੇ 'ਡੱਬੂ' ਤਾਂ ਨਿਆਈਆਂ ਵੱਲ੍ਹ ਭੱਜਦੇ।



ਤਰਲੋਚਨ ਸਿੰਘ ਦੁਪਾਲ ਪੁਰ
78146-92724

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।



## November 11-12-13, 2022
## Sri Guru Nanak Dev Ji's "Parkash Utsav"



**Sri Guru Nanak Dev Ji's Parkash Utsav** will be celebrated at Gurughar on **November 13, 2022.** Akhand path will start on Friday 11/11/22, at 10:00 AM and will conclude with Bhog ceremony on Sunday morning 11/13/2022. Late Pt. Kewal Krishan Sudhir and Nirmal Devi Sudhir's son Varinder Kumar Sudhir with his wife Renu Bala Sudhir, sons Puneet Sudhir and Ankush Sudhir, will host the Akhand Path and Langar Sewa.

Famous jatha of Bhai Vijay Singh ji and Gurughar jatha of Bhai Balwinder Singh ji will delight Sangat with Shabad Kirtan.

Hoisting of **NISHAN SAHIB** ( Nishan Sahib Sewa) Nishan Sahib Hoisting Ceremony will be held on November 12 (Saturday) at 11:00 AM. Bhai Hardial Singh Banga and Bibi Kulwant Banga will be doing the Nishan Sahib Chola Sewa. The entire Sangat and the Managing Committee is thankful to Banga family for their Sewa of getting new hydraulic Nishan Sahib installed.

**Ist Parbhat Pheri will be at 6:00 AM on Saturday, November 12, 2022.**

Sangat is requested to come and get Guru Sahib's blessings.
May Waheguru bless the dedicated Sudhir Family and Banga Family in Chardi Kala.

**www.sriguruuravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |